ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum


(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 27 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੩ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਅਦਾਰਾ 'ਆਵਾਜ਼ਿ ਕੌਮ' ਵੱਲੋਂ

## ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

## ਸ਼ਹੀਦੀ ਹਫ਼ਤਾ (੧੩ ਪੋਹ)

**ਸਿੱਖ ਧਰਮ ਵਿੱਚ 21 ਦਸੰਬਰ ਤੋਂ ਲੈ ਕੇ ਅਗਲਾ ਇੱਕ ਹਫ਼ਤਾ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰਾ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਰੋਜ਼ਾਨਾ ਦੱਸ ਰਹੇ ਹਾਂ।**



**ਠੰਡੇ ਬੁਰਜ** ਵਿੱਚ ਕੈਦ ਸਾਹਿਬਜ਼ਾਦਿਆਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੱਦ ਪਿਆਰ ਨਾਲ ਤਿਆਰ ਕਰਕੇ ਦੋਬਾਰਾ ਸੂਬੇ ਦੀ ਕਚਹਿਰੀ ਵਿੱਚ ਭੇਜਿਆ। ਇੱਥੇ ਇੱਕ ਵਾਰ ਫਿਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਫਿਰ ਮਨਾ ਕਰ ਦਿੱਤਾ। ਇੱਕ ਵਾਰ ਫਿਰ ਜੈਕਾਰੇ ਲੱਗਣ ਲੱਗੇ। ਇਹ ਸੁਣ ਵਜ਼ੀਰ ਖ਼ਾਨ ਤਿਲਮਿਲਾ ਉੱਠਿਆ ਅਤੇ ਉਸਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਇਹ ਸੁਣਕੇ ਵੀ ਛੋਟੇ ਸਾਹਿਬਜਦਿਆਂ ਦਾ ਹੌਸਲਾ ਨਹੀਂ ਡਗਮਗਾਇਆ। ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਕਰਵਾ ਦਿੱਤਾ। ਜਿਉਂ ਹੀ ਮਾਤਾ ਗੁਜਰੀ ਜੀ ਤੱਕ ਇਹ ਖ਼ਬਰ ਪਹੁੰਚੀ, ਉਨ੍ਹਾਂ ਨੇ ਵੀ ਪ੍ਰਾਣ ਤਿਆਗ ਦਿੱਤੇ ਅਤੇ ਇਸ ਇੱਕ ਦਿਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ••

ਆਵਾਜ਼ਿ ਕੌਮ
AWAZE QAUM
International Newspaper & WEB TV


# ਸਮੇਂ ਦੇ ਇਤਿਹਾਸ ਤੇ ਆਪਣੇ ਹੋਂਦ ਦੇ ਡੂੰਘੇ ਨਿਸ਼ਾਨ ਛਡਣ ਵਾਲੇ ਗੁਰੂ ਗੋਬਿੰਦ ਸਿੰਘ ਜੀ

**ਸਮੇਂ** ਦੇ ਇਤਿਹਾਸ ਤੇ ਆਪਣੇ ਹੋਂਦ ਦੇ ਡੂੰਘੇ ਨਿਸ਼ਾਨ ਛਡਣ ਵਾਲੇ ਇਸ ਅਲਾਹੀ ਨੂਰ ਦਾ ਹਿੰਦੁਸਤਾਨ ਦੀ ਧਰਤੀ ਤੇ ਜਨਮ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਦੇ ਘਰ ਪਟਨਾ, ਬਿਹਾਰ 22 ਦਸੰਬਰ 1666 ਵਿਖੇ ਹੋਇਆ। ਉਨ੍ਹਾ ਦੇ ਜਨਮ ਵੇਲੇ ਹਿੰਦੁਸਤਾਨ, ਖਾਸ ਕਰਕੇ ਪੰਜਾਬ ਦੇ ਹਾਲਤ ਬਹੁਤ ਖਰਾਬ ਸਨ। 1657 ਵਿਚ ਔਰੰਗਜ਼ੇਬ ਨੇ ਕਈ ਕੋਝੀਆਂ ਚਾਲਾਂ ਚਲ ਕੇ ਹਕੂਮਤ ਦੀ ਵਾਗ ਡੋਰ ਆਪਣੇ ਹਥ ਵਿਚ ਲੈ ਲਈ, ਜਿਸਦੀ ਖਾਤਰ ਭਰਾਵਾਂ ਦੇ ਖੂਨ ਨਾਲ ਹਥ ਰੰਗੇ, ਸ਼ਾਹਜਹਾਂ ਨੂੰ ਆਗਰੇ ਦੇ ਕਿਲੇ ਵਿਚ ਕੈਦ ਕੀਤਾ। ਅਨੇਕਾਂ ਮੁਸਲਮਾਨਾ, ਜਿਨਾਂ ਨੇ ਦਾਰਾ ਸ਼ਿਕੋਹ ਦੀ ਮਦਤ ਕੀਤੀ ਸੀ ਅਕਿਹ ਤੇ ਅਸਿਹ ਕਸ਼ਟ ਦੇਕੇ ਕਤਲ ਕੀਤਾ, ਪੀਰਾਂ ਫਕੀਰਾਂ ਤੇ ਜ਼ੁਲਮ ਢਾਹੇ, ਜਿਸਦੀ ਦੀ ਖਾਤਿਰ ਮੁਸਲਮਾਨਾ ਦਾ ਬਹੁਤ ਵਡਾ ਹਿੱਸਾ ਉਸਦੇ ਖਿਲਾਫ਼ ਹੋ ਗਿਆ ਤੇ ਹਰ ਪਾਸੇ ਬਗਾਵਤ ਦੇ ਅਸਾਰ ਨਜਰ ਅਓਣ ਲਗੇ।

ਜਨੂੰਨੀ ਮੁਸਲਮਾਨ ਜਿਨ੍ਹਾ ਦੀ ਮਦਤ ਨਾਲ ਓਹ ਤਖ਼ਤ ਤੇ ਬੈਠਾ ਸੀ, ਉਹਨਾ ਨੂੰ ਖੁਸ਼ ਕਰਨ ਲਈ, ਆਪਣੇ ਗੁਨਾਹਾਂ ਤੇ ਪੜਦਾ ਪਾਣ ਲਈ ਤੇ ਆਪਣੀ ਵਿਗੜੀ ਸਾਖ ਬਨਾਓਣ ਲਈ ਉਸਨੇ ਤਲਵਾਰ ਦਾ ਰੁਖ ਹਿੰਦੂਆਂ ਵਲ ਮੋੜ ਦਿਤਾ। ਉਨ੍ਹਾ ਦੇ ਜੰਜੂ ਉਤਾਰਨੇ, ਜਬਰੀ ਜਾਂ ਧੰਨ, ਦੋਲਤ, ਨੋਕਰੀ ਤੇ ਅਹੁਦਿਆਂ ਦੇ ਲਾਲਚ ਦੇਕੇ ਮੁਸਲਮਾਨ ਬਣਾਓਣਾ, ਜਜਿਆ ਟੈਕ੍ਸ ਵਿਚ ਸਖਤੀ ਕਰਨਾ , ਚਾਰੋਂ ਪਾਸੇ ਮੰਦਰ ਗੁਰੁਦਵਾਰਿਆਂ ਦੀ ਢਾਹੋ ਢੇਰੀ, ਸੰਸਕ੍ਰਿਤ ਪੜਨ, ਮੰਦਰ ਵਿਚ ਉਚੇ ਕਲਸ਼ ਲਗਾਣ ਤੇ ਸੰਖ ਵਜਾਓਣ ਦੀ ਮਨਾਹੀ, ਬਹੂ ਬੇਟੀਆਂ ਨੂੰ ਦਿਨ ਦਿਹਾੜੇ ਚੁਕਕੇ ਲੇ ਜਾਣਾ, ਡੋਲੇ ਵਿਚ ਨਵੀਆਂ ਆਈਆਂ ਦੁਲਹਨਾ ਨੂੰ ਕਢ ਕੇ ਆਪਣੇ ਹੇਰਮ ਵਿਚ ਪਾ ਦੇਣਾ, ਬਛੜੇ ਦੇ ਖਲ ਵਿਚ ਹਿੰਦੂਆਂ ਨੂੰ ਪਾਣੀ ਸੁਪਲਾਈ ਕਰਨਾ , ਕੇਹੜੇ ਕੇਹੜੇ ਜੁਲਮ ਉਸ ਦੇ ਰਾਜ ਵਿਚ ਪਰਜਾ ਤੇ ਨਹੀਂ ਕੀਤੇ ਗਏ ? ਭਾਰਤ ਦਾ ਮਾਨ ਸਤਕਾਰ ਖਤਮ ਹੋ ਚੁਕਾ ਸੀ, ਮਨੋਬਲ ਟੁਟ ਚੁਕਾ ਸੀ। ਆਪਣੇ ਵੀ ਕੋਈ ਘਟ ਨਹੀਂ ਸਨ। ਰਾਜੇ ਮਹਾਰਾਜੇ, ਹਾਕਮ ਪੰਡਿਤ, ਪੀਰ ਫਕੀਰ ਸਭ ਦੀ ਜਮੀਰ ਖਤਮ ਹੋ ਚੁਕੀ ਸੀ ਆਪਣੀ ਐਸ਼ ਇਸ਼ਰਤ ਲਈ ਆਏ ਦਿਨ ਪਰਜਾ ਤੇ ਜ਼ੁਲਮ ਕਰਨਾ ਤੇ ਲੁਟ ਖਸੁਟ ਕਰਨਾ ਉਨ੍ਹਾ ਦਾ ਪੇਸ਼ਾ ਬਣ ਚੁਕਾ ਸੀ।

ਜਦੋ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ, ਗੁਰੂ ਤੇਗ ਬਹਾਦਰ ਸਹਿਬ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦੇ ਸਿਖੀ ਪ੍ਰਚਾਰ ਲਈ ਬੰਗਾਲ ਤੇ ਅਸਾਮ ਦੇ ਲੰਮੇ ਦੌਰੇ ਤੇ ਗਏ ਹੋਏ ਸੀ। ਜਦ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦੀ ਖਬਰ ਮਿਲੀ ਤਾਂ ਸਿਖਾਂ ਨੂੰ ਹੁਕਮਨਾਮਾ ਭੇਜਿਆ, ਪਰਿਵਾਰ ਦੀ ਦੇਖ ਰੇਖ ਕਰਨ ਲਈ ਤੇ ਮਾਤਾ ਗੁਜਰੀ ਨੂੰ ਸਨੇਹਾ, ਕੀ ਬਚੇ ਦਾ ਨਾਂ ਗੋਬਿੰਦ ਰਾਇ ਰਖਣਾ। ਇਥੇ ਹੀ ਪੀਰ ਭੀਖਣ ਸ਼ਾਹ ਜੋ ਇਕ ਨਾਮੀ ਮੁਸਲਿਮ ਫਕੀਰਸੀ ਲਖਨੋਰ ਤੋਂ ਚਲ ਕੇ ਆਪਜੀ ਦੇ ਦਰਸ਼ਨ ਕਰਨ ਆਏ ਤੇ ਦਰਸ਼ਨ ਕਰਦਿਆਂ ਸਾਰ ਉਨ੍ਹਾ ਨੂੰ ਹਿੰਦੂ ਮੁਸਲਮਾਨਾ ਦਾ ਸਾਂਝਾ ਅਲਾਹੀ ਨੂਰ ਹੋਣ ਦਾ ਐਲਾਨ ਕੀਤਾ।

ਜਨਮ ਤੋਂ ਲੇਕੇ 5, 1/2 ਸਾਲ ਉਹ ਪਟਨਾ ਜਾ ਇਉਂ ਕਹਿ ਲਉ ਆਨੰਦਪੁਰ ਦਾ ਕਿਲਾ ਛਡਣ ਤਕ ਮਾਤਾ ਗੁਜਰੀ ਦੀ ਦੇਖ ਰੇਖ ਵਿਚ ਰਹੇ। ਮੁਢਲੀ ਵਿਦਿਆ ਗੁਰਬਾਣੀ. ਗੁਰਮੁਖੀ ਤੇ ਬਿਹਾਰੀ ਇਹਨਾ ਨੇ ਇਥੋਂ ਹੀ ਸਿਖੀ। ਬਚਪਨ ਤੋਂ ਹੀ ਇਨ੍ਹਾ ਦੇ ਸ਼ੋਕ ਬਾਕੀ ਬਚਿਆਂ ਤੋ ਬਿਲਕੁਲ ਅੱਲਗ ਸਨ ਜਿਵੇ ਮਾਰਸ਼ਲ ਗੈਮਸ, ਮੋਕ ਫਾਇਟ ਆਦਿ। ਜਿਤਣ ਵਾਲਿਆਂ ਨੂੰ ਇਨਾਮ ਦੇਣੇ, ਤੀਰ ਕਮਾਨ ਤੇ ਗੁਲੇਲ ਦੇ ਨਿਸ਼ਾਨੇ ਬੰਨਣਾ, ਗੰਗਾ ਵਿਚ ਬੇੜੀ ਚਲਾਣੀ ਤੇ ਅਲਗ ਅਲਗ ਮੋਕਿਆਂ ਤੇ ਫੌਜੀ ਚਾਲਾਂ ਬਾਰੇ ਦੋਸਤਾਂ ਵਿਚ ਬਹਿਸ ਕਰਨਾ। ਕਿਸੇ ਦੇ ਘੜੇ ਤੋੜਨਾ ਤੇ ਕਿਸੇ ਦੀਆ ਪੂਣੀਆਂ ਬਖੇਰਨੀਆਂ ਸਿਰਫ ਇਸ ਕਰਕੇ ਕਿ ਜਦੋਂ ਓਹ ਮਾਤਾ ਜੀ ਕੋਲ ਸ਼ਕਾਇਤ ਲੇਕੇ ਆਓਣ ਤਾਂ ਮਾਤਾ ਜੀ ਓਨ੍ਹਾ ਨੂੰ ਦੂਣੇ ਚੋਣੇ ਪੇਸੇ ਦੇਕੇ ਅਮੀਰ ਕਰ ਦੇਣ।




ਸੂਝਵਾਨ ਤੇ ਧਰਮੀ ਮਨੁਖਾਂ ਨੂੰ ਗੋਬਿੰਦ ਰਾਇ ਰਬੀ ਨੂਰ ਦਿਖਦੇ। ਪੰਡਿਤ ਸ਼ਿਵ ਦਾਸ ਆਪਜੀ ਨੂੰ ਕ੍ਰਿਸ਼ਨ ਦਾ ਰੂਪ ਜਾਣ ਕੇ ਸਤਕਾਰਦਾ। ਜਦੋ ਵੀ ਉਹ ਨਦੀ ਦੇ ਕਿਨਾਰੇ ਬੈਠ ਕੇ ਤਪਸਿਆ ਕਰਣ ਵਿਚ ਲੀਨ ਹੁੰਦਾ ਤਾਂ ਗੋਬਿੰਦ ਰਾਏ ਮਲਕੜੇ ਜਹੇ ਆਕੇ ਪੰਡਤ ਦੇ ਕੰਨਾ ਵਿਚ, " ਪੰਡਤ ਜੀ ਝਾਤ " ਕਹਿੰਦੇ ਤਾ ਬਜਾਏ ਗੁਸੇ ਦੇ ਉਹ ਬਹੁਤ ਖੁਸ਼ ਹੁੰਦਾ। ਨਵਾਬ ਕਰੀਮ ਤੇ ਨਵਾਬ ਰਹੀਮ ਬਖਸ਼ ਗੁਰੂ ਤੇਗ ਬਹਾਦਰ ਦੇ ਸ਼ਰਧਾਲੂ ਸਨ, ਗੋਬਿੰਦ ਰਾਇ ਨੂੰ ਇਤਨਾ ਪਿਆਰ ਕਰਦੇ ਸੀ ਕੇ ਇਕ ਪਿੰਡ ਤੇ ਦੋ ਬਾਗ ਗੁਰੂ ਸਹਿਬ ਦੇ ਨਾਂ ਲਗਵਾ ਦਿਤੇ।

ਬੰਗਾਲ ਬਿਹਾਰ ਤੇ ਅਸਾਮ ਦੇ ਲੰਬੇ ਪ੍ਰਚਾਰਿਕ ਦੌਰੇ ਮਗਰੋਂ 1675 ਤੇ ਆਸ -ਪਾਸ ਗੁਰੂ ਤੇਗ ਬਹਾਦਰ ਨੇ ਛੇਤੀ ਹੀ ਵਾਪਸ ਆਓਣ ਦਾ ਫੈਸਲਾ ਕਰ ਲਿਆ, ਸ਼ਾਇਦ ਔਰੰਗਜ਼ੇਬ ਦੀਆਂ ਸਖਤੀਆਂ ਦੇ ਕਾਰਨ, ਏਨੀ ਛੇਤੀ ਕਿ ਪੁਤਰ ਦਾ ਮੂੰਹ ਦੇਖਣ ਵੀ ਨਾ ਜਾ ਸਕੇ। ਸੰਗਤਾ ਨੂੰ ਹੁਕਮਨਾਮਾ ਭੇਜਿਆ ਕੀ ਸਾਡੇ ਪਰਿਵਾਰ ਦੀ ਦੇਖ ਰੇਖ ਕਰਨਾ ਤੇ ਮੁੜ ਹੁਕਮਨਾਮਾ ਆਓਣ ਤੇ ਪੰਜਾਬ ਭੇਜ ਦੇਣਾ। 7 ਸਾਲ ਦੇ ਲੰਬੇ ਅਰਸੇ ਪਿਛੋਂ ਗੁਰੂ ਤੇਗ ਬਹਾਦਰ ਵਾਪਿਸ ਆਨੰਦਪੁਰ ਸਾਹਿਬ, ਚਕ ਨਾਨਕੀ ਆਏ ਤੇ ਬਾਦ ਵਿਚ ਪਰਿਵਾਰ ਨੂੰ ਵੀ ਇਥੇ ਸਦ ਲਿਆ।

ਗੋਬਿੰਦ ਰਾਇ ਪਟਨਾ ਵਿਚ ਆਪਣੀਆਂ ਬਹੁਤ ਸਾਰੀਆਂ ਯਾਦਾਂ ਛੋੜ ਕੇ ਗਏ ਸੀ , ਆਪਣੇ ਬਚਪਨ ਦੇ ਦੋਸਤ, ਪਟਨਾ ਵਾਸੀ ਜਿਵੇ ਪੰਡਿਤ ਸ਼ਿਵ ਦਤ, ਰਾਜਾ ਫ਼ਤੇਹ ਚੰਦ ਮੈਨੀ ਤੇ ਹੋਰ ਬਹੁਤ ਸਾਰੇ ਪਟਨਾ ਵਾਸੀ ਜਿਨ੍ਹਾਂ ਨਾਲ ਉਨ੍ਹਾ ਦਾ ਵਾਹ ਪਿਆ, ਜੋ ਉਨ੍ਹਾ ਨੂੰ ਬੇਹਦ ਪਿਆਰ ਕਰਦੇ ਸੀ। ਰਾਜਾ ਫ਼ਤਿਹ ਚੰਦ ਦੇ ਘਰ ਔਲਾਦ ਨਹੀਂ ਸੀ। ਇਕ ਦਿਨ ਅਚਾਨਕ ਜਦ ਰਾਣੀ ਆਪਣੇ ਪੁਤ ਦੀ ਕਾਮਨਾ ਕਰਦੇ ਕਰਦੇ ਧਿਆਨ ਵਿਚ ਜੁੜ ਗਈ ਤਾਂ ਅਚਾਨਕ ਗੋਬਿੰਦ ਰਾਇ ਉਨ੍ਹਾ ਦੀ ਗੋਦੀ ਵਿਚ ਬੈਠ ਗਏ, ' ਮਾਂ ਮੈਂ ਆ ਗਿਆ ਹਾਂ "। ਉਸਤੋ ਬਾਦ ਰਾਣੀ ਦੇ ਦਿਲ ਵਿਚ ਪੁਤ ਦੀ ਚਾਹ ਹੀ ਖਤਮ ਹੋ ਗਈ, ਗੋਬਿੰਦ ਰਾਇ ਨੂੰ ਹੀ ਆਪਣਾ ਪੁਤਰ ਸਮਝਣ ਲਗ ਪਏ। ਫਤਹਿ ਚੰਦ ਤੇ ਰਾਣੀ ਬਾਲ ਗੁਰੂ ਨੂੰ ਇਤਨਾ ਪਿਆਰ ਕਰਦੇ ਸੀ ਕਿ ਉਨਾਂ ਦਾ ਘਰ ਹੀ ਗੁਰੂਦਵਾਰਾ ਬਣ ਗਿਆ ਜਿਥੇ ਨਿਤ ਪੂੜੀਆਂ ਛੋਲਿਆਂ ਦਾ ਲੰਗਰ ਬਾਲ ਗੁਰੂ ਤੇ ਉਨ੍ਹਾ ਦੇ ਦੋਸਤਾਂ ਵਾਸਤੇ ਬਣਦਾ, ਤੇ ਓਹ ਬਹੁਤ ਪਿਆਰ ਨਾਲ ਖਾਂਦੇ।

ਆਨੰਦਪੁਰ ਦੀ ਵਾਪਸੀ ਵਕਤ ਪਟਨਾ ਵਾਸੀਆਂ ਨੇ ਓਨ੍ਹਾ ਨੂੰ ਬੜੇ ਪਿਆਰ ਸਤਕਾਰ ਤੇ ਨਮ ਅਖਾਂ ਨਾਲ ਵਿਦਾ ਕੀਤਾ। ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਜ਼ਾ , ਪਰਾਗ, ਥਨੇਸਰ, ਸਹਾਰਨਪੁਰ ਤੋਂ ਹੁੰਦੇ ਹੋਏ ਲਖਨੋਰ ਪਹੁੰਚੇ, ਜਿਥੇ ਓਹ ਕੁਛ ਦਿਨ ਠਹਿਰੇ ਵੀ। ਇਥੇ ਪੀਰ ਭੀਖਣ ਸ਼ਾਹ ਉਨ੍ਹਾ ਨੂੰ ਦੁਬਾਰਾ ਮਿਲਣ ਵਾਸਤੇ ਆਏ। ਕੀਰਤਪੁਰ ਪਹੁੰਚ ਕੇ ਆਪ ਤਾਏ ਸੂਰਜ ਮਲ ਦੇ ਪੋਤਰਿਆਂ ਨੂੰ ਮਿਲੇ। ਬਾਬਾ ਗੁਰਦਿਤਾ, ਗੁਰੂ ਹਰਿ ਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਇ ਸਾਹਿਬ ਦੇ ਪਵਿਤਰ ਅਸਥਾਨਾ ਦੇ ਦਰਸ਼ਨ ਕੀਤੇ। ਜਦ ਆਨੰਦਪੁਰ ਸਾਹਿਬ ਦੇ ਨੇੜੇ ਪਹੁੰਚੇ ਤਾ ਜਲੂਸ ਦੀ ਸ਼ਕਲ ਵਿਚ ਸਿਖ ਸੰਗਤਾ ਅਗੋਂ ਲੈਣ ਵਾਸਤੇ ਆਈਆਂ। ਸਾਰੇ ਨਗਰ ਵਿਚ ਘਰ ਘਰ ਖੁਸ਼ੀ ਮਨਾਈ ਗਈ, ਦੀਪ ਮਾਲਾ ਹੋਈ ਪਿਓ-ਪੁਤਰ ਦਾ ਬੜਾ ਪਿਆਰਾ ਤੇ ਨਿਘਾ ਮੇਲ ਹੋਇਆ।

ਇਹ ਆਨੰਦਪੁਰ ਦਾ ਸਭ ਤੋ ਵਧ ਖੁਸ਼ੀ ਭਰਿਆ, ਚਿੰਤਾ ਰਹਿਤ ਤੇ ਮੋਜ਼ ਮਸਤੀ ਦਾ ਸਮਾ ਸੀ, ਮਾਤਾ ਜੀ, ਪਿਤਾ ਗੁਰੂ ਤੇਗ ਬਹਾਦੁਰ ਤੇ ਮਾਮਾ ਜੀ ਦਾ ਹਥ ਇਹਨਾ ਦੇ ਸਿਰ ਤੇ ਸੀ। ਹਜ਼ਾਰਾਂ ਸਿਖ ਇਨਾਂ ਨੂੰ ਵੇਖ- ਵੇਖ ਜਿਓਦੇ ਤੇ ਹਥੀ ਛਾਵਾਂ ਕਰਦੇ। ਗੁਰੂ ਪਿਤਾ ਨੇ ਓਹਨਾਂ ਲਈ ਹਿੰਦੀ, ਗੁਰਮੁਖੀ ਤੇ ਫ਼ਾਰਸੀ ਦੀ ਲਿਖਾਈ ਪੜਾਈ ਦਾ ਪੰਡਿਤ ਮੁਨਸ਼ੀ ਸਾਹਿਬ ਚੰਦ, ਮੋਲਵੀ ਪੀਰ ਮੁਹੰਮਦ ਤੇ ਭਾਈ ਕੋਲ ਇੰਤਜ਼ਾਮ ਦੇ ਨਾਲ ਨਾਲ ਸ਼ਸ਼ਤਰ ਵਿਦਿਆ, ਤੀਰ ਅੰਦਾਜੀ, ਤਲਵਾਰ ਚਲਾਣਾ ਤੇ ਘੋੜ ਸਵਾਰੀ ਦੀ ਸਿਖਲਾਈ ਦਾ ਵੀ ਪ੍ਰਬੰਧ ਕਰ ਦਿਤਾ। ਇਸ ਵਕਤ ਮੁਗਲ ਹਕੂਮਤ ਦੇ ਅਤਿਆਚਾਰ ਤੇ ਜ਼ੁਲਮ ਸਿਖਰ ਤੇ ਪਹੁੰਚ ਚੁਕੇ ਸੀ। ਔਰੰਗਜ਼ੇਬ ਨੇ ਆਪਣੀ ਨੀਤੀ ਬਦਲੀ ਤੇ ਸੋਚਿਆ ਇਕ ਇਕ ਨੂੰ ਮੁਸਲਮਾਨ ਬਨਾਣਾ ਥੋੜਾ ਅਓਖਾ ਕੰਮ ਹੈ ਕਿਓਂ ਨਾ ਇਹ ਕੰਮ ਪੰਡਤਾ ਤੇ ਵਿਦਵਾਨਾ ਤੋ ਸ਼ੁਰੂ ਕੀਤਾ ਜਾਏ ਬਾਕੀ ਜਨਤਾ ਆਪਣੇ ਆਪ ਉਨਾਂ ਦੇ ਪਿਛੇ ਲਗ ਤੁਰੇਗੀ। ਇਹ ਸੋਚ ਕੇ ਉਸਨੇ ਸਭ ਤੋ ਪਹਿਲਾਂ ਕਸ਼ਮੀਰ ਦੇ ਸੂਬੇ ਇਫਤੀਆਰ ਖਾਨ ਨੂੰ ਹਿਦਾਇਤ ਤੇ ਸਖਤੀ ਨਾਲ ਹੁਕਮਨਾਮਾ ਭੇਜਿਆ ਕਿ ਪਹਿਲੇ ਓਹ ਵਡੇ ਵਡੇ ਪੰਡਤਾਂ ਤੇ ਵਿਦਵਾਨਾ ਨੂੰ ਦਾਇਰ-ਏ-ਇਸਲਾਮ ਵਿਚ ਲਿਆਉਣ ਦੀ ਕੋਸ਼ਿਸ਼ ਕਰੇ। ਬਸ ਫਿਰ ਕੀ ਸੀ ਉਹ ਮੋਕੇ ਦੀ ਤਾਕ ਵਿਚ ਸੀ .ਉਸ ਨੂੰ ਹਕੂਮਤ ਦੀ ਸ਼ਹਿ ਮਿਲ ਗਈ ਤੇ ਉਸਨੇ ਕਸਮੀਰ ਦੇ ਲੋਕਾਂ ਤੇ ਅੰਤਾਂ ਦੇ ਜੁਲਮ ਢਾਹੁਣੇ ਸ਼ੁਰੂ ਕਰ ਦਿਤੇ।

ਪੰਡਿਤ ਕਿਰਪਾ ਰਾਮ ਜੋ ਇਕ ਵਕਤ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਰਹਿ ਚੁਕਾ ਸੀ ਗੁਰੂ ਘਰ ਤੋਂ ਚੰਗੀ ਤਰਹ ਜਾਣੂ ਸੀ। ਉਸਨੇ ਹੋਰ ਪੰਡਿਤਾਂ ਨਾਲ ਸਲਾਹ ਕੀਤੀ ਸਾਡੀ ਇਸ ਮੁਸੀਬਤ ਦਾ ਹਲ ਸਿਰਫ ਤੇ ਸਿਰਫ ਗੁਰੂ ਤੇਗ ਬਾਹਦੁਰ ਸਾਹਿਬ ਕਰ ਸਕਦੇ ਹਨ। ਓਨ੍ਹਾ ਨੇ ਸੂਬੇ ਕੋਲੋਂ 6 ਮਹੀਨੇ ਦੀ ਮੁਹਲਤ ਮੰਗੀ , ਇਸ ਸ਼ਰਤ ਤੇ ਕੀ 6 ਮਹੀਨੇ ਬਾਅਦ ਅਸੀਂ ਸਾਰੇ ਦੇ ਸਾਰੇ ਬਿਨਾ ਹੀਲ ਹੁਜਤ ਤੋ ਮੁਸਲਮਾਨ ਬਣ ਜਾਵਾਂਗੇ। ਉਹ ਜਗਤਨਾਥ ਤੇ ਹੋਰ ਮੰਦਿਰਾਂ ਦੇ ਪੁਜਾਰੀਆਂ, ਪੀਰਾਂ ਫਕੀਰਾਂ ਕੋਲ ਗਏ, ਟੂਣੇ-ਟਪੇ, ਧਾਗੇ, ਤਵੀਤ, ਜੰਤਰ -ਮੰਤਰ ਸਭ ਕੋਸ਼ਿਸ਼ ਕਰ ਲਈ ਪਰ ਕੋਈ ਗਲ ਨਾ ਬਣੀ। ਰਾਜੇ ਮਹਾਰਾਜੇ ਤਾਂ ਪਹਿਲੇ ਹੀ ਉਨ੍ਹਾ ਦੀ ਮਦਤ ਕਰਨ ਤੋ ਇਨਕਾਰ ਕਰ ਚੁਕੇ ਸਨ। ਅਖੀਰ ਸਭ ਦੀ ਸਲਾਹ ਨਾਲ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਆਨੰਦਪੁਰ ਆ ਪੁਜੇ।

ਗੁਰੂ ਸਾਹਿਬ ਨੇ ਉਨਾਂ ਤੇ ਹੋ ਰਹੇ ਜੁਲਮਾਂ ਦੀ ਵਾਰਤਾ ਬੜੇ ਧਿਆਨ ਨਾਲ ਸੁਣੀ ਤੇ ਸੋਚ ਵਿਚ ਪੈ ਗਏ। ਉਨ੍ਹਾ ਨੇ ਸਭ ਨੂੰ ਹਿੰਮਤ ਦਿਤੀ ਕੀ ਆਏ ਕਸ਼ਟਾਂ ਦਾ ਮੁਕਾਬਲਾ ਬੜੇ ਸਾਹਸ ਤੇ ਦਲੇਰੀ ਨਾਲ ਕਰਨਾ ਹੈ , ਅਕਾਲ ਪੁਰਖ ਕੋਈ ਨਾ ਕੋਈ ਰਾਹ ਜਰੂਰ ਕਢੇਗਾ। ਕਾਫੀ ਸੋਚ ਵਿਚਾਰ ਕੇ ਕਿਹਾ, " ਇਸਦਾ ਇਕੋ ਹਲ ਹੋ ਸਕਦਾ ਹੈ, ਕਿਸੇ ਮਹਾਂ ਪੁਰਸ਼ ਨੂੰ ਕੁਰਬਾਨੀ ਦੇਣੀ ਪਵੇਗੀ।

ਇਹ ਸੁਣਕੇ ਪੰਡਿਤ ਜੋ ਭਲੇ ਵਕਤ ਹਿੰਦੂ ਧਰਮ ਦੇ ਰਖਵਾਲੇ ਹੋਣ ਦਾ ਦਮ ਭਰਦੇ ਸੀ ਚੁਪ ਹੋ ਗਏ, ਨੀਵੀਂ ਪਾ ਲਈ। ਪਿਛੇ ਖੜੇ ਗੋਬਿੰਦ ਰਾਇ ਜੋ ਸਭ ਬੜੇ ਧਿਆਨ ਨਾਲ ਸਭ ਸੁਣ ਰਹੇ ਸੀ, ਇਕ ਦਮ ਬੜੀ ਦ੍ਰਿੜਤਾ ਤੇ ਮਾਸੂਮੀਅਤ ਨਾਲ ਬੋਲੇ ." ਪਿਤਾ ਜੀ ਤੁਹਾਡੇ ਤੋਂ ਵਡਾ ਹੋਰ ਕੇਹੜਾ ਮਹਾਂ ਪੁਰਸ਼ ਹੋ ਸਕਦਾ ਹੈ ? ਗੁਰੂ ਸਾਹਿਬ ਬੜੇ ਧਿਆਨ ਨਾਲ ਆਪਣੇ ਪੁਤਰ ਦਾ ਚੇਹਰਾ ਵੇਖਦੇ ਹਨ ਤੇ ਉਸਦੇ ਚੇਹਰੇ ਤੇ ਆਏ ਉਤਾਰ ਚੜਾਵ। ਪਿਆਰ ਨਾਲ ਘੁਟ ਕੇ ਛਾਤੀ ਨਾਲ ਲਗਾ ਲੈਂਦੇ ਹਨ, " ਬੋਲੇ, " ਜਾਓ ਔਰੰਗਜ਼ੇਬ ਨੂੰ ਕਹਿ ਦਿਉ ਕਿ ਸਾਡਾ ਪੀਰ ਤੇ ਰਹਿਬਰ ਗੁਰੂ ਤੇਗ ਬਹਾਦਰ ਹੈ ਜੇ ਓਹ ਮੁਸਲਮਾਨ ਬਣ ਜਾਣ ਤੇ ਅਸੀਂ ਸਾਰੇ ਬਿਨਾ ਕਿਸੇ ਹੀਲ ਹੁਜਤ ਤੋਂ ਇਸਲਾਮ ਕਬੂਲ ਕਰ ਲਵਾਂਗੇ।

ਔਰੰਗਜੇਬ ਨੂੰ ਇਹ ਖਬਰ ਮਿਲੀ। ਉਸਨੂੰ ਗੁਰੂ ਸਾਹਿਬ ਦੀ ਪੰਡਤਾਂ ਨਾਲ ਹਮਦਰਦੀ ਆਪਣੀ ਧਾਰਮਿਕ ਨੀਤੀ ਵਿਚ ਰੁਕਾਵਟ ਤੇ ਗੁਰੂ ਸਾਹਿਬ ਦੀ ਬਗਾਵਤ ਨਜਰ ਆਈ। ਲਾਹੋਰ ਦੇ ਗਵਰਨਰ, ਸਰਹੰਦ ਦੇ ਸੂਬੇਦਾਰ ਤੇ ਰੋਪੜ ਦੇ ਕੋਤਵਾਲ ਨੂੰ ਸ਼ਾਹੀ ਫਰਮਾਨ ਜਾਰੀ ਕੀਤਾ ਕਿ ਗੁਰੂ ਸਾਹਿਬ ਨੂੰ ਤਸੀਹੇ ਦੇਕੇ ਸਹੀਦ ਕੀਤਾ ਜਾਏ। ਇਹ ਹੁਕਮ ਖੁਫਿਆ ਸੀ ਕਿਓਂਕੀ ਔਰੰਗਜ਼ੇਬ ਨੂੰ ਬਗਾਵਤ ਦਾ ਡਰ ਸੀ,। ਦੂਸਰਾ ਹੁਕਮ ਸੀ ਕੀ ਇਨਾ ਦੇ ਸਰੀਰ ਦੇ ਟੁਕੜੇ ਟੁਕੜੇ ਕਰਕੇ ਦਿੱਲੀ ਦੇ ਆਲੇ ਦੁਆਲੇ ਲਟਕਾ ਦਿਤੇ ਜਾਣ ਤਾਂ ਕੀ ਇਤਨੀ ਦਹਿਸ਼ਤ ਫੈਲੇ ਕੀ ਮੁੜ ਕੇ ਕੋਈ ਹੁਕਮ ਅਦੂਲੀ ਕਰਨ ਦੀ ਜੁਰਤ ਨਾ ਕਰ ਸਕੇ।

ਗੁਰੂ ਸਾਹਿਬ ਜਾਣਦੇ ਸਨ ਕਿ ਔਰੰਗਜ਼ੇਬ ਤਕ ਪੁਜਣ ਤੇ ਉਨ੍ਹਾ ਨੂੰ ਗ੍ਰਿਫਤਾਰ ਕਰ ਲਿਆ ਜਾਏਗਾ। ਓਹ ਛੇਤੀ ਹੀ ਲੋਕਾਂ ਨੂੰ ਇਸ ਜ਼ੁਲਮ ਦੇ ਟਾਕਰੇ ਲਈ ਉਤਸਾਹਤ ਕਰਨ ਲਈ ਤੇ ਕੁਰਬਾਨੀਆਂ ਦੇਣ ਵਾਸਤੇ ਤਿਆਰ ਕਰਨ ਲਈ ਪ੍ਰਚਾਰ ਦੌਰੇ ਤੇ ਨਿਕਲ ਪਏ। ਆਪਜੀ ਦੇ ਪ੍ਰਚਾਰ ਦਾ ਤਤ ਸੀ, " ਨਾ ਡਰੋ, ਨਾ ਡਰਾਓ, ਨਾ ਜ਼ੁਲਮ ਕਰੋ, ਨਾ ਸਹੋ "। ਥਾਂ ਥਾਂ ਤੋ ਲੋਕ ਘਰੋਂ ਨਿਕਲ ਕੇ ਗੁਰੂ ਸਾਹਿਬ ਨਾਲ ਤੁਰਦੇ ਗਏ। ਲੋਕੀ ਹੁਮ ਹੁਮਾ ਕੇ ਦਰਸ਼ਨਾ ਲਈ ਆਏ, ਚੋਖੀ ਭੇਟਾ ਵੀ ਚੜੀ, ਜਿਸ ਨਾਲ ਗੁਰੂ ਸਾਹਿਬ ਨੇ ਕਈ ਨੇਕ ਕੰਮ ਵੀ ਕੀਤੇ, ਜਿਵੇਂ ਬਉਲੀਆਂ ਬਣਵਾਨੀਆਂ, ਖੂਹ ਖੁਦਵਾਣੇ, ਖੂਹ ਡੂੰਘੇ ਕਰਵਾਣੇ, ਹੜਾ ਲਈ ਬੰਨ ਬਨਵਾਣੇ ਆਦਿ। ਗੁਰੂ ਸਾਹਿਬ ਦਾ ਜਸ ਤੇ ਅਸਰ ਵਧਦਾ ਗਿਆ। ਅਹਿਲਕਾਰਾਂ ਨੇ ਔਰੰਗਜ਼ੇਬ ਨੂੰ ਖਬਰ ਕਰ ਦਿਤੀ। ਔਰੰਗਜ਼ੇਬ ਦਾ ਹੁਕਮ ਤਾਂ ਉਨ੍ਹਾ ਨੂੰ ਮਿਲ ਹੀ ਚੁਕਾ ਸੀ।

ਗੁਰੂ ਸਾਹਿਬ ਆਨੰਦਪੁਰ -ਕੀਰਤਪੁਰ-ਰੋਪੜ ਤੋਂ ਹੁੰਦੇ ਮਾਲਵਾ ਪਹੁੰਚੇ। ਫਿਰ ਸੈਫਾਬਾਦ- ਗੜੀ ਨਾਜ਼ੀਰ ਤੋ ਹੁੰਦੇ ਆਗਰੇ ਪਹੁੰਚਕੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਹਕੂਮਤ ਦੇ ਹਵਾਲੇ ਕਰ ਦਿਤਾ। ਓਨ੍ਹਾ ਨੂੰ ਆਗਰੇ ਤੋਂ ਦਿੱਲੀ ਲਿਆਂਦਾ ਗਿਆ। ਕਾਜ਼ੀ ਨੇ ਕਿਹਾ, " ਜਾਂ ਤਾਂ ਤੁਸੀਂ ਕਰਾਮਾਤ ਦਿਖਾਓ ਤਾਕਿ ਸਾਨੂੰ ਪਤਾ ਚਲੇ ਕੀ ਤੁਸੀਂ ਕੋਈ ਅਲਾਹੀ ਨੂਰ ਹੋ ਤੇ ਜਾਂ ਇਸਲਾਮ ਕਬੂਲ ਕਰ ਲਓ। ਗੁਰੂ ਸਾਹਿਬ ਦਾ ਜਵਾਬ ਸੀ, ਕਰਾਮਾਤ ਦਿਖਾਣੀ ਕਹਿਰ ਹੈ, ਅਕਾਲ ਪੁਰਖ ਦੇ ਕੰਮ ਵਿਚ ਵਿਘਨ ਹੈ, ਮੁਸਲਮਾਨ ਅਸਾਂ ਨੇ ਬਨਣਾ ਨਹੀ ਕਿਓਕਿ ਸਾਡਾ ਧਰਮ ਵੀ ਉਤਨਾ ਹੀ ਚੰਗਾ ਹੈ ਜਿਤਨਾ ਕੀ ਮੁਸਲਮਾਨ ਧਰਮ। ਇਹ ਸਵਾਲ ਜਵਾਬ, ਲਾਲਚ ਡਰ ਤਿੰਨ ਦਿਨ ਤਕ ਚਲਦਾ ਰਿਹਾ। ਇਸ ਦੋਰਾਨ ਗੁਰੂ ਸਾਹਿਬ ਨੇ ਗੋਬਿੰਦ ਰਾਇ ਨੂੰ ਸਿੰਘਾ ਦੇ ਹਥ ਗ੍ਰਿਫਤਾਰੀ ਦੀ ਚਿਠੀ ਭੇਜੀ।

**ਬਲ ਛੁਟਕਿਓ ਬੰਧਨ ਪਰੇ ਕੁਝ ਨਾ ਹੋਤ ਉਪਾਇ, ਕਹੁ ਨਾਨਕ ਅਬ ਓਟ ਹਰ ਗ੍ਜ ਜੀਓਂ ਹੋਹੁ ਸਹਾਇ**
**ਬਲ ਹੋਆ ਬੰਧਨ ਛੁਟੇ ਸਭ ਕੁਛ ਹੋਤਿ ਉਪਾਇ, ਨਾਨਕ ਸਭ ਕੁਝ ਤੁਮਰੇ ਹਾਥ ਮੈ ਤੁਮ ਹੀ ਹੋਤਿ ਸਹਾਇ**

ਬਾਲਕ ਦਾ ਉੱਤਰ ਪੜਕੇ ਗੁਰੂ ਤੇਗ ਬਹਾਦਰ ਜੀ ਨੂੰ ਨਿਸਚਾ ਹੋ ਗਿਆ, ਕਿ ਗੋਬਿੰਦ ਰਾਇ ਹੁਣ ਗੁਰਗਦੀ ਯੋਗ ਹੋ ਗਿਆ ਹੈ, ਕਿਸੇ ਬਿਪਤਾ ਸਮੇ ਡੋਲਣ ਵਾਲਾ ਨਹੀਂ। ਉਨਾ ਨੇ ਪੰਜ ਪੈਸੇ, ਨਾਰਿਅਲ ਤੇ ਆਪਣਾ ਆਸ਼ੀਰਵਾਦ ਗੁਰਸਿਖ ਦੇ ਹਥ ਭੇਜਕੇ ਗੁਰਗਦੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੋਂਪ ਦਿਤੀ।

11 , 1675 ਨੂੰ ਗੁਰੂ ਜੀ ਦੇ ਸਾਥੀਆਂ ਨੂੰ ਉਨ੍ਹਾ ਦੇ ਸਾਮਣੇ ਕਤਲ ਕਰ ਦਿਤਾ ਗਿਆ। ਭਾਈ ਮਤੀ ਦਾਸ ਨੂੰ ਥੰਮ ਨਾਲ ਬੰਨ ਕੇ ਆਰਿਆਂ ਨਾਲ ਚੀਰ ਕੇ ਦੋ ਟੁਕੜੇ ਕਰ ਦਿਤੇ ਗਏ। ਭਾਈ ਦਿਆਲਾ ਨੂੰ ਉਬਲਦੀ ਦੇਗ ਵਿਚ ਉਬਾਲ ਦਿਤਾ ਗਿਆ। ਭਾਈ ਸਤੀ ਦਾਸ ਦੇ ਸਰੀਰ ਨੂੰ ਰੂੰ ਵਿਚ ਲਪੇਟ ਕੇ ਭੁੰਨ ਦਿਤਾ ਗਿਆ। ਤਿੰਨਾ ਸਿਖਾਂ ਨੇ ਵਾਹਿਗੁਰੂ ਵਾਹਿਗੁਰੂ ਕਰਦਿਆ ਆਪਣੇ ਸੁਆਸ ਤਿਆਗ ਦਿਤੇ। ਹੁਣ ਗੁਰੂ ਸਾਹਿਬ ਦੀ ਵਾਰੀ ਆਈ। ਮੁੜਕੇ ਉਹੀ ਸਵਾਲ, ਉਹੀ ਲਾਲਚ ਤੇ ਉਹੀ ਡਰਾਵੇ। ਅਖੀਰ ਜਦ ਉਹ ਆਪਣੇ ਮਕਸਦ ਵਿਚ ਕਾਮਯਾਬ ਨਾ ਹੋਏ ਤਾਂ 11 ਨਵੰਬਰ 1675 ਵੀਰਵਾਰ ਵਾਲੇ ਦਿਨ ਗੁਰੂ ਸਾਹਿਬ ਦਾ ਸੀਸ ਨਾਲੋਂ ਧੜ ਅਲਗ ਕਰ ਦਿਤਾ ਗਿਆ। ਬੜਾ ਸ਼ਖਤ ਹੁਕਮ ਸੀ ਕਿ ਜੋ ਬੰਦਾ ਗੁਰੂ ਸਾਹਿਬ ਦੇ ਸਰੀਰ ਨੂੰ ਹਥ ਲਗਾਏਗਾ ਉਸਨੂੰ ਕਤਲ ਕਰ ਦਿਤਾ ਜਾਏਗਾ।

ਇਕ ਗੈਬੀ ਹਨੇਰੀ ਝੁਲੀ ਜਿਸ ਨਾਲ ਜਨਤਾ ਭੈਭੀਤ ਹੋਕੇ ਆਪਣੇ ਆਪਣੇ ਘਰਾਂ ਨੂੰ ਚਲੀ ਗਈ, ਧਰਤੀ ਕੰਬ ਉਠੀ, ਹਕੂਮਤ ਦਾ ਸਿੰਘਾਸਨ ਡੋਲਿਆ, ਪਾਪਾਂ ਦਾ ਠੀਕਰਾ ਚੋਰਾਹੇ ਤੇ ਫੁਟ ਗਿਆ। ਗੁਰੂ ਤੇਗ ਬਹਾਦਰ ਤੇ ਸਮਰਪਿਤ ਸਿਖਾਂ ਨੇ ਅਸੰਭਵ ਨੂੰ ਸੰਭਵ ਕਰਕੇ ਦਿਖਾ ਦਿਤਾ। 'ਉਸ ਸਮੇ ਚਾਂਦਨੀ ਚੋਕ ਦੀ ਸੜਕ ਅਜ ਵਾਂਗ ਪਕੀ ਨਹੀ ਸੀ ਇਕਠੀ ਹੋਈ ਭੀੜ ਵਿਚ ਅਜੇਹੀ ਭਗਦੜ ਮਚੀ, ਧੂਲ ਮਿਟੀ ਉਡੀ ਕਿ ਦਰਿੰਦਿਆਂ ਦੇ ਸਾਰੇ ਸੁਰਖਿਆ ਪ੍ਰਬੰਧ ਮਿਟੀ ਵਿਚ ਮਿਲ ਗਏ। ਸੂਰਮੇ ਸਿਖਾਂ ਨੇ ਪਾਤਸ਼ਾਹ ਦਾ ਸੀਸ ਅਤੇ ਸਰੀਰ ਦੋਨੋ ਅਲੋਪ ਕਰ ਲਏ। ਸਰੀਰ ਭਾਈ ਲਖੀ ਸ਼ਾਹ ਵੰਜਾਰਾ ਆਪਣੇ ਪਿੰਡ ਰਕਾਬ ਗੰਜ ਲੈ ਗਏ ਜਿਥੇ ਉਨਾਂ ਨੇ ਆਪਣੇ ਘਰ ਵਿਚ ਗੁਰੂ ਸਾਹਿਬ ਦੀ ਚਿਖਾ ਸਜਾ ਕੇ ਸਮਾਨ ਸਮੇਤ ਆਪਣੇ ਘਰ ਨੂੰ ਅਗ ਲਗਾ ਦਿਤੀ ਤਾਕਿ ਇਹ ਇਕ ਹਾਦਸਾ ਲਗੇ।


ਸੀਸ ਭਾਈ ਜੇਤਾ ਜੀ ਆਨੰਦਪੁਰ ਸਾਹਿਬ ਲੈ ਗਏ। ਭਾਈ ਜੇਤਾ ਜੀ ਨੇ ਗੁਰੂ ਤੇਗ ਬਹਾਦਰ ਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕੀਤਾ। ਗੁਰੂ ਸਾਹਿਬ ਨੇ ਉਨਾਂ ਦੇ ਸੀਸ ਅਗੇ ਆਪਣਾ ਸੀਸ ਝੁਕਾ ਕੇ ਕਿਹਾ ਕਿ ਕਦ ਤਕ ਫਕੀਰ ਸ਼ਹੀਦ ਹੁੰਦੇ ਰਹਿਣਗੇ ? ਇਸ ਕਿਰਪਾਨ, ਤੇਗ ਤੇ ਭਠੇ ਵਿਚ ਪਏ ਤੀਰਾਂ ਦਾ ਕੀ ਫਾਇਦਾ ਜੇ ਇਹ ਜ਼ੁਲਮ ਦਾ ਟਾਕਰਾ ਨਹੀਂ ਕਰ ਸਕਦੇ" ? ਉਹਨਾ ਨੇ ਭਾਈ ਜੇਤਾ ਜੀ ਤੋਂ ਪੁਛਿਆ ਕੀ ਉਥੇ ਕੋਈ ਸਿਖ ਨਹੀ ਸਨ, ਜਿਥੇ ਇਨ੍ਹਾ ਨੂੰ ਸ਼ਹੀਦ ਕੀਤਾ ਗਿਆ ਹੈ ? ਤਾਂ ਭਾਈ ਜੇਤਾ ਨੇ ਉਤਰ ਦਿਤਾ, " ਹੋਣਗੇ, ਪਰ ਪਹਿਚਾਣੇ ਤਾਂ ਨਹੀਂ ਜਾ ਸਕਦੇ। ਉਸ ਦਿਨ ਗੁਰੂ ਸਾਹਿਬ ਨੇ ਫੈਸਲਾ ਕਰ ਲਿਆ, ਜ਼ੁਲਮ ਨਾਲ ਟਕਰ ਲੈਣ ਦਾ ਤੇ ਸਿਖਾਂ ਨੂੰ ਇਕ ਨਿਆਰਾ ਰੂਪ ਦੇਣ ਦਾ ਤਾਕਿ ਲਖਾਂ ਵਿਚ ਇਕ ਸਿਖ ਖੜਾ ਪਹਚਾਣਿਆ ਜਾ ਸਕੇ। ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਹੋਇਆ।

ਸ਼ਹੀਦੀ ਤਾਂ ਹੋ ਗਈ ਪਰ ਇਸ ਸ਼ਹਾਦਤ ਦਾ ਲੋਕਾਂ ਦੇ ਦਿਲ ਤੇ ਬਹੁਤ ਵਡਾ ਅਸਰ ਹੋਇਆ। ਹਿਲ ਗਈ ਸੀ ਹਿੰਦੁਸਤਾਨ ਦੀ ਸਲਤਨਤ। ਕਹਿੰਦੇ ਨੇ ਪਥਰ ਦਿਲ ਇਨਸਾਨ ਵੀ ਇਕ ਵਾਰ ਟੁਟ ਗਏ। ਕਾਜ਼ੀ ਜਿਸਨੇ ਗੁਰੂ ਸਾਹਿਬ ਲਈ ਫਤਵਾ ਜਾਰੀ ਕੀਤਾ ਸੀ, ਨੇ 20 ਦਿਨ ਦੇ ਅੰਦਰ ਅੰਦਰ ਆਤਮ ਹਤਿਆ ਕਰ ਲਈ ਕੀ ਮੇਰੇ ਕੋਲੋਂ ਇਹ ਕੀ ਗੁਨਾਹ ਹੋ ਗਿਆ ਹੈ। ਦੂਸਰਾ ਸੀ

(**ਬਾਕੀ ਸਫਾ** 3 **'ਤੇ**)

# ਸਮੇਂ ਦੇ ਇਤਿਹਾਸ ਤੇ ਆਪਣੇ ਹੋਂਦ ਦੇ ਡੂੰਘੇ ਨਿਸ਼ਾਨ ਛਡਣ ਵਾਲੇ ਗੁਰੂ ਗੋਬਿੰਦ ਸਿੰਘ ਜੀ

ਅਬਦੁਲਾ ਜਿਸਨੇ ਗੁਰੂ ਸਾਹਿਬ ਨੂੰ ਜੈਲ ਵਿਚ ਕੈਦ ਰਖਿਆ ਤੇ ਤਸੀਹੇ ਦਿਤੇ ਸੀ। ਉਹ ਰਾਤੋ -ਰਾਤ ਜੇਲ ਵਿਚੋਂ ਆਪਣੇ ਪਰਿਵਾਰ ਸਮੇਤ ਨਸ ਕੇ ਆਨੰਦਪੁਰ ਸਾਹਿਬ ਪਹੁੰਚ ਗਿਆ ਤੇ ਆਪਣੇ ਗੁਨਾਹਾਂ ਦੀ ਸਜਾ ਲਈ ਗੁਰੂ ਸਾਹਿਬ ਤੋ ਮੰਗ ਕੀਤੀ। ਗੁਰੂ ਘਰ ਚਲ ਕੇ ਜੋ ਆ ਜਾਏ ਓਹ ਤੇ ਸਦਾ ਬਖਸ਼ਿਆ ਜਾਂਦਾ ਹੈ। ਗੁਰੂ ਸਾਹਿਬ ਨੇ ਉਸ ਨੂੰ ਸੇਵਾ ਕਰਨ ਲਈ ਕਿਹਾ। ਓਹ ਪੈਸ਼ੇ ਵਜੋਂ ਹਕੀਮ ਸੀ। 100 ਸਾਲ ਤਕ ਓਹ ਤੇ ਉਸਤੋਂ ਬਾਦ ਉਸਦਾ ਪਰਿਵਾਰ ਸਿਖਾਂ ਦੀ ਮਰਹਮ ਪਟੀ ਦੀ ਸੇਵਾ ਕਰਦੇ ਰਹੇ। ਤੀਸਰਾ ਸੀ ਜਲਾਲੁਦੀਨ ਜਿਸ ਨੂੰ ਬਾਬਾ ਬੰਦਾ ਬਹਾਦਰ ਨੇ ਸੋਧਿਆ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਸਿੰਘ ਸਜਾ ਕੇ ਪੰਜਾਬ ਵਿਚ ਥਾਪੜਾ ਦੇਕੇ ਭੇਜਿਆ ਸੀ। ਇਸ ਵਕਤ ਤਕ ਸਿਖਾਂ ਵਿਚ ਇਤਨੀ ਹਿੰਮਤ ਆ ਗਈ ਸੀ ਬੇੜੀ ਵਿਚ ਬੈਠੇ ਔਰੰਗਜ਼ੇਬ ਨੂੰ ਪਥਰ ਮਾਰੇ, ਜਾਮਾ ਮਸਜਿਦ ਵਿਚ ਪਹੁੜੀਆਂ, ਉਤਰਦੇ ਵਕਤ ਤਲਵਾਰ ਨਾਲ ਹਮਲਾ ਕੀਤਾ ਉਹ ਵਖਰੀ ਗਲ ਹੈ ਕੀ ਇਤਨੀ ਆਸਾਨੀ ਨਾਲ ਉਸਨੇ ਮਰਨਾ ਨਹੀ ਸੀ, ਪਛਤਾਵੇ ਦੀ ਅਗ ਵਿਚ ਸੜ ਕੇ ਤੜਪ ਤੜਪ ਹੀ ਉਸਦਾ ਮਰਨਾ ਲਿਖਿਆ ਸੀ।



ਦਮਦਮਾ ਸਾਹਿਬ ਆਪਜੀ ਦੀ ਗੁਰਗਦੀ ਦੀ ਰਸਮ ਪੂਰੀ ਹੋਈ ਜਿਸ ਨੂੰ ਬਾਬਾ ਬੁਢਾ ਸਾਹਿਬ ਦੀ ਅੰਸ ਵਿਚੋਂ ਰਾਮ ਕੁਇਰ ਨੇ ਪੂਰੀ ਕੀਤੀ। ਇਤਨੀ ਛੋਟੀ ਉਮਰ ਵਿਚ ਇਤਨੀ ਵਡੀ ਜਿਮੇਦਾਰੀ ? ਗੁਰੂ ਸਾਹਿਬ ਇਸ ਵੇਲੇ 9 ਸਾਲ ਦੇ ਸਨ। ਕਈ ਓਕੜਾਂ ਦਾ ਸਾਮਣਾ ਕਰਨਾ ਪਿਆ। ਇਸ ਵਿਚ ਕੋਈ ਸ਼ਕ ਨਹੀਂ ਸੀ ਗੁਰੂ ਘਰ ਨਾਲ ਬਹੁਤ ਲੋਕ ਜੁੜੇ ਹੋਏ ਸੀ ਜਿਨ੍ਹਾ ਦੀ ਗੁਰੂ ਸਾਹਿਬ ਲਈ ਸ਼ਰਧਾ ਤੇ ਪਿਆਰ ਅੰਤਾਂ ਦਾ ਸੀ ਪਰ ਇਸ ਗਲ ਤੋ ਵੀ ਮਨੁਕਰ ਨਹੀਂ ਹੋ ਸਕਦੇ ਕੀ ਉਨ੍ਹਾ ਦੀਆਂ ਵਿਰੋਧੀ ਸ਼ਕਤੀਆਂ ਦੀ ਵੀ ਕੋਈ ਕਮੀ ਨਹੀਂ ਸੀ। ਉਨ੍ਹਾ ਦੇ ਆਪਣੇ, ਧੀਰਮਲ ਤੇ ਰਾਮ ਰਾਇ, ਪਹਾੜੀ ਰਾਜੇ ਮਹਾਰਾਜੇ, ਸਰਹੰਦ ਦਾ ਨਵਾਬ ਵਜ਼ੀਰ ਖਾਨ, ਜਿਸਨੇ ਜਿਹਾਦ ਦਾ ਨਾਹਰਾ ਲਗਾਕੇ ਬਹੁਤ ਸਾਰੇ ਮੁਸਲਮਾਨਾ ਨੂੰ ਇਕਠਾ ਕੀਤਾ ਸੀ। ਨਖਸ਼ਬੰਦੀ ਜੋ ਗੁਰੂ ਅਰਜੁਨ ਦੇਵ ਜੀ ਦੇ ਵਕਤ ਤੋ ਹੀ ਗੁਰੂ ਸਹਿਬਾਨਾ ਦੀ ਤਾਕਤ ਤੇ ਸੰਗਠਨ ਨੂੰ ਖਤਮ ਕਰਨ ਤੇ ਤੁਲੇ ਹੋਏ ਸੀ ਤੇ ਔਰੰਗਜ਼ੇਬ ਖੁਦ ਜੋ ਹਿੰਦੁਸਤਾਨ ਦਾ ਬਾਦਸ਼ਾਹ ਸੀ।

ਇਸ ਵਕਤ ਤਕ ਮੁਗਲ ਹੁਕਮਰਾਨਾ ਦੇ ਜ਼ੁਲਮ ਤੇ ਅਤਿਆਚਾਰਾਂ ਦੀ ਇੰਤਹਾ ਹੋ ਚੁਕੀ ਸੀ। ਰਾਜਿਆਂ, ਮਹਾਰਾਜਿਆਂ ਤੇ ਉਚੀਆਂ ਜਾਤਾਂ ਦੇ ਲੋਕਾਂ ਦਾ ਨਿਸ਼ਾਨਾ, ਆਪਣਾ ਸਵਾਰਥ ਸਿਧ ਕਰਨਾ ਤੇ ਐਸ਼ਪ੍ਰਸਤੀ ਤੋਂ ਸਿਵਾ ਕੁਝ ਨਹੀ ਸੀ। ਕੋਮੀਅਤ ਤੇ ਆਜ਼ਾਦੀ ਦੀ ਭਾਵਨਾ ਲੋਕਾਂ ਦੀ ਮਾਨਸਕਿਤਾ ਤੋਂ ਪੂਰੀ ਤਰਹ ਗੁੰਮ ਹੋ ਚੁਕੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਕੋਮੀ ਏਕਤਾ ਤੇ ਸਮਾਜਿਕ ਬਰਾਬਰੀ ਦਾ ਕਾਰਜ ਸੰਭਾਲਿਆ ਤਾਂ ਇਤਨੀਆਂ ਓਕੜਾਂ ਤੇ ਰੁਕਾਵਟਾ ਮੁਗਲ ਸਮਰਾਜ ਨੇ ਨਹੀ ਖੜੀਆਂ ਕੀਤੀਆਂ ਜਿਤਨੀਆਂ ਕੀ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨੇ ਜੁਲਮਾਂ ਨਾਲ ਟਕਰ ਲੈਣ ਲਈ ਆਪਣੇ ਸਿੰਘਾਂ ਨੂੰ ਫੌਜੀ ਸਿਖਲਾਈ ਦੇਣੀ ਸ਼ੁਰੂ ਕਰ ਦਿਤੀ। ਧਰਮ ਦੇ ਕਾਰਜਾਂ ਨਾਲ ਨਾਲ ਸ਼ਸ਼ਤਰ ਵਿਦਿਆ, ਸਵੇਰੇ ਸ਼ਾਮ ਦੇ ਜੋੜ ਮੇਲੇ, ਕਥਾ ਕੀਰਤਨ ਤੋਂ ਬਾਦ ਤਲਵਾਰ ਚਲਾਣਾ, ਤੀਰ ਅੰਦਾਜੀ, ਤੇ ਸ਼ਿਕਾਰ ਕਰਨ ਦੀਆਂ ਵਿਓਂਤਾ ਤੇ ਅਭਿਆਸ ਕਰਾਣੇ ਚਾਲੂ ਕਰ ਦਿਤੇ। ਸਿਖਾਂ ਵਿਚ ਬੀਰ ਰਸ ਭਰਨ ਲਈ ਰਣਜੀਤ ਨਗਾਰਾ ਬਣਵਾਇਆ। 52 ਕਵੀ .ਕਵੀ ਦਰਬਾਰ ਲਈ ਨਿਯੁਕਤ ਕੀਤੇ। ਸੰਗਤਾਂ ਨੂੰ ਸਨੇਹੇ ਭੇਜੇ ਕੀ ਕੋਈ ਹੋਰ ਭੇਟਾ ਲਿਆਣ ਦੀ ਬਜਾਏ ਘੋੜੇ, ਸ਼ਸ਼ਤਰ ਤੇ ਬਸਤਰ ਭੇਟਾ ਕਰਨ। ਗੁਰੂ ਸਾਹਿਬ ਨੇ ਸੈਨਾ ਵੀ ਇਕਠੀ ਕਰਨੀ ਸ਼ੁਰੂ ਕਰ ਦਿਤੀ। ਜਿਹੜੇ ਸੂਰਮੇ ਸਤਵੇ, ਅਠਵੇ ਗੁਰੂ ਸਹਿਬਾਨਾ ਵਕਤ ਘਰੋਂ ਘਰੀ ਚਲੇ ਗਏ ਸਨ ਵਾਪਸ ਬੁਲਾ ਲਿਆ। ਹੋਰ ਬਹੁਤ ਸਾਰੇ ਹਿੰਦੂ, ਮੁਲਮਾਨ, ਸਿਖ, ਨੀਵੀਆਂ ਜਾਤੀਆਂ ਦੇ ਨਾਈ, ਛੀਂਬੇ, ਲੋਹਾਰ, ਜੋ ਗੁਰੂ ਪ੍ਰਤੀ ਸ਼ਰਧਾ ਰਖਦੇ ਸੀ ਗੁਰੂ ਸਾਹਿਬ ਕੋਲ ਨੋਕਰੀਆਂ ਕਰਨ ਆ ਗਏ, ਜਿਨ੍ਹਾ ਨੇ ਸਿਰਫ ਦੋ ਵਕਤ ਦੀ ਰੋਟੀ ਤੇ 6 ਮਹੀਨੇ ਬਾਅਦ ਇਕ ਜੋੜੇ ਦੀ ਮੰਗ ਕੀਤੀ।

**ਵਿਆਹ**-11 ਸਾਲ ਦੀ ਉਮਰ ਵਿਚ ਹਰਜਨ ਸੁਭਿਖੀ ਖਤ੍ਰੀ ਦੀ ਪੁਤਰੀ ਮਾਤਾ ਜੀਤ ਕੋਰ ਨਾਲ, 18 ਸਾਲ ਦੀ ਉਮਰ ਵਿਚ ਮਾਤਾ ਸੁੰਦਰੀ ਤੇ 34 ਸਾਲ ਦੀ ਉਮਰ ਵਿਚ ਮਾਤਾ ਸਾਹਿਬ ਕੌਰ ਦਾ ਕੁਆਰਾ ਡੋਲਾ ਗੁਰੂ ਘਰ ਆਇਆ ਜੋ ਕੀ ਸਿਰਫ਼ ਆਤਮਿਕ ਮੇਲ ਦੀ ਸ਼ਰਤ ਤੇ ਸੀ ਕਿਓਂਕਿ ਭਾਈ ਰਾਮੂ ਨੇ ਬੇਨਤੀ ਕੀਤੀ ਕਿ ਮੈਂ ਜੰਮਦਿਆਂ ਸਾਰ ਹੀ ਆਪਣੀ ਬੇਟੀ ਨੂੰ ਦਿਲੋਂ ਤੁਹਾਡੇ ਨਵਿਤ ਕਰ ਚੁਕਾ ਹਾਂ। ਮਾਤਾ ਜੀਤੋ ਜੀ ਦੀ ਕੁਖੋਂ ਤਿੰਨ ਪੁਤਰ ਬਾਬਾ ਜੁਝਾਰ ਸਿੰਘ, ਬਾਬਾ ਫਤਿਹ ਸਿੰਘ ਤੇ ਬਾਬਾ ਜੋਰਾਵਰ ਸਿੰਘ। ਮਾਤਾ ਸੁੰਦਰੀ ਜੀ ਦਾ ਬਾਬਾ ਅਜੀਤ ਸਿੰਘ ਸੀ।

ਗੁਰੂ ਸਾਹਿਬ ਦੀ ਕੀਰਤੀ ਸੁਣ ਕੇ ਦੂਰੋਂ ਦੂਰੋਂ ਸੰਗਤਾ ਆਉਂਦੀਆਂ। ਅਸਾਮ ਦੇਸ਼ ਦਾ ਇਕ ਰਾਜਵਾੜਾ ਜੋ ਗੁਰੂ ਤੇਗ ਬਹਾਦਰ ਦਾ ਸ਼ਰਧਾਲੂ ਸੀ ਤੇ ਉਨ੍ਹਾ ਦੇ ਆਸ਼ੀਰਵਾਦ ਨਾਲ ਉਸਦੇ ਘਰ ਪੁਤਰ ਹੋਇਆ। ਪਰ ਗੁਰੂ ਸਾਹਿਬ ਦਾ ਆਨੰਦਪੁਰ ਜਾਕੇ ਸ਼ੁਕਰਾਨਾ ਕਰਨ ਦੀ ਚਾਹ ਦਿਲ ਵਿਚ ਲੈਕੇ ਹੀ ਮਰ ਗਿਆ। ਪੁਤਰ, ਰਤਨ ਰਾਇ ਜਦ ਵਡਾ ਹੋਇਆ ਤਾਂ ਉਸਦੇ ਮਨ ਅੰਦਰ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਚਾਹ ਜਾਗੀ। ਤਦ ਗੁਰੂ ਤੇਗ ਬਹਾਦਰ ਸ਼ਹੀਦ ਹੋ ਚੁਕੇ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਗੁਰਗਦੀ ਤੇ ਸਨ। ਓਹ ਆਪਣੀ ਮਾਤਾ ਨਾਲ ਬਹੁਤ ਸਾਰੀਆਂ ਅਣ ਮੁਲੀਆਂ ਭੇਟਾ ਗੁਰੂ ਸਾਹਿਬ ਲਈ ਲੈਕੇ ਆਨੰਦ ਪੁਰ ਸਾਹਿਬ ਆਇਆ।

ਕਾਬਲ ਦਾ ਇਕ ਸਿਖ ਗੁਰੂ ਸਾਹਿਬ ਵਾਸਤੇ ਬਹੁਮੁਲੀ ਚਾਨਣੀ ਬਣਵਾ ਕੇ ਲਿਆਇਆ ਜੋ ਮੁਗਲ ਬਾਦਸ਼ਾਹ ਦੀ ਚਾਨਣੀ ਨਾਲੋਂ ਵੀ ਕਿਤੇ ਵਧੀਆ ਸੀ। ਗੁਰੂ ਸਾਹਿਬ ਨੇ ਫੌਜੀ ਠਾਠ ਬਾਠ ਨੂੰ ਸੰਪੂਰਣ ਕਰਨ ਲਈ ਰਣਜੀਤ ਨਗਾਰਾ ਬਣਵਾਇਆ। ਜਦੋਂ ਯੋਧਿਆਂ ਨਾਲ ਸ਼ਿਕਾਰ ਖੇਡਣ ਜਾਣ ਤੋਂ ਪਹਿਲਾਂ ਵਜਾਂਦੇ ਤਾ ਇਸਦੀ ਗੂੰਜ ਨਾਲ ਪਹਾੜਾਂ ਦੀਆਂ ਡੂਨਾਂ ਗੂੰਜ ਉਠਦੀਆਂ ਤੇ ਸੁਣਨ ਵਾਲਿਆਂ ਦੇ ਹਿਰਦੇ ਕੰਬ ਉਠਦੇ।

ਜਦੋਂ ਭੀਮ ਚੰਦ ਨੇ ਇਹ ਸਭ ਸੁਣਿਆ ਤਾਂ ਉਸ ਕੋਲੋਂ ਬਰਦਾਸ਼ਤ ਨਹੀ ਹੋਇਆ। ਹਰ ਰੋਜ ਰਣਜੀਤ ਨਗਾਰੇ ਦੀ ਅਵਾਜ਼ ਪਹਾੜਾਂ ਵਿਚ ਗੂੰਜਦੀ ਜਿਸ ਨਾਲ ਗੁਰੂ ਸਾਹਿਬ ਦੇ ਵਿਰੋਧ ਵਿਚ ਕਾਫੀ ਚਰਚਾ ਸ਼ੁਰੂ ਹੋ ਗਈ। ਜਦੋਂ ਮਸੰਦਾ ਨੇ ਇਹ ਸੁਣਿਆ ਤਾਂ ਮਾਤਾ ਗੁਜਰੀ ਅਗੇ ਸ਼ਕਾਇਤ ਕੀਤੀ, 'ਇਹ ਸਭ ਠੀਕ ਨਹੀ ਹੈ ਇਸ ਨਾਲ ਪਹਾੜੀ ਰਾਜਿਆਂ ਨਾਲ ਬਖੇੜਾ ਸ਼ੁਰੂ ਹੋ ਸਕਦਾ ਹੈ। ਨਗਾਰੇ ਵਜਾਣੇ, ਘੋੜੇ ਦੀ ਸਵਾਰੀ ਕਰਨੀ, ਫੌਜਾਂ ਰਖਣੀਆ, ਸ਼ਿਕਾਰ ਖੇਡਣੇ, ਇਹ ਸਭ ਰਾਜੇ ਰਜਵਾੜਿਆਂ ਦਾ ਕੰਮ ਹੈ। ਫਕੀਰਾਂ ਨੂੰ ਇਹ ਸ਼ੋਭਾ ਨਹੀਂ ਦਿੰਦੇ। ਅਗੇ ਗੁਰੂ ਤੇਗ ਬਹਾਦਰ ਜੀ ਸਹੀਦ ਕਰ ਦਿਤੇ ਗਏ ਹਨ , ਸਾਨੂੰ ਹੁਣ ਚੁਪ ਚਾਪ ਰਹਿਣਾ ਚਾਹਿਦਾ ਹੈ।

ਮਾਤਾ ਜੀ ਨੂੰ ਕੁਝ ਗਲ ਸਮਝ ਆਈ, ਉਨ੍ਹਾ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਤਾਂ ਗੁਰ ਸਾਹਿਬ ਨੇ ਜਵਾਬ ਦਿਤਾ , " ਕਿ ਮਸੰਦਾ ਦੀ ਆਤਮਾ ਗੁਰੂ ਧੰਨ ਖਾਕੇ ਮਲੀਨ ਹੋ ਚੁਕੀ ਹੈ। ਇਹ ਆਲਸੀ ਤੇ ਵੇਹਲੜ ਹੋ ਚੁਕੇ ਹਨ। ਔਰੰਗਜ਼ੇਬ ਚਾਹੁੰਦਾ ਹੈ ਕੀ ਲੋਕ ਅਧੀਨਗੀ ਕਬੂਲ ਕਰਨ, ਸਿਰ ਨਿਵਾ ਕੇ ਚਲਣ। ਮੈ ਇਹੋ ਜਿਹੇ ਸਰਦਾਰ ਪੈਦਾ ਕਰਾਂਗਾ ਜੋ ਸਿਰ ਉਚਾ ਕਰ ਕੇ ਤੁਰਨਗੇ। ਓਹ ਚਾਹੰਦਾ ਹੈ ਕੀ ਲੋਕ ਧਰਤੀ ਤੇ ਕੀੜੀਆਂ ਵਾਂਗੂ ਰੇਂਗਣ, ਮੈ ਸ਼ਹਿ ਸਵਾਰ ਬਣਾਵਾਂਗਾ। ਉਸਨੇ ਮੰਦਰ ਵਿਚ ਸ਼ੰਖ ਵਜਨ ਦੀ ਮਨਾਹੀ ਕੀਤੀ ਹੈ ਤੇ ਮੈਂ ਰਣਜੀਤ ਨਗਾਰੇ ਵਜਵਾਂਵਾਂਗਾ। ਅਸੀਂ ਹੁਣ ਇਨ੍ਹਾ ਤੋਂ ਡਰ ਕੇ ਰਹੀਏ, ਅਸੀਂ ਕਿਹੜਾ ਇਨਾਂ ਦਾ ਕੋਈ ਦੇਸ਼ ਮਲਿਆ ਹੈ ਕਿ ਓਹ ਸਾਡੇ ਨਾਲ ਆਕਾਰਨ ਝਗੜਾ ਕਰਨਗੇ ? ਮਾਤਾ ਜੀ ਨਾਲ ਗਲ ਕਰਕੇ ਗੁਰੂ ਸਾਹਿਬ ਨੇ ਚੋਬਦਾਰ ਨੂੰ ਹੁਕਮ ਦਿੱਤਾ ਕਿ ਨਗਾਰਾ ਜੋਰ ਨਾਲ ਵਜਾਉ। ਚੋਬਦਾਰ ਨੇ ਨਗਾਰਾ ਇਤਨੇ ਜੋਰ ਨਾਲ ਵਜਾਇਆ ਕੀ ਆਢ -ਗੁਆਂਢ ਦੀਆਂ ਡੂਨਾਂ ਕੰਬ ਉਠੀਆਂ।

ਭੀਮ ਚੰਦ ਨੂੰ ਜਦ ਗੁਰੂ ਸਾਹਿਬ ਦੀਆਂ ਗਤੀ ਵਿਧੀਆਂ ਦਾ ਪਤਾ ਚਲਿਆ, ਓਹ ਆਪ ਦਰਸ਼ਨਾਂ ਦੇ ਬਹਾਨੇ ਗੁਰੂ ਸਾਹਿਬ ਨੂੰ ਮਿਲਣ ਵਾਸਤੇ ਆਇਆ। ਮਹਿਮਾਨ ਬਤੋਰ ਪਸ਼ਮੀਨੇ ਦੀ ਕੀਮਤੀ ਚਾਨਣੀ ਹੇਠ ਉਸਦਾ ਉਤਾਰਾ ਕੀਤਾ ਗਿਆ। ਅਤਿਥੀ ਸਤਕਾਰ ਵਜੋਂ ਓਹ ਸਾਰੀਆਂ ਅਮੋਲਕ ਚੀਜ਼ਾਂ ਉਸ ਨੂੰ ਦਿਖਾਈਆਂ ਜਿਸਨੂੰ ਦੇਖ ਕੇ ਓਹ ਧਿਰ ਨਾ ਰਹਿ ਸਕਿਆ। ਮਨ ਵਿਚ ਸੋਚਣ ਲਗਾ, ਇਹ ਸਾਰੀਆਂ ਚੀਜ਼ਾਂ ਤਾਂ ਮੇਰੇ ਕੋਲ ਹੋਣੀਆ ਚਾਹੀਦੀਆਂ ਹਨ ਫਕੀਰਾਂ ਕੋਲ ਇਨਾ ਦਾ ਕੀ ਕੰਮ, ਹਥੀਂਆਣ ਦੇ ਬਹਾਨੇ ਸੋਚਣ ਲਗਾ।

ਜਦੋਂ ਭੀਮ ਚੰਦ ਦੇ ਬੇਟੇ ਦੀ ਸਗਾਈ ਫ਼ਤਹਿ ਸ਼ਾਹ ਗੜਵਾਲੀਏ ਨਾਲ ਤਹਿ ਹੋਈ ਤਾਂ ਰਾਜਾ ਭੀਮ ਚੰਦ ਨੇ ਆਪਣੇ ਵਜ਼ੀਰ ਨੂੰ ਇਸ ਖੁਸ਼ੀ ਦੇ ਮੋਕੇ ਗੁਰੂ ਸਾਹਿਬ ਕੋਲੋਂ ਚਾਂਦਨੀ ਤੇ ਪ੍ਰਸ਼ਾਦੀ ਹਾਥੀ ਓਧਾਰ ਮੰਗਣ ਲਈ ਭੇਜ ਦਿਤਾ। ਗੁਰੂ ਸਾਹਿਬ ਭੀਮ ਚੰਦ ਦੀ ਨੀਅਤ ਨੂੰ ਜਾਣ ਗਏ ਸੀ, ਓਹਨਾ ਨਾਂਹ ਕਰ ਦਿਤੀ ਇਹ ਕਹਿਕੇ ਕਿ ਇਹ ਮੇਰੀਆਂ ਸੰਗਤਾਂ ਵਲੋ ਪਿਆਰ ਭੇਟਾ ਹੈ, ਇਸ ਨੂੰ ਮੈਂ ਕਿਸੀ ਹੋਰ ਨੂੰ ਨਹੀਂ ਦੇ ਸਕਦਾ। ਭੀਮ ਚੰਦ ਨੇ ਹੋਰ ਰਾਜਿਆਂ ਨਾਲ ਸਲਾਹ ਕਰਕੇ ਇਕ ਚਿਠੀ ਗੁਰੂ ਸਾਹਿਬ ਨੂੰ ਭੇਜੀ " ਜਾਂ ਤਾਂ ਤੁਸੀਂ ਇਹ ਚੀਜ਼ਾਂ ਭੇਜਕੇ ਸਾਡੀ ਅਧੀਨਤਾ ਕਬੂਲ ਕਰ ਲਵੋ ਜਾਂ ਆਨੰਦਪੁਰ ਸਾਹਿਬ ਖਾਲੀ ਕਰ ਦਿਉ, ਅਗਰ ਦੋਨੋ ਵਿਚੋਂ ਕੋਈ ਵੀ ਸ਼ਰਤ ਮਨਜ਼ੂਰ ਨਹੀਂ ਹੈ ਤਾਂ ਯੁਧ ਕਰਨੇ ਵਾਸਤੇ ਤਿਆਰ ਹੋ ਜਾਉ।

ਗੁਰੂ ਗੋਬਿੰਦ ਸਿੰਘ ਜੀ ਦਾ ਉਤਰ ਓਨ੍ਹਾ ਦੀ ਅਣਖ, ਦਲੇਰੀ ਤੇ ਚੜਦੀ ਕਲਾ ਦਾ ਸਬੂਤ ਹੈ। "ਰਈਅਤ ਤਾਂ ਅਸੀਂ ਕੇਵਲ ਵਾਹਿਗੁਰੂ ਦੀ ਹਾਂ। ਨਾਂ ਅਸੀਂ ਕਿਸੀ ਤੋ ਡਰਦੇ ਹਾਂ ਨਾ ਡਰਾਂਦੇ ਹਾਂ, ਨਾ ਕਿਸੇ ਦੀ ਈਨ ਮੰਨਦੇ ਹਾਂ ਨਾ ਮਨਵਾਂਦੇ ਹਾਂ। ਆਨੰਦਪੁਰ ਸਾਡੇ ਗੁਰੂ ਪਿਤਾ ਦੀ ਮੁਲ ਖਰੀਦੀ ਥਾਂ ਤੇ ਉਸਰਿਆ ਹੈ। ਇਸ ਲਈ ਉਥੋਂ ਕਢਣ ਜਾਂ ਨਿਕਲਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ, ਪਰ ਜੇ ਤੁਸੀਂ ਅਕਾਰਨ ਹੀ ਲੜਨ ਤੇ ਤੁਲੇ ਹੋਏ ਹੋ ਤਾਂ ਅਸੀਂ ਵੀ ਆਪਣੀ ਪਤ, ਅਬਰੋ, ਸਿਖ ਸੇਵਕ ਦੇ ਘਰ ਪਰਿਵਾਰ ਬਚਾਣ ਲਈ, ਕੋਮੀ ਮੰਤਵ ਤੇ ਮਾਨਵੀ ਕਰਤਵ ਨਿਭਾਓਣ ਲਈ ਆਪ ਨਾਲ ਝੂਜਣ ਨੂੰ ਤਿਆਰ ਬਰ ਤਿਆਰ ਹਾਂ। ਜੇ ਲੋੜ ਪਵੇ ਤਾਂ ਹਥ ਵਿਚ ਤਲਵਾਰ ਪਕੜਨਾ ਖਤ੍ਰੀ ਦਾ ਧਰਮ ਹੈ "।

ਇਹ ਉਤਰ ਦੇਕੇ ਗੁਰੂ ਸਾਹਿਬ ਨੇ ਆਪਣੇ ਸਭ ਸੂਰਮਿਆਂ ਨੂੰ ਗੋਲੀ ਸਿੱਕਾ ਵੰਡ ਦਿਤਾ ਤੇ ਯੁਧ ਕਰਨ ਦੀਆਂ ਤਿਆਰੀਆਂ ਵਿਚ ਜੁਟ ਪਏ।

ਅਮ੍ਰਿਤ ਵੇਲੇ ਕਥਾ ਕੀਰਤਨ ਤੋਂ ਬਾਦ ਇਤਿਹਾਸਿਕ ਗ੍ਰੰਥਾਂ ਜਿਵੇਂ ਭਾਗਵਤ ਗੀਤਾ, ਪੁਰਾਨ, ਚੰਡੀ ਚਰਿਤਰ, ਰਾਮਾ ਅਵਤਾਰ, ਆਪਣੇ ਕਵੀਆਂ ਪਾਸੋਂ ਸੁਣਨੇ ਅਤੇ ਸਰਲ ਭਾਸ਼ਾ ਵਿਚ ਅਨੁਵਾਦ ਕਰਾਓਣਏ ਸ਼ੁਰੂ ਕਰ ਦਿਤੇ। ਜਾਪੁ ਸਾਹਿਬ, ਅਕਾਲ ਉਸਤਤਿ ਆਦਿ ਬਾਣੀਆਂ ਉਚਾਰਨ ਕਰਣੀਆਂ, ਤ੍ਰੇਪੇਹਰੇ ਦਾ ਦੀਵਾਨ ਲਗਾਕੇ ਯੋਧਿਆਂ ਨੂੰ ਪਿਛਲੇ ਜੰਗਾਂ ਜੁਧਾਂ ਦੇ ਪ੍ਰਸੰਗ ਸੁਣਾਨੇ, ਘੋੜ ਸਵਾਰੀ, ਸ਼ਸ਼ਤਰਾਂ ਦੀ ਸਿਖਿਆ ਦੇਣੀ ਤੇ ਅਭਿਆਸ ਕਰਾਨੇ, ਬਾਹਰੋਂ ਆਇਆਂ ਸੰਗਤਾ ਨੂੰ ਉਪਦੇਸ਼ ਦੇਣੇ, ਸ਼ਿਕਾਰ ਖੇਡਣ ਜਾਣਾ ਤੇ ਨਾਲ ਹੀ ਯੋਧਿਆਂ ਨੂੰ ਯੁਧ ਦਾ ਅਭਿਆਸ ਕਰਾਓਂਦੇ ਰਹਿਣਾ। ਸਿਖ ਸੰਗਤ ਪ੍ਰਤੀ ਪਿਆਰ ਭਰਿਆ ਹੁਕਮ ਸੀ। ਧੰਨ ਦੀ ਜਗਹ ਸ਼ਸ਼ਤਰ, ਬਸਤਰ ਤੇ ਘੋੜੇ, ਭੇਟਾ ਵਜੋਂ ਲਿਆਓਣ ਤੇ ਜਵਾਨਾ ਵਾਸਤੇ ਸੀ ਆਪਣੀਆ ਜਵਾਨੀਆਂ ਭੇਟਾ ਕਰਣ। ਦੋਨੋ ਤਰਫੋਂ ਤਿਆਰੀਆਂ ਸ਼ੁਰੂ ਹੋ ਗਈਆਂ। , ਭੀਮ ਚੰਦ ਨੇ ਇਨਾਂ ਗਤੀ ਵਿਧੀਆਂ ਨੂੰ ਵਿਦ੍ਰੋਹ ਤੇ ਬਗਾਵਤ ਸਮਝਿਆ। ਉਸਨੇ ਰਾਜਿਆਂ ਨੂੰ ਓਕ੍ਸਾਇਆ। ਰਾਜਾ ਮੇਦਨੀ ਪ੍ਰਕਾਸ਼ ਗੁਰੂ ਸਾਹਿਬ ਨੂੰ ਬਹੁਤ ਮੰਨਦਾ ਸੀ ਤੇ ਉਨ੍ਹਾ ਦਾ ਸ਼ਰਧਾਲੂ ਸੀ। ਓਸਨੇ ਗੁਰੂ ਸਾਹਿਬ ਨੂੰ ਆਪਣੀ ਰਿਆਸਤ ਵਿਚ ਆਉਣ ਦਾ ਸਦਾ ਦਿਤਾ ਤੇ ਕਿਹਾ, " ਭੀਮ ਚੰਦ ਤੁਹਾਡੇ ਨਾਲ ਨਿਤ ਝਗੜੇ ਦੀਆਂ ਗਲਾਂ ਕਰਦਾ ਹੈ, ਇਸ ਕਰਕੇ ਤੁਸੀਂ ਮੇਰੇ ਰਾਜ ਵਿਚ ਆ ਜਾਉ। ਜਿਥੇ ਚਾਹੋ ਨਿਵਾਸ ਕਰੋ। ਇਹ ਸਾਰਾ ਇਲਾਕਾ ਤੁਹਾਡੀ ਹੀ ਕਿਰਪਾ ਨਾਲ ਹੈ। ਜਦੋ ਮਾਤਾ ਗੁਜਰੀ ਨੂੰ ਇਸ ਗਲ ਦਾ ਪਤਾ ਲਗਾ ਤਾਂ ਉਨ੍ਹਾ ਨੇ ਗੁਰੂ ਸਾਹਿਬ ਨੂੰ ਕੁਝ ਚਿਰ ਨਾਹਨ ਜਾਣ ਲਈ ਕਿਹਾ। ਮਾਤਾ ਜੀ ਦੇ ਜੋਰ ਦੇਣ ਤੇ ਗੁਰੂ ਸਾਹਿਬ ਨਾਹਨ ਆ ਗਏ। ਮੈਦਨੀ ਪ੍ਰਕਾਸ਼ ਨੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਇਹ ਸਾਰਾ ਦੇਸ਼ ਆਪਜੀ ਦਾ ਹੈ ਜਿਥੇ ਆਪ ਚਾਹੋ ਆਪਜੀ ਦਾ ਨਿਵਾਸ ਅਸਥਾਨ ਬਣਾ ਦਿਤਾ ਜਾਵੇਗਾ। ਜਮਨਾ ਕਿਨਾਰੇ ਇਕ ਸੁੰਦਰ ਜਗਹ ਦੇਖਕੇ ਗੁਰੂ ਸਾਹਿਬ ਲਈ ਕਿਲਾ ਬਣਾ ਦਿਤਾ ਤੇ ਸਾਜੋ ਸਮਾਨ ਨਾਲ ਭਰ ਦਿਤਾ।

ਇਥੇ ਆਪਜੀ ਨੇ ਕਈ ਹੋਰ ਨੋਕਰ ਰਖ ਲਏ, ਘੋੜੇ ਤੇ ਸ਼ਸ਼ਤਰ ਖਰੀਦੇ, ਜਵਾਨਾਂ ਨੂੰ ਭਰਤੀ ਕੀਤਾ। 500 ਬਸੀ ਪਠਾਣ ਜੋ ਕਦੇ ਸ਼ਾਹੀ ਫੌਜਾਂ ਵਿਚੋਂ ਕਢੇ ਗਏ ਸੀ ਆਪਣੀ

ਆਵਾਜ਼ਿ ਕੌਮ AWAZE QAUM
International Newspaper & WEB TV

ਰੋਜ਼ੀ ਰੋਟੀ ਲਈ ਪੀਰ ਬੁਧੂ ਸ਼ਾਹ ਦੇ ਰਾਂਹੀ ਗੁਰੂ ਸਾਹਿਬ ਦੀ ਫੌਜ਼ ਵਿਚ ਭਰਤੀ ਹੋ ਗਏ ਜਿਨਾ ਵਿਚ ਪੰਜ ਜਰਨੇਲ, ਕਾਲੇ ਖਾਨ, ਨਜਾਬਤ ਖਾਨ, ਭੀਖਨ ਖਾਨ, ਹਿਯਾਤ ਖਾਨ, ਨਾਹਰ ਖਾਨ, ਜਿਨ੍ਹਾ ਨਾਲ 100-100 ਦੀ ਫੌਜ਼ ਸੀ। ਮਹੰਤ ਕਿਰਪਾਲ ਵੀ ਆਪਣੇ ਨਾਲ 500 ਉਦਾਸੀ ਚੇਲਿਆਂ ਨੂੰ ਲੇਕੇ ਗੁਰੂ ਸਾਹਿਬ ਦੀ ਫੌਜ਼ ਵਿਚ ਆ ਰਲੇ। ਹੋਰ ਵੀ ਬਹੁਤ ਸਾਰੇ ਜਵਾਨ ਭਰਤੀ ਹੋ ਗਏ।

ਔਰੰਗਜ਼ੇਬ ਵਲੋਂ ਰਾਗ, ਰੰਗ ਤੇ ਮਹਿਫਿਲਾ ਤੇ ਪਾਬੰਦੀ ਲਗਣ ਕਰਕੇ ਕਵੀਆਂ ਨੇ ਗੁਰੂ ਘਰ ਨੂੰ ਆਪਣਾ ਟਿਕਾਣਾ ਬਣਾ ਲਿਆ। ਸੈਨਾਪਤੀ ਕੰਗਨ ਤੇ ਭਾਈ ਨੰਦ ਲਾਲ ਵਰਗੇ ਕਈ ਕਵੀ ਦਰਬਾਰ ਵਿਚ ਪੁਜੇ। ਰੋਜ਼ ਕਵਿਤਾਵਾਂ ਉਚਾਰੀਆਂ ਜਾਂਦੀਆਂ, ਦੀਵਾਨ ਲਗਦੇ, ਵਿਚਾਰਾਂ ਹੁੰਦੀਆਂ ਤੇ ਜੰਗੀ ਖੇਡਾਂ ਖੇਡੀਆਂ ਜਾਦੀਆਂ। ਪੌਂਟਾ ਸਾਹਿਬ ਆਕੇ ਗੁਰੂ ਸਾਹਿਬ ਦੀ ਸੈਨਿਕ ਸ਼ਕਤੀ ਵਧ ਗਈ। ਉਨ੍ਹਾ ਦੇ ਸ਼ੋਕ ਵੀ ਬਾਈਧਰ ਰਾਜਿਆਂ ਨਾਲ ਕਿਤੇ ਵਧ ਸੀ, ਸਰਗਰਮੀਆਂ ਵੀ ਬਾਦਸ਼ਾਹਾਂ ਵਾਲੀਆਂ ਸਨ, ਲੇਣ ਦੇਣ ਵੀ ਕੀਮਤੀ ਸੀ, ਉਨ੍ਹਾ ਦਾ ਵਿਓਹਾਰ ਵੀ ਬਾਦਸ਼ਾਹਾਂ ਵਰਗਾ ਸੀ। ਰਾਜਾ ਫਤਿਹ ਚੰਦ ਦੀ ਲੜਕੀ ਦੇ ਵਿਆਹ ਸਮੇ ਭੇਜੇ ਤੋਫੇ, ਜਿਨਾਂ ਵਿਚ ਇਕ ਹਾਰ ਦੀ ਕੀਮਤ ਸਵਾ ਲਖ ਸੀ। ਰਾਜਾ ਫਤਿਹ ਚੰਦ ਤੇ ਮੈਦਨੀ ਪ੍ਰਕਾਸ਼ ਗੁਆਂਢੀ ਸਨ ਪਰ ਓਨ੍ਹਾ ਦਾ ਆਪਸ ਵਿਚ ਰਿਸ਼ਤਾ ਠੀਕ ਨਹੀ ਸੀ। ਗੁਰੂ ਸਾਹਿਬ ਨੇ ਦੋਨੋ ਰਾਜਿਆਂ ਦੀ ਆਪਸ ਵਿਚ ਸੁਲਾਹ ਕਰਾ ਦਿਤੀ।

ਇਥੇ ਰਾਮ ਰਾਇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਆਏ। ਮਿਲਣ ਦੀ ਥਾਂ ਜਮਨਾ ਦਰਿਆ ਵਿਚ ਇਕ ਬੇੜੀ ਸੀ। ਰਾਮ ਰਾਇ ਨੇ ਮਸੰਦਾਂ ਦੀ, ਜੋ ਉਸਦੀ ਮਰਨ ਦੀ ਤਾਕ ਵਿਚ ਬੈਠੇ ਸੀ ਤਾਂਕੀ ਉਸਦੀ ਜਾਇਦਾਦ ਹੜਪ ਸਕਣ, ਸਾਰੀ ਵਿਥਿਆ ਸੁਣਾਈ ਤੇ ਆਪਣੀ ਪਤਨੀ ਪੰਜਾਬ ਕੌਰ ਦੀ ਜਿਮੇਦਾਰੀ ਆਪਣੇ ਅਕਾਲ ਚਲਾਣਾ ਕਰਨ ਤੋ ਪਹਿਲਾਂ ਗੁਰੂ ਸਾਹਿਬ ਨੂੰ ਸੋਂਪ ਦਿਤੀ। ਇਕ ਦਿਨ ਜਦ ਰਾਮ ਰਾਇ ਸਮਾਧੀ ਵਿਚ ਲੀਨ ਸਨ ਤਾ ਮਸੰਦਾ ਨੇ ਉਸਨੂੰ ਮੁਰਦਾ ਕਹਿਕੇ ਜਲਾ ਦਿਤਾ। ਗੁਰੂ ਸਾਹਿਬ ਨੇ ਉਨ੍ਹਾ ਦੀ ਖੂਬ ਧੁਨਾਈ ਕੀਤੀ।

ਭੀਮ ਚੰਦ ਦੇ ਲੜਕੇ ਦੀ ਸ਼ਾਦੀ ਦਾ ਦਿਨ ਤਹਿ ਹੋ ਗਿਆ,। ਭੀਮ ਚੰਦ ਜਦੋਂ ਬਰਾਤ ਲੇਕੇ ਆਇਆ ਜਿਸ ਵਿਚ ਪਹਾੜੀ ਰਾਜੇ ਤੇ ਉਨ੍ਹਾ ਦੀਆਂ ਫੌਜਾਂ ਵੀ ਸਨ ਜਿਸਦਾ ਲਾਂਘਾ ਪੌਂਟਾ ਸਾਹਿਬ ਵਿਚੋਂ ਸੀ ਤਾਂ ਗੁਰੂ ਸਾਹਿਬ ਨੇ ਉਨ੍ਹਾ ਦਾ ਰਾਹ ਰੋਕ ਲਿਆ ਤੇ ਕਿਹਾ ਕਿਸੇ ਰਾਜੇ ਦੀਆਂ ਫੌਜਾਂ ਸਾਡੇ ਨਿਵਾਸ ਅਸਥਾਨ ਤੋਂ ਨਹੀ ਲੰਘ ਸਕਦੀਆਂ। ਭੀਮ ਚੰਦ ਨੇ ਮਿੰਨਤ ਕੀਤੀ ਕੀ ਦੂਸਰਾ ਰਾਹ ਬਹੁਤ ਲੰਬਾ ਹੈ, ਮਹੂਰਤ ਦਾ ਵਕਤ ਨਿਕਲ ਜਾਇਗਾ। ਗੁਰੂ ਸਾਹਿਬ ਨੇ ਲੜਕੇ ਤੇ ਪੰਜ ਸਤ ਹੋਰ ਬੰਦਿਆਂ ਨੂੰ ਲੰਘਣ ਦਾ ਰਸਤਾ ਦੇ ਦਿਤਾ ਤੇ ਬਾਕੀ ਜੰਜ ਨੂੰ ਵਾਪਸ ਮੋੜ ਦਿਤਾ। ਭੀਮ ਚੰਦ ਤਿਲ੍ਮ੍ਲਾਇਆ ਤਾਂ ਸਹੀ ਪਰ ਕੁਝ ਕਰ ਨਹੀਂ ਸਕਿਆ। ਭੀਮ ਚੰਦ ਨੇ, ਫ਼ਤਿਹ ਚੰਦ ਜੋ ਉਸਦਾ ਕੁੜਮ ਬਣ ਚੁਕਾ ਸੀ, ਨੂੰ ਓਕ੍ਸਾਇਆ ਤੇ ਗੁਰੂ ਸਾਹਿਬ ਦੇ ਭੇਜੇ ਤੋਹਫ਼ੇ ਵਾਪਿਸ ਕਰਾ ਦਿਤੇ। ਗੁਰੂ ਸਾਹਿਬ ਤੇ ਹਲਾ ਬੋਲਣ ਵਾਸਤੇ ਵੀ ਕਿਹਾ। ਫ਼ਤਿਹ ਸ਼ਾਹ ਤਿਆਰ ਨਹੀਂ ਸੀ, ਪਰ ਭੀਮ ਚੰਦ ਨੇ ਡੋਲਾ ਨਾ ਲਿਜਾਣ ਦੀ ਧ੍ਮ੍ਕੀ ਦਿਤੀ। 15 ਰਾਜਿਆਂ ਦੀਆ ਫੌਜਾਂ ਨੇ, ਫ਼ਤਿਹ ਚੰਦ ਦੀ ਅਗਵਾਈ ਹੇਠ ਅਕਾਰਨ ਗੁਰੂ ਸਾਹਿਬ ਤੇ ਹਲਾ ਬੋਲ ਦਿਤਾ। ਜਿਸਨੂੰ ਭੰਗਾਣੀ ਦਾ ਯੁਧ ਕਿਹਾ ਜਾਂਦਾ ਹੈ ਜੋ ਸਤੰਬਰ। 688 ਵਿਚ ਹੋਇਆ। ਇਹ ਪਹਿਲਾ ਯੁਧ ਸੀ ਜਿਥੇ ਹਿੰਦੂ, ਸਿਖਾਂ ਤੇ ਮੁਸਲਮਾਨਾ ਨੇ ਸਾਂਝਾ ਖੂਨ ਡੋਲਿਆ।

**ਮੂਲ ਕਾਰਣ**-ਗੁਰੂ ਸਾਹਿਬ ਦਾ ਤੇਜ਼ ਪ੍ਰਤਾਪ, ਅਣਖ, ਦਲੇਰੀ ਤੇ ਚੜਦੀ ਕਲਾ ਜਦ ਤਕ ਗੁਰੂ ਸਾਹਿਬ ਨੇ ਰਾਜਸੀ ਸ਼ਾਨੋ ਸ਼ੋਕਤ ਸ਼ੁਰੂ ਨਹੀਂ ਸੀ ਕੀਤੀ ਉਨ੍ਹਾ ਦੇ ਪਹਾੜੀ ਰਾਜਿਆਂ ਨਾਲ ਸਬੰਧ ਚੰਗੇ ਰਹੇ ਪਰ ਜਦ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੋਂ ਬਾਅਦ 1682 ਵਿਚ ਉਨਾਂ ਰਣਜੀਤ ਨਗਾਰਾ ਵਜਾਣਾ , ਸ਼ਿਕਾਰ ਖੇਡਣਾ, ਘੋੜਿਆ ਤੇ ਚੜਨਾ, ਕਲਗੀ ਲਗਾਣੀ ਸ਼ੁਰੂ ਕੀਤੀ, ਕੁਝ ਅਸਧਾਰਨ ਚੜਾਵੇ , ਸ਼ਸ਼ਤਰ, ਘੋੜੇ ਹਾਥੀ ਆਦਿ ਨਾਲ ਉਨ੍ਹਾ ਦੀ ਸ਼ਾਨੋ ਸ਼ੋਕਤ ਰਾਜਿਆ ਨਾਲੋਂ ਵੀ ਵਧ ਗਈ, ਰਾਜੇ ਈਰਖਾ ਕਰਨਾ ਸ਼ੁਰੂ ਹੋ ਗਏ ਖਾਸ ਕਰਕੇ ਭੀਮ ਚੰਦ ਜਿਸਦੇ ਇਲਾਕੇ ਵਿਚ ਗੁਰੂ ਸਾਹਿਬ ਦਾ ਦਰਬਾਰ ਲਗਦਾ ਸੀ।

ਰਣਜੀਤ ਨਗਾਰਾ :- ਕਹਿੰਦੇ ਹਨ ਕੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਪਿਛੋ ਜਦੋਂ ਕੇਸਰੀ ਨਿਸ਼ਾਨ ਝੁਲਾਕੇ ਫੌਜੀ ਤੇ ਜੰਗੀ ਸਿਖਲਾਈ ਦੇਣ ਲਗੇ ਤਾਂ ਸਾਮਣੇ ਖੜੇ ਨੰਦ ਲਾਲ ਨੇ ਮਾਮਾ ਕਿਰਪਾਲ ਨੂੰ ਦੇਖ ਕੇ ਕਿਹਾ। ਛੇਵੇਂ ਪਾਤਸ਼ਾਹ ਦਾ ਬਖਸ਼ਿਆ ਨਿਸ਼ਾਨ ਸਾਹਿਬ ਤੇ ਇਨ੍ਹਾ ਕੋਲ ਹੈ ਬਸ ਇਕ ਨਗਾਰੇ ਦੀ ਘਾਟ ਹੈ। ਅਗਲੇ ਦਿਨ ਹੀ ਇਕ ਸੁੰਦਰ ਨਗਾਰਾ ਤਿਆਰ ਕਰਵਾ ਦਿਤਾ ਜਿਸਦਾ ਨਾ ਰਣਜੀਤ ਨਗਾਰਾ ਰਖਿਆ ਗਿਆ, ਜਿਸ ਨੂੰ ਵਜਾਣ ਦੀ ਪਰਮ੍ਪਰਾ 1682 ਵਿਚ ਸ਼ੁਰੂ ਹੋਈ। 2 ਅਪ੍ਰੈਲ 1678 ਵਿਚ ਰਤਨ ਰਾਇ ਦੇ ਹੁੰਦਿਆ ਇਹ ਨਗਾਰਾ ਸਥਾਪਿਤ ਕੀਤਾ ਗਿਆ।

ਮੁਗਲ ਹਕੂਮਤ ਨੂੰ ਹਰਗਿਜ਼ ਮਨਜ਼ੂਰ ਨਹੀਂ ਸੀ ਸਿਖਾਂ ਦੀਆਂ ਸਰਗਰਮੀਆਂ ਜਿਨ੍ਹਾ ਨੇ ਉਨਾਂ ਦਾ ਰਾਜਸੀ ਤਾਣਾ -ਬਾਣਾ ਹਿਲਾਕੇ ਰਖ ਦਿਤਾ ਸੀ। ਕਹਿੰਦੇ ਹਨ ਜਦੋਂ ਔਰੰਜ਼ੇਬ ਦਾ ਪੁਤਰ ਕਾਬਲ ਦੇ ਤਖ਼ਤ ਤੇ ਬੈਠਾ, ਬੇਠਣ ਤੋ ਪਹਿਲਾਂ ਉਸਨੇ 4 ਨਗਾਰੇ ਵਜਵਾਏ , ਜਦ ਔਰੰਗਜ਼ੇਬ ਨੂੰ ਪਤਾ ਲਗਾ ਤਾਂ ਓਹ ਬਹੁਤ ਗੁਸਾ ਹੋਇਆ। ਪੁਤਰ ਨੂੰ ਲਿਖ ਭੇਜਿਆ ਕਿ ਨਗਾਰੇ ਵਜਾਣ ਦਾ ਹਕ ਸਿਰਫ ਦਿੱਲੀ ਦੇ ਸਹਿਨ੍ਸ਼ਾਹ ਨੂੰ ਹੈ। ਜਦੋਂ ਤੇਨੂੰ ਦਿੱਲੀ ਦੇ ਤਖਤ ਤੇ ਅੱਲਾ -ਪਾਕ ਗਦੀ ਨਸ਼ੀਨ ਕਰੇਗਾ ਤਾਂ ਜਿਤਨੇ ਮਰਜ਼ੀ ਇਸ ਹਕ ਦੀ ਵਰਤੋਂ ਕਰ ਲਈ। ਜੋ ਆਪਣੇ ਪੁਤਰ ਦੇ ਨਗਾਰੇ ਬਰਦਾਸ਼ ਨਹੀਂ ਕਰ ਸਕਿਆ, ਓਹ ਗੁਰੂ ਸਾਹਿਬ ਦੇ ਰਣਜੀਤ ਨਗਾਰੇ ਕਿਵੇਂ ਬਰਦਾਸ਼ ਕਰ ਲੈਂਦਾ। ਇਸਦੀ ਗੂੰਜਦੀ ਅਵਾਜ਼ ਨੂੰ ਬੰਦ ਕਰਨ ਲਈ ਪਹਿਲੇ ਸਰਹੰਦ ਦੇ ਨਵਾਬ, ਫਿਰ ਹੁਸੇਨ ਖਾਨ ਤੇ ਫਿਰ ਆਪਣੇ ਪੁਤਰ ਨੂੰ ਭੇਜਿਆ।

ਮਸੰਦ ਜਿਨ੍ਹਾ ਦੀ ਹਸਤੀ ਗੁਰੂ ਸਾਹਿਬ ਨੇ ਮਿਟਾ ਕੇ ਰਖ ਦਿਤੀ ਸੀ ਕਿਓਂਕਿ ਓਹ ਇਖ੍ਲਾਖ ਤੋਂ ਗਿਰ ਚੁਕੇ ਸਨ। ਸੰਗਤ ਤੇ ਗੁਰੂ ਸਾਹਿਬ ਦੇ ਸਿਧੇ ਸੰਬੰਧ ਉਨਾ ਤੋ ਬਰਦਾਸ਼ਤ ਨਹੀਂ ਹੋਏ। ਉਨ੍ਹਾ ਦੀ ਪੁਛ ਪੜਤਾਲ ਮੁਕ ਗਈ ਨਾਲੇ ਬੇਈਮਾਨੀ ਦਾ ਪੈਸਾ ਵੀ। ਓਹ ਗੁਰੂ ਸਾਹਿਬ ਦੇ ਖਿਲਾਫ਼ ਹੋ ਗਏ।

ਹਿੰਦੂ ਰਾਜੇ :- ਰਾਜੇ ਮਹਾਰਾਜਿਆਂ ਤੇ ਉਚ ਜਾਤੀਆਂ ਨੂੰ ਗਲਤਫਹਿਮੀ ਹੋ ਗਈ ਕਿ ਜੇਕਰ ਸਿਖੀ ਫੈਲ ਗਈ ਤਾਂ ਸਾਡੀਆਂ ਪਦਵੀਆਂ, ਅਧਿਕਾਰਾਂ, ਤੇ ਅਖਤਿਆਰਾਂ ਦਾ ਕੀ ਬਣੇਗਾ ? ਸਾਡੇ ਆਰਾਮ, ਸੁਖ, ਚੇਨ ਤੇ ਐਸ਼ਪ੍ਰਸਤੀ ਦਾ ਕੀ ਹੋਵੇਗਾ ਜੋ ਓਹ ਨੀਵੀਆਂ ਜਾਤੀਆਂ ਦੇ ਦਮ ਤੇ ਕਰ ਰਹੇ ਸਨ ? ਸੋ ਉਨਾ ਨੇ ਆਪਣੀ ਗੰਡ- ਤੁਪ ਹਕੂਮਤ ਨਾਲ ਜੋੜਨੀ ਠੀਕ ਸਮਝੀ। ਬ੍ਰਾਹਮਣ ਜੋ ਜਨਤਾ ਨੂੰ ਵਹਿਮਾਂ-ਭਰਮਾਂ ਪਾਖੰਡਾ ਤੇ ਬੇਲੋੜੀਆਂ ਰਸਮਾਂ ਵਿਚ ਪਾਕੇ ਲੁਟ ਖਸੁਟ ਕਰ ਰਹੇ ਸੀ ਓਹ ਵੀ ਉਨ੍ਹਾ ਨਾਲ ਜੁੜ ਗਏ।

ਸਾਰੇ ਹਾਲਾਤਾਂ ਦਾ ਨਤੀਜਾ ਇਹ ਹੋਇਆ ਰਾਜਾ, ਮਹਾਰਾਜਿਆਂ ਤੇ ਮੁਗਲ ਹਕੂਮਤ ਨੇ ਆਪਸ ਵਿਚ ਹਥ ਮਿਲਾ ਲਿਆ ਤੇ ਤੇਜੀ ਨਾਲ ਉਚਰ ਰਹੀ ਖਾਲਸਾ ਲਹਿਰ ਨੂੰ ਨੇਸਤੋਨਬੂਤ ਕਰਨ ਦਾ ਫੈਸਲਾ ਕਰ ਲਿਆ।

1.**ਭੰਗਾਣੀ ਦਾ ਯੁਧ**-1688 ਵਿਚ ਪੌਂਟਾ ਸਾਹਿਬ ਤੋਂ ਕੋਈ 6 ਮੀਲ ਦੀ ਦੂਰੀ ਤੇ ਫ਼ਤਿਹ ਸ਼ਾਹ ਤੇ ਉਸਦੇ ਸਾਥੀਆਂ ਨੇ ਬਿਨਾਂ ਕਾਰਨ ਗੁਰੂ ਸਾਹਿਬ ਤੇ ਹਮਲਾ ਕਰ ਦਿਤਾ। 22 ਸਾਲ ਦੇ ਗੁਰੂ ਸਾਹਿਬ ਨੂੰ ਪਹਲੀ ਵਾਰੀ ਫੌਜ਼ ਦੀ ਕਮਾਂਡ ਕਰਦਿਆਂ (**ਬਾਕੀ ਸਫਾ 4 'ਤੇ**)

# ਖਾਲਸਾ ਮੇਰਾ ਰੂਪ ਹੈ ਖਾਸ। ਖਾਲਸੇ ਮੈ ਹਓ ਕਰਯੋ ਨਿਵਾਸ।

ਤੇ ਜੂਝਦਿਆਂ ਵੇਖਿਆ। ਜਦੋਂ ਪਠਾਨਾ ਨੇ ਤੇ ਉਦਾਸੀਆਂ ਨੇ ਰਾਜਿਆਂ ਦੀ ਇਤਨੀ ਲੰਬੀ ਚੋੜੀ ਫੌਜ਼ ਦੇਖੀ ਤਾਂ ਘਬਰਾ ਗਏ। ਕੁਝ ਵੈਰੀਆਂ ਨਾਲ ਮਿਲ ਗਏ ਤੇ ਕਈਆਂ ਨੇ ਹਥਿਆਰ ਸੁਟ ਦਿਤੇ। ਇਹ ਸਭ ਦੇਖਕੇ ਬਾਕੀ ਫੌਜ਼ ਦੇ ਹੌਂਸਲੇ ਵੀ ਪਸਤ ਹੋ ਗਏ। ਗੁਰੂ ਸਾਹਿਬ ਨੇ ਦੇਖਿਆ, ਓਹ ਘਾਬਰੇ ਨਹੀ ਧਿੜਕੇ ਨਹੀਂ ਨਾ ਹੀ ਹਿੰਮਤ ਹਾਰੀ। ਅਗੇ ਵਧ ਕੇ ਆਪਣੀ ਫੌਜ਼ ਨੂੰ ਧੀਰਜ ਦਿੰਦਿਆਂ ਕਿਹਾ :

"ਸਾਥੀਓ ਤੇ ਸੇਵਕੋ ਚਿੰਤਾ ਕਾਹਦੀ, ਘਾਬਰੇ ਕਿਓਂ ਹੋ, ਬੰਦਿਆਂ ਦੇ ਆਸਰੇ ਤਾਂ ਅਸਾਂ ਨੇ ਪਹਿਲੇ ਵੀ ਨਹੀ ਸੀ ਲੜਨਾ, ਅਸਾਂ ਨੇ ਤੇ ਰਬ ਦੇ ਆਸਰੇ ਜੂਝਣਾ ਸੀ। ਓਹ ਰਬ ਅਜ ਵੀ ਸਾਡੇ ਨਾਲ ਹੈ ਇਸ ਲਈ ਸਾਡੀ ਜਿਤ ਯਕੀਨੀ ਹੈ ਜੇ ਕਿਸੇ ਨੂੰ ਵੀ ਉਸਦੇ ਅੰਗ ਸੰਗ ਸਹਾਈ ਹੋਣ ਦਾ ਨਿਸਚਾ ਨਾ ਹੋਵੇ, ਜਿਸ ਕਿਸੇ ਨੇ ਵੀ ਮਗਰੋਂ ਪਿਠ ਦਿਖਾ ਦੇਣੀ ਹੈ, ਜੋ ਕਾਇਰ ਹੈ ਕਮਜ਼ੋਰ ਹੈ, ਓਹ ਹੁਣੇ ਇਥੋਂ ਨਿਸੰਗ ਹੋਕੇ ਚਲਾ ਜਾਏ ਅਸਾਂ ਤੇ ਪੈਰ ਹੁਣ ਪਿਛੇ ਨਹੀਂ ਪਾਣਾ। ਇਸ ਜਬਰ ਤੇ ਅਨਿਆਂ ਦਾ ਡਟ ਕੇ ਮੁਕਾਬਲਾ ਕਰਨਾ ਹੈ, ਆਖਰੀ ਦਮ ਤਕ ਕਰਨਾ ਹੈ। ਉਸ ਰਬ ਦੇ ਆਸਰੇ ਪੂਰਨ ਬੇਨਤੀ ਕਰਕੇ ਅਸਾਂ ਨੇ ਕਮਰਕਸਾ ਕੀਤਾ ਹੈ "।



ਕਹਿੰਦੇ ਹਨ ਗੁਰੂ ਸਾਹਿਬ ਦੇ ਇਸ ਐਲਾਨ ਤੇ ਇਕਰਾਰ ਨੇ ਜਾਦੂਈ ਅਸਰ ਕੀਤਾ। ਨਿਰਾਸ਼ੇ ਦਿਲਾਂ ਵਿਚ ਨਾ ਕੇਵਲ ਆਸ ਦੀ ਜੋਤ ਜਗਾਈ ਸਗੋਂ ਅਥਾਹ ਜੋਸ਼ ਭਰ ਦਿਤਾ, ਹਰ ਇਕ ਦੇ ਦਿਲ ਵਿਚ ਝੂਝਣ ਦਾ ਚਾਅ ਪੈਦਾ ਹੋ ਗਿਆ, ਹਰ ਕੋਈ ਲੜਨ ਮਰਨ ਨੂੰ ਤਿਆਰ ਹੋ ਗਿਆ, ਤਲਵਾਰਾਂ ਚਮਕਣ ਤੇ ਖੜਕਣ ਲਗ ਪਈਆਂ, ਜਵਾਨ ਉਠੇ ਤੇ ਤੇਗਾਂ ਤੇ ਕਮਾਨਾ ਸੂਤ ਕੇ ਡਟ ਗਏ। ਇਨੇ ਨੂੰ ਪੀਰ ਬੁਧੂ ਸ਼ਾਹ ਆਪਣੇ ਦੋ ਭਰਾਵਾਂ 4 ਪੁਤਰਾ ਤੇ 700 ਮੁਰੀਦਾਂ ਨੂੰ ਲੈਕੇ ਮੈਦਾਨ ਵਿਚ ਆ ਗਏ। ਬੜੀ ਗਹਿਗਚ ਲੜਾਈ ਹੋਈ। ਮਹੰਤ ਕਿਰਪਾਲ ਤੇ ਲਾਲ ਚੰਦ ਹਲਵਾਈ ਤੇ ਕਈ ਇਹੋ ਜਹੇ ਸਨ ਜਿਨ੍ਹਾ ਨੇ ਨੰਗੀ ਕਰਦ ਕਦੀ ਹਥ ਵਿਚ ਨਹੀ ਸੀ ਪਕੜੀ, ਯੁਧ ਦਾ ਨਾਂ ਨਹੀਂ ਸੀ ਸੁਣਿਆ, ਤਲਵਾਰ ਨੂੰ ਕਦੇ ਹਥ ਨਹੀ ਸੀ ਲਗਾਇਆ, ਵੇਰੀਆਂ ਦੇ ਅਜਿਹੇ ਆਹੂ ਲਾਹੇ ਕੀ ਪਠਾਨ ਤੇ ਰਾਜਪੂਤ ਹੈਰਾਨ ਰਹਿ ਗਏ। ਪੀਰ ਬੁਧੂ ਸ਼ਾਹ ਦੇ ਪੁਤਰਾਂ ਨੇ ਐਸੀ ਤਲਵਾਰ ਚਲਾਈ ਕਿ ਵੇਖਣ ਵਾਲੇ ਦੰਗ ਰਹਿ ਗਏ। ਪੀਰ ਬੁਧੂ ਸ਼ਾਹ ਆਂਦਿਆਂ ਸਾਰ ਵੇਰੀਆਂ ਤੇ ਟੁਟ ਪਏ। ਮਹੰਤ ਕਿਰਪਾਲ ਦਾ ਵੀ ਜੋਸ਼ ਅੰਤਾਂ ਦਾ ਸੀ। ਪੀਰ ਬੁਧੂ ਸ਼ਾਹ ਦੇ ਦੋ ਪੁਤਰ ਸ਼ਹੀਦ ਹੋ ਗਏ ਪਰ ਓਹ ਰੁਕੇ ਨਹੀਂ। ਗੁਰੂ ਸਾਹਿਬ ਨੇ ਖੁਦ ਵੀ ਰਾਜਾ ਹਰੀ ਚੰਦ ਨੂੰ ਤਿੰਨ ਮੋਕੇ ਦੇਕੇ ਇਕ ਤੀਰ ਨਾਲ ਢਿਹ ਢੇਰੀ ਕਰ ਦਿਤਾ। ਦੁਸ਼ਮਣ ਨੇ ਹਾਰ ਮੰਨ ਲਈ।

ਗੁਰੂ ਸਾਹਿਬ ਦੀ ਇਹ ਲੜਾਈ ਕੋਈ ਜਰ ਜ਼ੋਰੂ ਜਾ ਜਮੀਨ ਲਈ ਨਹੀਂ ਸੀ। ਇਹ ਧਰਮ ਤੇ ਨਿਆਂ ਦੀ ਲੜਾਈ ਸੀ। ਜਿਤ ਗੁਰੂ ਸਾਹਿਬ ਦੀ ਹੋਈ ਪਰ ਉਨਾਂ ਨੇ ਨਾ ਕੋਈ ਈਨ ਮਨਵਾਈ, ਨਾ ਇਲਾਕਾ ਮਲਿਆ, ਨਾ ਬੰਦੇ ਫੜੇ, ਨਾ ਅੰਗ ਵਢੇ, ਨਾ ਸੂਲੀ ਚਾੜੇ, ਨਾ ਰਾਜਨੀਤਿਕ ਤੇ ਨਾ ਕੋਈ ਨਿਜੀ ਲਾਭ ਉਠਾਇਆ। ਲੜਾਈ ਖਤਮ ਹੋਣ ਤੋ ਬਾਅਦ ਗੁਰੂ ਸਾਹਿਬ ਖੇਮੇ ਵਿਚ ਬਖਸ਼ਿਸ਼ਾਂ ਵੰਡਣ ਗਏ। ਗੁਰੂ ਸਾਹਿਬ ਖੁਸ਼ ਸਨ ਪੀਰ ਬੁਧੂ ਸ਼ਾਹ ਤੇ ਮਹੰਤ ਕਿਰਪਾਲ ਨੇ ਵਕਤ ਨੂੰ ਸੰਭਾਲ ਲਿਆ। ਗੁਰੂ ਸਾਹਿਬ ਕੰਘਾ ਕਰ ਰਹੇ ਸਨ, ਜਦ ਪੀਰ ਬੁਧੂ ਸ਼ਾਹ ਤੇ ਮਹੰਤ ਕਿਰਪਾਲ ਅੰਦਰ ਆਏ। ਜਦ ਗੁਰੂ ਸਾਹਿਬ ਨੇ ਕੁਝ ਮੰਗਣ ਵਾਸਤੇ ਕਿਹਾ ਤੇ ਪੀਰ ਬੁਧੂ ਸ਼ਾਹ ਨੇ ਕੇਸਾਂ ਵਾਲੇ ਕੰਘੇ ਦੀ ਮੰਗ ਕੀਤੀ। ਗੁਰੂ ਸਾਹਿਬ ਨੇ ਕੇਸਾ ਵਾਲਾ ਕੰਘਾ ਪੀਰ ਬੁਧੂ ਸ਼ਾਹ ਨੂੰ ਤੇ ਦੋਨੋ ਨੂੰ ਅਧੀ ਅਧੀ ਦਸਤਾਰ, ਛੋਟੀ ਕਿਰਪਾਨ ਤੇ ਹੁਕਮ ਨਾਮੇ ਦੇਕੇ ਵਿਦਾ ਕੀਤਾ।

ਭੰਗਾਣੀ ਦਾ ਯੁਧ ਇਕ ਧਰਮ ਯੁਧ ਸੀ ਤੇ ਮਹਾਨ ਜਿਤ ਵੀ, ਜਿਸਨੇ ਗੁਰੂ ਸਾਹਿਬ ਦੇ ਆਦਰਸ਼ਾਂ ਨੂੰ ਦ੍ਰਿੜਤਾ ਬਖਸ਼ੀ ਤੇ ਕੌਮ ਉਸਾਰੀ ਦੇ ਮਕਸਦ ਨੂੰ ਤਾਕਤ। ਇਹ ਜਿਤ ਸਿਰਫ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਸੀ ਬਲਿਕ ਅਕਾਲ ਪੁਰਖ ਦੀ ਫਤਿਹ ਸੀ ਜਿਸ ਨੂੰ ਜਿਤਣ ਲਈ ਓਨ੍ਹਾ ਦੇ ਸੇਵਕਾਂ, ਸਿਖ, ਹਿੰਦੂ, ਤੇ ਮੁਸਲ੍ਮਾਨਾਂ ਨੇ ਸਾਂਝਾ ਖੂਨ ਡੋਲਿਆ ਸੀ। ਇਸ ਪਵਿਤਰ ਉਦੇਸ਼ ਸਦਕਾ ਉਨ੍ਹਾ ਦਾ ਜਸ ਦੂਰ ਦੂਰ ਫੈਲ ਗਿਆ। ਦੂਰੋਂ ਦੂਰੋਂ ਬਹੁਤ ਸਾਰੇ ਜਵਾਨ ਜਿਨ੍ਹਾ ਦੀ ਮੰਗ ਸਿਰਫ ਦੋ ਵਕਤ ਦੀ ਰੋਟੀ ਤੇ 6 ਮਹੀਨਾ ਬਾਅਦ ਇਕ ਜੋੜਾ ਸੀ, ਇਸ ਧਰਮ ਯੁਧ ਵਿਚ ਸ਼ਾਮਲ ਹੋਣ ਨੂੰ ਆ ਗਏ। ਹੁਣ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਫਰਜਾਂ ਤੇ ਜਿਮੇਵਾਰੀਆਂ ਨਿਭਾਣ ਲਈ ਵਧੇਰੇ ਚੇਤੰਨ ਹੋਣਾ ਪਿਆ। ਇਕ ਨਵਾਂ ਦੌਰ ਸ਼ੁਰੂ ਹੋ ਗਿਆ ਜਿਸ ਵਿਚ ਫ਼ੋਜ਼ ਭਰਤੀ, ਸੇਨਿਕ ਸਿਖਲਾਈ ਦੇ ਨਾਲ ਨਾਲ ਆਪਣੀ ਫੋਜ ਲਈ ਸਾਧਨ ਪ੍ਰਾਪਤੀ ਤੇ ਕਿਲੇਬੰਦੀ ਵੀ ਸ਼ਾਮਲ ਹੋ ਗਏ।

ਆਵਾਜ਼ਿ ਕੌਮ
AWAZE QAUM
International Newspaper & WEB TV

ਗੁਰੂ ਸਾਹਿਬ ਨੂੰ ਇਹ ਤਾਂ ਸਮਝ ਆ ਗਿਆ ਕੀ ਇਹ ਪਹਿਲੀ ਲੜਾਈ ਹੈ ਪਰ ਆਖਿਰੀ ਨਹੀਂ। ਭੰਗਾਣੀ ਦੇ ਯੁਧ ਤੋ ਬਾਅਦ ਗੁਰੂ ਸਾਹਿਬ ਨੂੰ ਕਈ ਜੰਗਾਂ ਸਿਲਸਿਲੇ ਵਾਰ ਲੜਨੀਆ ਪਈਆਂ ਕਦੇ ਪਹਾੜੀ ਰਾਜਿਆਂ ਨਾਲ, ਕਦੇ ਪੂਰੀ ਮੁਗਲ ਹਕੂਮਤ ਨਾਲ ਤੇ ਕਦੇ ਸਰਹੰਦ ਦੇ ਨਵਾਬ ਨਾਲ। ਗੁਰੂ ਸਾਹਿਬ ਨੇ ਫੈਸਲਾ ਕੀਤਾ ਕਿ ਪੌਂਟਾ ਸਾਹਿਬ ਉਨ੍ਹਾ ਦੇ ਸਿਖਾਂ ਲਈ ਸੁਰਖਿਅਤ ਨਹੀ ਹੈ। ਉਨ੍ਹਾ ਨੇ ਵਾਪਸ ਆਨੰਦਪੁਰ ਜਾਣ ਦੀ ਤਿਆਰੀ ਕਰ ਲਈ। ਪਹਾੜੀ ਰਾਜੇ ਮੁਗਲ ਹਕੂਮਤ ਨੂੰ ਖੁਸ਼ ਕਰਨ ਵਿਚ ਲਗ ਗਏ। ਗੁਰੂ ਸਾਹਿਬ ਨੇ ਆਪਣਾ ਸਾਰਾ ਧਿਆਨ ਆਨੰਦਪੁਰ ਦੀ ਸੁਰਖਿਆ ਤੇ ਵਿਕਸਤ ਕਰਨ ਵਿਚ ਲਗਾ ਦਿਤਾ। ਉਨ੍ਹਾ ਨੇ ਸਿਖਾਂ ਦੀ ਫੌਜ਼ ਨੂੰ ਬਕਾਇਦਾ ਜਥੇਬੰਦ ਕੀਤਾ ਤੇ ਸੁਰਖਿਆ ਲਈ ਪੰਜ ਕਿਲੇ ਬਣਵਾਏ।

ਆਨੰਦਪੁਰ ਵਾਸੀਆਂ ਨੂੰ ਮਜਬੂਤ ਕਰਨ ਲਈ ਕਵੀਆਂ ਪਾਸੋਂ ਗ੍ਰੰਥ ਸਾਹਿਬ ਦੇ ਅਨੁਵਾਦ ਕਰਾਏ, ਢਾਡੀਆਂ ਪਾਸੋਂ ਪੁਰਾਤਨ ਜੰਗਾ ਦੇ ਕਾਰਨਾਮੇ ਤੇ ਦੇਸ਼ ਸੇਵਾ ਲਈ ਮਰ ਮਿਟਣ ਦੇ ਗੀਤ ਲਿਖਵਾਏ। ਕਿਰਤ ਕਮਾਈ, ਵੰਡ ਛਕਣ ਤੇ ਸਿਮਰਨ ਕਰਨ ਤੇ ਪੰਥਕ ਜਥੇਬੰਦੀ ਦੇ ਮੁਢਲੇ ਅਸੂਲ ਕਾਇਮ ਕੀਤੇ। ਇਸ ਤਰਹ ਫੌਜ਼ ਨੂੰ ਵੈਰੀਆਂ ਦੇ ਟਾਕਰੇ, ਧਰਮ ਯੁਧ ਲਈ ਪੂਰੀ ਤਰਹ ਤਿਆਰ ਕੀਤਾ।

1670 ਵਿਚ ਔਰੰਗਜ਼ੇਬ ਜੋ ਪਿਛਲੇ 8 ਸਾਲਾਂ ਤੋ ਦਖਣ ਵਿਚ ਮਰਹਟਿਆਂ ਨਾਲ ਲੜ ਰਿਹਾ ਸੀ, ਇਨੀ ਵਡੀ ਫੌਜ਼ ਲਈ ਅੰਨ ਤੇ ਧੰਨ ਦੀ ਜਰੂਰਤ ਪੈ ਗਈ। ਜਿਸਦੀ ਪੂਰਤੀ ਉਤਰੀ ਪੂਰਬੀ ਸੂਬਿਆਂ ਤੇ ਭਾਰੀ ਟੇਕ੍ਸ ਲਗਾ ਕੇ ਕੀਤੀ ਜਾਂਦੀ ਸੀ ਉਸਨੇ ਸਭ ਸੂਬਿਆਂ ਵਿਚ ਹੁਕਮ ਭੇਜਿਆ ਕੀ ਜਲਦੀ ਤੋਂ ਜਲਦੀ ਮੈਨੂੰ ਲਗਾਨ ਇਕਠਾ ਕਰਕੇ ਭੇਜੋ। ਪਹਾੜੀ ਰਾਜੇ ਲਗਾਨ ਨਹੀਂ ਸੀ ਦੇਣਾ ਚਾਹੁੰਦੇ, ਗੁਰੂ ਸਾਹਿਬ ਵੀ ਇਸ ਲਗਾਨ ਜੋ ਸਿਰਫ ਹਿੰਦੂਆਂ ਤੇ ਲਗਾਇਆ ਜਾਂਦਾ ਸੀ ਦੇ ਵਿਰੁਧ ਸੀ। ਪਹਾੜੀ ਰਾਜਿਆਂ ਨੇ ਸੋਚਿਆ ਕਿ ਕਿਓਂ ਨਾ ਗੁਰੂ ਸਾਹਿਬ ਆਪਣੇ ਨਾਲ ਮਿਲਾ ਲਿਆ ਜਾਏ 1 ਉਨਾਂ ਨੇ ਗੁਰੂ ਸਾਹਿਬ ਤੋਂ ਮਾਫੀਆਂ ਮੰਗੀਆਂ ਤੇ ਸਹਾਇਤਾ ਦੇਣ ਲਈ ਬੇਨਤੀ ਕੀਤੀ।

2.**ਨੰਦੇੜ ਦਾ ਯੁਧ**-ਇਥੇ ਗੁਰੂ ਸਾਹਿਬ ਤੇ ਰਾਜਿਆਂ ਦੀ ਮਿਲਵੀਂ ਫੌਜ਼ ਨਾਲ ਅਲਫ ਖਾਨ ਦੀ ਫੋਜ਼ ਨਾਲ, ਜੋ ਖਿਰਾਜ਼ ਇਕਠਾ ਕਰਨ ਆਇਆ ਸੀ ਜੋਰਦਾਰ ਟਕਰ ਹੋਈ। ਅਲਫ ਖਾਨ ਮੈਦਾਨ ਛਡ ਕੇ ਨਸ ਗਿਆ। ਜਿਤ ਦੀ ਖੁਸ਼ੀ ਵਿਚ ਰਾਜਾ ਭੀਮ ਚੰਦ ਬਹੁਤ ਸਾਰੀਆਂ ਅਣਮੁਲੀਆਂ ਭੇਟਾਵਾਂ ਲੈ ਕੇ ਗੁਰੂ ਸਾਹਿਬ ਕੋਲ ਆਇਆ।

3. **ਰੁਸਤਮ ਖਾਨ ਨਾਲ ਯੁਧ**-ਜਦੋਂ ਲਾਹੌਰ ਦੇ ਸੂਬੇ ਨੂੰ ਅਲਫ ਖਾਨ ਦੀ ਹਾਰ ਦੀ ਖਬਰ ਮਿਲੀ ਤਾਂ ਉਸਨੇ ਆਪਣੇ ਪੁਤਰ ਨੂੰ ਗੁਰੂ ਸਾਹਿਬ ਤੇ ਚੜਾਈ ਕਰਨ ਲਈ ਭੇਜਿਆ। ਜਦੋਂ ਪਠਾਣਾ ਦਾ ਦਲ ਨਦੀ ਪਾਰ ਪਹੁੰਚਿਆ ਤਾਂ ਗੁਰੂ ਸਾਹਿਬ ਦੀਆਂ ਫੌਜਾਂ ਤਿਆਰ ਹੋ ਗਈਆਂ। ਜੈਕਰਾ ਛਡਿਆ, ਬੰਦੂਕਾਂ ਚਲੀਆਂ। ਪਠਾਨ ਇਨਾਂ ਜੈਕਾਰਿਆਂ ਦੀ ਅਵਾਜ਼ ਸੁਣ ਕੇ ਇਤਨਾ ਡਰ ਗਏ ਕਿ ਮੈਦਾਨ ਛਡ ਕੇ ਦੋੜਨ ਵਿਚ ਹੀ ਉਨ੍ਹਾ ਨੇ ਆਪਣੀ ਖਰੀਅਤ ਸਮਝੀ।

4. **ਹੁਸੈਨੀ ਦੀ ਜੰਗ**-ਹੁਸੇਨੀ, ਦਲਾਵਰ ਖਾਨ ਦਾ ਪੁਤਰ ਫੌਜਾਂ ਲੇਕੇ ਆਨੰਦਪੁਰ ਸਾਹਿਬ ਗੁਰੂ ਸਾਹਿਬ ਤੇ ਹਮਲਾ ਕਰਨ ਲਈ ਆਇਆ। ਰਸਤੇ ਵਿਚ ਉਨ੍ਹਾ ਨੇ ਪਹਾੜੀਆਂ ਰਾਜਿਆਂ ਤੇ ਚੜਾਈ ਕਰ ਦਿਤੀ। ਖੂਬ ਲੁਟਿਆ ਕੁਟਿਆ ਜਿਸਤੋਂ ਡਰ ਕੇ ਪਹਾੜੀ ਰਾਜੇ ਹੁਸੇਨੀ ਨਾਲ ਮਿਲ ਗਏ। ਪਰ ਲਗਾਨ ਪਿਛੇ ਉਨ੍ਹਾ ਦਾ ਆਪਸ ਵਿਚ ਮਤ-ਭੇਦ ਹੋ ਗਿਆ ਜਿਸ ਵਿਚ ਕਿਰਪਾਲ ਉਸਦੇ ਸਾਥੀ ਤੇ ਹੁਸੈਨੀ ਸਭ ਮਾਰੇ ਗਏ। ਲੜਾਈ ਤੋਂ ਪਹਿਲਾਂ ਹੀ ਲੜਾਈ ਖਤਮ ਹੋ ਗਈ। ਜਦੋਂ ਹੁਸੈਨੀ ਦਾ ਮਰਨਾ ਦਿਲਾਵਰ ਖਾਨ ਨੇ ਸੁਣਿਆ ਤਾਂ ਬੜੇ ਕ੍ਰੋਧ ਵਿਚ ਆਕੇ ਇਕ ਫੌਜੀ ਸਰਦਾਰ ਝੁਝਾਰ ਸਿੰਘ, ਰਾਜਪੂਤ ਨੂੰ ਫੌਜ਼ ਦੇਕੇ ਭੇਜਿਆ। ਓਹ ਵੀ ਲੜਾਈ ਵਿਚ ਮਾਰਿਆ ਗਿਆ ਤੇ ਸ਼ਾਹੀ ਸੇਨਾ ਲਾਹੌਰ ਨੂੰ ਭਜ ਗਈ।

ਗੁਰੂ ਸਾਹਿਬ ਆਪਣੀਆਂ ਫੌਜਾਂ ਦਾ ਸੰਗਠਨ ਕਰਨ ਵਿਚ ਲਗ ਗਏ। ਯੁਧ ਦੇ ਰੰਗਾਂ ਢੰਗਾਂ ਦੀ ਸਿਖਲਾਈ, ਸ਼ਸ਼ਤਰ ਤਿਆਰ ਕਰਨਾ, ਦਰਬਾਰ ਲਗਾਣਾ, ਬਾਣੀ ਦੀ ਰਚਨਾ ਤੇ ਉਨਾ ਦੇ ਅਨੁਵਾਦ, ਮਹਾਭਾਰਤ ਗੀਤਾ ਤੇ ਰਮਾਇਣ ਦੇ ਅਨੁਵਾਦ ਆਦਿ। ਗੁਰੂ ਸਾਹਿਬ ਦੇ ਦਰਬਾਰ ਵਿਚ ਇਕ ਪੰਡਿਤ ਕਥਾ ਕਰਦਾ ਸੀ ਉਸ ਨੂੰ ਸਿਖਾਂ ਨੂੰ ਸੰਸਕ੍ਰਿਤ ਪੜਾਓਣ ਵਾਸਤੇ ਕਿਹਾ। ਉਸਦਾ ਜਵਾਬ ਸੀ ਆਪ ਜੀ ਦੇ ਸਿੰਘ ਨੀਵੀਆਂ ਜਾਤਾਂ ਵਿਚੋ ਹਨ ਉਨ੍ਹਾ ਨੂੰ ਆਗਿਆ ਨਹੀ ਸੰਸਕ੍ਰਿਤ ਪੜਾਓਣ ਦੀ। ਸੰਸਕ੍ਰਿਤ ਪੜਨਾ ਸਿਰਫ ਬ੍ਰਾਹਮਣਾ ਦਾ ਹਕ ਹੈ। ਗੁਰੂ ਸਾਹਿਬ ਨੇ ਜਵਾਬ ਦਿਤਾ, " ਪੰਡਤ ਜੀ ਓਹ ਸਮਾ ਆਓਣ ਵਾਲਾ ਹੈ ਕੀ ਸਾਡੇ ਸਿਖ ਇਸ ਵਿਦਿਆ ਨੂੰ ਪੜਕੇ ਵਿਦਵਾਨ ਬਣਨਗੇ, ਬ੍ਰਾਹਮਣ ਲੋਕ ਇਨ੍ਹਾ ਦੇ ਪੈਰਾਂ ਵਿਚ ਬੈਠ ਕੇ ਇਨ੍ਹਾ ਤੋ ਵਿਦਿਆ ਪੜਨਗੇ। ਉਨ੍ਹਾ ਨੇ ਪੰਜ ਸਿਖਾਂ ਨੂੰ ਸੰਸਕ੍ਰਿਤ ਪੜਨ ਲਈ ਕਾਂਸ਼ੀ ਤੇ ਬਨਾਰਸ ਭੇਜਿਆ ਇਹ ਲੋਗ ਯੁਧਾਂ ਤੇ ਨਹੀਂ ਸੀ ਜਾਂਦੇ ਸਿਰਫ ਪੜਾਓਣ ਦਾ ਕੰਮ ਕਰਦੇ ਸੀ ਇਨ੍ਹਾ ਨੂੰ ਨਿਰਮਲੇ ਸੰਤ ਕਿਹਾ ਜਾਂਦਾ ਸੀ।

ਨੰਦੇੜ ਦੇ ਯੁਧ ਵਿਚ ਅਲਫ ਖਾਨ ਅਤੇ ਦਿਲਾਵਰ ਖਾਨ ਦੀਆਂ ਹਾਰਾ, ਹੁਸੈਨੀ ਦਾ ਮਾਰਿਆ ਜਾਣਾ ਸਭ ਖਬਰਾਂ ਜਦ ਔਰੰਜ਼ੇਬ ਨੂੰ ਮਿਲੀਆਂ, ਉਸ ਨੂੰ ਬੜੀ ਚਿੰਤਾ ਹੋਈ। ਉਸਨੇ ਆਪਣੇ ਪੁਤਰ ਮੁਆਜਮ ਨੂੰ ਪੰਜਾਬ ਵਿਚ ਫੈਲੀ ਬਦਅਮਨੀ ਨੂੰ ਦਬਾਓਣ ਵਾਸਤੇ ਭੇਜਿਆ ਪਰ ਉਸ ਵਕਤ ਤਕ ਗੁਰੂ ਸਾਹਿਬ ਦੀ ਤਾਕਤ ਇਤਨੀ ਵਧ ਚੁਕੀ ਸੀ। ਉਹ ਗੁਰੂ ਸਾਹਿਬ ਦੀ ਕਦਰ ਵੀ ਕਰਦਾ ਸੀ ਜਿਸ ਕਰਕੇ ਉਸਨੇ ਸੁਲਹ -ਸਫਾਈ ਵਿਚ ਬੇਹਤਰੀ ਸਮਝੀ।

ਲਾਹੌਰ ਬੈਠਕੇ ਜਦ ਔਰੰਗਜ਼ੇਬ ਨੂੰ ਸਾਰੇ ਹਾਲਤਾਂ ਦਾ ਪਤਾ ਚਲਿਆ, ਕੀ ਕਈ ਸਾਲਾਂ ਦਾ ਲਗਾਨ ਪਹਾੜੀ ਰਾਜਿਆਂ ਵਲ ਰਹਿੰਦਾ ਹੈ। ਜਦ ਵੀ ਕੋਈ ਅਫਸਰ ਮਾਮਲੇ ਨੂੰ ਲੈਣ ਲਈ ਭੇਜਿਆ ਜਾਂਦਾ ਤਾਂ ਉਸ ਨਾਲ ਲੜਾਈ ਕਰਕੇ ਜਾਨ-ਮਾਲ ਦਾ ਬਹੁਤ ਵਡਾ ਨੁਕਸਾਨ ਕਰ ਦਿੰਦੇ ਸਨ। ਉਸਨੇ ਮਿਰਜਾ ਬੇਗ ਨੂੰ ਬਹੁਤ ਵਡੀ ਫੌਜ਼ ਦੇਕੇ ਇਨਾਂ ਪਹਾੜੀ ਰਾਜਿਆਂ ਤੋਂ ਮਾਮਲਾ ਉਗਰਾਹ ਣ ਲਈ ਭੇਜਿਆ। ਸਭ ਰਾਜਿਆਂ ਨੇ ਹਥ ਜੋੜ ਕੇ ਮਾਫੀਆਂ ਮੰਗੀਆਂ ਤੇ ਸਾਰਾ ਮਾਮਲਾ ਵੀ ਤਾਰ ਦਿਤਾ। ਪੰਜ ਛੇ ਸਾਲ ਅਮਨ ਅਮਾਨ ਨਾਲ ਲੰਘੇ।

**ਬ੍ਰਹਮਣਾ ਦੀ ਪ੍ਰੀਖਿਆ**-ਇਕ ਦਿਨ ਗੁਰੂ ਸਾਹਿਬ ਨੇ ਬਹੁਤ ਸਾਰੇ ਬ੍ਰਹਮਣਾ ਨੂੰ ਪ੍ਰੀਤੀ ਭੋਜ ਤੇ ਸਦਿਆ। ਇਕ ਪਾਸੇ ਮਹਾਂ ਪ੍ਰਸ਼ਾਦ ਦਾ ਲੰਗਰ ਤੇ ਦੂਜੇ ਪਾਸੇ ਵੈਸ਼ਨੋ ਭੋਜ ਸੀ। ਗੁਰੂ ਸਾਹਿਬ ਨੇ ਇਹ ਕਹਿਲਵਾ ਦਿਤਾ ਕੀ ਮਹਾਂ ਪ੍ਰਸ਼ਾਦ ਪਾਸੇ ਲੰਗਰ ਦੇ ਨਾਲ 5 ਮੋਹਰਾਂ ਦੇ ਵੈਸ਼ਨੋ ਵਾਲੇ ਪਾਸੇ ਦੋ ਦੋ ਮੋਹਰਾਂ ਭੇਟਾ ਕੀਤੀਆਂ ਜਾਣਗੀਆਂ। ਬਹੁਤ ਸਾਰੇ ਬ੍ਰਹਮਣ ਪੰਜ ਪੰਜ ਮੋਹਰਾਂ ਦੇ ਲਾਲਚ ਵਿਚ ਮਹਾ ਪ੍ਰਸ਼ਾਦ ਪਾਸੇ ਚਲੇ ਗਏ। ਜੋ ਵੈਸਨੋ ਭੋਜਨ ਪਾਸੇ ਗਏ ਸੀ ਗੁਰੂ ਸਾਹਿਬ ਨੇ ਉਨ੍ਹਾ ਨੂੰ ਮਥਾ ਟੇਕਿਆ ਤੇ ਕਿਹਾ ਤੁਸੀਂ ਧੰਨਤਾ ਦੇ ਯੋਗ ਹੋ। ਜੋ ਸਹੀ ਪੰਡਤ ਸੀ ਬਹੁਤ ਖੁਸ਼ ਹੋਏ ਤੇ ਗੁਰੂ ਸਾਹਿਬ ਨੂੰ ਕਹਿਣ ਲਗੇ ਜੇ ਤੁਸੀਂ ਦੇਵੀ ਸਿਧ ਕਰ ਲਉ ਤਾਂ ਤੁਹਾਡੀ ਹਮੇਸ਼ਾਂ ਹੀ ਜਿਤ ਹੋਵੇਗੀ। ਗੁਰੂ ਸਹਿਬ ਨੇ ਉਨ੍ਹਾ ਦਾ ਇਹ ਭਰਮ ਜਾਲ ਵੀ ਦੂਰ ਕਰਨਾ ਸੀ ਸੋ ਹਾਂ ਕਰ ਦਿਤੀ। ਪੰਡਿਤ ਕਿਸ਼ਨ ਨੂੰ ਸਦਾ ਦਿਤਾ ਗਿਆ। ਗੁਰੂ ਸਾਹਿਬ ਨੇ ਮੂਹੋਂ ਮੰਗਿਆ ਧੰਨ ਦੋਲਤ ਦਿਤੀ। 9 ਮਹੀਨੇ ਲਗਾਤਾਰ ਹਵਨ ਕੁੰਡ ਵਿਚ ਆਹੂਤੀਆਂ ਪਾਦਾਂ ਰਿਹਾ, ਕੋਈ ਦੇਵੀ ਪ੍ਰਗਟ ਨਹੀਂ ਹੋਈ। ਇਕ ਦਿਨ ਗੁਰੂ ਸਾਹਿਬ ਨੇ ਸਾਰੀ ਆਹੂਤੀ ਹਵਨ ਕੁੰਡ ਵਿਚ ਪਾ ਦਿਤੀ, ਮਿਆਨ ਵਿਚੋਂ ਤਲਵਾਰ ਕਢ ਕੇ ਉਲਾਰੀ ਤੇ ਕਿਹਾ। ਐਹ ਸਾਡੀ ਦੇਵੀ ਸ਼ਕਤੀ ਹੈ, ਜੋ ਜੁਲਮ ਨਾਲ ਟਕਰ ਲੈ ਸਕਦੀ ਹੈ।

ਅਸਿ ਕਿਰਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।
ਸੈਫ਼ ਸਰੋਹੀ ਸੈਹ੍ਥੀ ਇਹੈ ਹਮਾਰੇ ਪੀਰ।।

**ਖਾਲਸੇ ਦੀ ਸਿਰਜਣਾ**-ਖਾਲਸੇ ਦੀ ਆਤਮਿਕ ਤੇ ਅਮ੍ਰਿਤ ਮਈ ਜੀਵਨ ਕਿਰਿਆ ਦੀ ਸਿਰਜਣਾ ਤਾਂ ਪਹਿਲੇ ਹੋ ਚੁਕੀ ਸੀ, ਬਾਣੀ ਵਿਵੇਕ, ਸੇਵਾ, ਸੁਚੀ ਕਿਰਤ, ਨਿਰਮਲ ਕਰਮ, ਸਿਮਰਨ ਦੇ ਨਾਲ ਨਾਲ ਮਨੁਖ ਦੀ ਓਤਮਤਾ, ਇਨਸਾਨੀ ਅਧਿਕਾਰਾਂ ਦੀ ਮਹਤਤਾ ਤੇ ਸਰਬ ਸਾਂਝੀਵਾਲਤਾ ਦੇ ਆਦਰਸ਼ ਸਿੰਘਾਂ ਵਿਚ ਕੁਟ ਕੁਟ ਭਰ ਚੁਕੇ ਸਨ। ਗੁਰੂ ਸਾਹਿਬ ਤੋ ਆਪਾ ਵਾਰਨ ਦੀਆਂ ਵਾਰਤਾਵਾਂ ਕਈ ਹਨ, ਮੁਹਿਸਫਾਨੀ ਇਕ ਦਾ ਵਰਣਨ ਕਰਦਾ ਹੈ।

ਗੁਰੂ ਹਰਗੋਬਿੰਦ ਸਾਹਿਬ ਨੇ ਕਾਬਲ ਦੀਆ ਸੰਗਤਾਂ ਨੂੰ ਲਿਖ ਭੇਜਿਆ ਕਿ ਉਨਾਂ ਲਈ ਇਕ ਸੁੰਦਰ ਇਰਾਕੀ ਘੋੜਾ ਭੇਜਿਆ ਜਾਏ। ਇਸ ਕੰਮ ਲਈ ਉਨਾਂ ਨੇ ਭਾਈ ਸਾਧੂ ਜੀ ਨੂੰ ਇਰਾਕ ਭੇਜਿਆ। ਅਜੇ ਓਹ ਮਸਾਂ ਇਕ ਪੜਾਵ ਹੀ ਪਹੰਚੇ ਸੀ ਕੀ, ਪਿਛੋਂ ਖਬਰ ਆ ਗਈ ਕਿ ਤੁਹਾਡਾ ਪੁਤਰ ਸਖਤ ਬੀਮਾਰ ਹੈ ਵਾਪਸ ਮੁੜ ਆਉ। ਭਾਈ ਸਾਹਿਬ ਨੇ ਉੱਤਰ ਦਿਤਾ ਕਿ ਓਹ ਹੁਣ ਗੁਰੂ ਸਾਹਿਬ ਦੇ ਬਚਨਾਂ ਵਲ ਮੂੰਹ ਕਰ ਚੁਕੇ ਹਨ, ਪਿਠ ਨਹੀ ਕਰ ਸਕਦੇ। ਘਰ ਲਕੜਾਂ ਬਹੁਤ ਪਈਆਂ ਹਨ ਜੇ ਮਰ ਗਿਆ ਤੇ ਸੰਸਕਾਰ ਕਰ ਦੇਣਾ।

ਗੁਰੂ ਤੇਗ ਬਹਾਦੁਰ ਦੀ ਸ਼ਹੀਦੀ ਤੋ ਬਾਦ ਹਕੂਮਤ ਨੂੰ ਵੰਗਾਰਨਾ। ਕੋਤਵਾਲੀ ਦੇ ਸਾਮਣਓ ਸੀਸ ਤੇ ਧੜ ਚੁਕ ਕੇ ਲੈ ਜਾਣਾ। ਧੜ ਦਾ ਸਸਕਾਰ ਕਰਨ ਲਈ ਆਪਣੇ ਘਰ ਨੂੰ ਸਮਾਨ ਸਮੇਤ ਫੂਕ ਦੇਣਾ, ਸੀਸ ਨੂੰ ਦਹਿਸ਼ਤ ਭਰੇ ਮਹੋਲ ਵਿਚ ਦਿਲੀ ਤੋ ਪਟਨਾ ਲਿਜਾਣਾ, ਔਰੰਗਜ਼ੇਬ ਨੂੰ ਕਿਸ਼ਤੀ ਵਿਚ ਬੇਠੇ ਪਥਰ ਮਾਰਨਾ, ਜਾਮਾ ਮੁ੍ਸ੍ਜਿਦ ਦੇ ਸਾਮਣੇ ਤਲਵਾਰ ਨਾਲ ਉਸਤੇ ਵਾਰ ਕਰਣਾ ਇਹ ਕੋਈ ਛੋਟੀ ਗਲ ਨਹੀਂ। ਸਿਖਾਂ ਵਿਚ ਹਕੂਮਤ ਨੂੰ ਵੰਗਾਰਨ ਦੀ ਸ਼ਕਤੀ ਆ ਚੁਕੀ ਸੀ। ਲੋੜ ਸੀ ਇਸ ਨਿਆਰੇ ਸਰੂਪ, ਸ਼ਖਸ਼ੀਅਤ ਤੇ ਵਿਲਖਣ ਹੋਂਦ ਤੇ ਹਸਤੀ ਦੀ ਜਿਸਦੀ ਸਿਰਜਣਾ ਕਰਨਾ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਦੀ ਉਪਜ ਤੇ ਦੇਣ ਹੈ।

29 ਮਾਰਚ 1699 ਦੀ ਵੈਸਾਖੀ ਦਾ ਜੋੜ ਮੇਲਾ ਕੁਝ ਵਖਰਾ ਤੇ ਅਨੋਖਾ ਸੀ। ਤਖ਼ਤ ਸ੍ਰੀ ਕੇਸ ਗੜ ਤੇ ਦੀਵਾਨ ਸਾਜਾਏ ਗਏ, ਕੀਰਤਨ ਹੋਏ, ਸੰਗਤਾ ਕੀਰਤਨ ਦੀ ਸਮਾਪਤੀ ਤੇ ਗੁਰੂ ਸਾਹਿਬ ਦੇ ਦਰਸ਼ਨਾ ਦੀ ਓਡੀਕ ਕਰ ਰਹੀਆਂ ਸਨ। ਗੁਰੂ ਸਾਹਿਬ ਆਏ, ਆਪਣੀ ਸੋਚੀ ਸਮਝੀ ਵਿਉਂਤ ਦੇ ਅਨੁਸਾਰ ਕਮਰਕਸੇ ਵਿਚੋਂ ਮਿਆਨ ਕਢਕੇ, ਨੰਗੀ ਤਲਵਾਰ ਓਲਾਰ ਕੇ ਬੜੇ ਗਰਜ ਕੇ ਬੋਲੇ। " ਮੇਰੀ ਕਿਰਪਾਨ ਦੀ ਪਿਆਸ ਬੁਝਾਣ ਲਈ ਇਕ ਸਿਰ ਦੀ ਲੋੜ ਹੈ। ਹੈ ਕੋਈ ਐਸਾ ਗੁਰੂ ਕਾ ਸਿਖ ਜੋ ਗੁਰੂ ਨੂੰ ਆਪਣਾ ਸੀਸ ਭੇਂਟ ਕਰੇ। ਗੁਰੂ ਸਾਹਿਬ ਦੀ ਇਸ ਤਰਾਂ ਦੀ ਮੰਗ ਸੁਣਕੇ ਸਾਰੀਆਂ ਸੰਗਤਾਂ ਹੈਰਾਨ ਹੋ ਗਈਆਂ। ਸ੍ਭਨਾ ਦੇ ਸਿਰ ਦੀ ਰਖਿਆ ਕਰਨ ਵਾਲਾ, ਸੀਸ ਦੀ ਮੰਗ ? ਬਹੁਤ ਸਾਰੇ ਤਾਂ ਡਰਪੋਕ ਦੀਵਾਨ ਤੋਂ ਬਾਹਰ ਨਿਕਲਣ ਦੀ ਸੋਚਣ ਲਗੇ। ਗੁਰੂ ਸਾਹਿਬ ਨੇ ਫਿਰ ਮੰਗ ਦੁਹਰਾਈ, ਤੀਜੀ ਵਾਰ ਫਿਰ ਸੀਸ ਦੀ ਭੇਟਾ ਮੰਗੀ। ਹੁਣ ਭਾਈ ਦਾਇਆ ਰਾਮ ਉਠੇ ਤੇ ਬੋਲੇ, ਮੇਰਾ ਸਿਰ ਤੁਹਾਡੀ ਤਲਵਾਰ ਵਾਸਤੇ ਹਾਜ਼ਿਰ ਹੈ। ਗੁਰੂ ਸਾਹਿਬ ਨੇ ਉਸਨੂੰ ਬਾਹੋਂ ਪਕੜ ਕੇ ਤੰਬੂ ਵਿਚ ਲੈ ਗਏ। ਸਜਰੇ ਲਹੂ ਦੀ ਭਿਜੀ ਤਲਵਾਰ ਲਹਿਰਾਂਦੇ ਇਕ ਹੋਰ ਸੀਸ ਦੀ ਮੰਗ ਕੀਤੀ ਤੇ ਇਸ ਤਰਹ ਇਕ ਇਕ ਕਰਕੇ ਪੰਜ ਵਾਰੀ ਸੀਸ ਮੰਗਿਆ। ਇਹ ਪੰਜੇ ਸਿਖ ਜਿਨ੍ਹਾ ਨੇ ਵਾਰੀ ਵਾਰੀ ਆਪਣੇ ਸੀਸ ਗੁਰੂ ਸਾਹਿਬ ਨੂੰ ਭੇਟਾ ਕੀਤੇ ਜਿਥੇ ਇਹ ਸਮਾਜ ਦੀਆਂ ਭਿੰਨ ਭਿੰਨ ਜਾਤਾਂ ਦੇ ਪ੍ਰੀਨਿਧ ਸੀ, ਉਥੇ ਸਮੁਚੇ ਦੇਸ਼ ਦੇ ਭਿੰਨ ਭਿੰਨ ਖੇਤਰਾਂ ਦੀ ਨੁਮਾਇੰਦਗੀ ਕਰਦੇ ਸਨ। ਭਾਈ ਦਾਇਆ ਸਿੰਘ ਲਾਹੌਰ ਦਾ ਖਤ੍ਰੀ, ਭਾਈ ਧਰਮ ਸਿੰਘ ਦਿਲੀ ਦਾ ਜਟ, ਭਾਈ ਮੋਹਕਮ ਸਿੰਘ ਦਵਾਰਕਾ ਦਾ ਧੋਬੀ, ਭਾਈ ਸਾਹਿਬ ਸਿੰਘ ਦਖਣੀ ਭਾਰਤ ਦੇ ਬਿਦਰ ਦਾ ਨਾਈ ਤੇ ਭਾਈ ਹਿੰਮਤ ਸਿੰਘ ਜਗਨਨਾਥ ਪੂਰੀ ਦਾ ਝਿਉਰ। ਕੋਤਕ ਦੀ ਸਿਖਰ ਤਦ ਖਤਮ ਹੋਈ ਜਦ ਪੰਜ ਸਿਖਾਂ ਨੂੰ ਤੰਬੂ ਤੋ ਬਾਹਰ ਲੇਕੇ ਆਏ, ਨਵੇ ਬਸਤਰ ਤੇ ਸ਼ਸ਼ਤਰ ਨਾਲ ਸਜੇ ਹੋਏ, ਜਿਨਾਂ ਨੂੰ ਪੰਜ ਪਿਆਰਿਆਂ ਦਾ ਨਾਮ ਦੇਕੇ, ਆਪਣੇ ਪੁਤਰਾਂ ਤੋਂ ਵਧ ਪਿਆਰ ਕੀਤਾ। ਪਿਤਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਦਾ ਪੁਤਰ ਬਣਾਇਆ, ਅਨੰਦ ਪੁਰ ਦਾ ਵਾਸੀ, ਪੁਰਾਣੀ ਕੁਲ ਨਾਸ਼, ਵਰਣ ਨਾਸ਼, ਜਾਤ ਨਾਸ਼ ਕਰਕੇ ਖਾਲਸੇ ਦਾ ਖਿਤਾਬ ਬਖਸ਼ਿਆ, ਓਨ੍ਹਾ ਤੋਂ ਹੀ ਖੰਡੇ ਬਾਟੇ ਦੀ ਪੋਹੁਲ ਲੇਕੇ , ਗੋਬਿੰਦ ਰਾਇ ਤੋ ਗੋਬਿੰਦ ਸਿੰਘ ਬਣਕੇ ਗੁਰੂ ਚੇਲੇ ਦਾ ਭੇਦ ਮਿਟਾ ਦਿਤਾ।

**ਏਕ ਪਿਤਾ ਏਕਸ ਕੇ ਹਮ ਬਾਰਿਕ।**

ਸਮੂਹਕ ਅਗਵਾਈ ਵਿਚ ਹਮੇਸ਼ਾ ਪੰਜ ਪਿਆਰਿਆਂ ਨੂੰ ਅਗੇ ਕੀਤਾ ਤੇ ਇਨ੍ਹਾ ਦਾ ਹੁਕਮ ਮੰਨਿਆ। ਗੁਰਗਦੀ ਚਾਹੇ ਉਨ੍ਹਾ ਨੇ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਪਰ ਤਤਕਾਲੀ ਫ਼ੈਸਲਿਆਂ ਦਾ ਹਕ ਪੰਜ ਪਿਆਰਿਆਂ ਨੂੰ ਦਿਤਾ। ਗੁਰੂ ਸਾਹਿਬ ਨੇ ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਸਹਿਰਦ, ਆਪਣਾ ਪਿੰਡ ਪੁਰਾਨ, ਸਤਿਗੁਰੂ ਪੂਰਾ ਤੇ ਸਜਣ ਸੂਰਾ ਕਹਿ ਕੇ ਨਿਵਾਜਿਆ ਹੈ।

ਖਾਲਸਾ ਮੇਰਾ ਰੂਪ ਹੈ ਖਾਸ।
ਖਾਲਸੇ ਮੈ ਹਓ ਕਰਯੋ ਨਿਵਾਸ।

ਖਾਲਸਾ ਗੁਰੂ ਦਾ ਪੈਰੋਕਾਰ ਹੀ ਨਹੀ ਸਗੋਂ ਗੁਰੂ ਘਰ, ਗੁਰੂ ਗ੍ਰੰਥ ਸਾਹਿਬ ਤੇ ਖਾਲਸਾਈ ਲਾਸਾਨੀ ਵਿਰਾਸਤ ਦਾ ਅਸਲੀ ਵਾਰਸ ਬਣਾ ਦਿਤਾ। ਇਹ ਕੋਈ ਇਕ ਦਿਨ ਦੀ ਖੇਡ ਨਹੀ ਸੀ ਬਲਿਕ ਗੁਰੂ ਸਹਿਬਾਨਾ ਦੁਆਰਾ ਦਿਤੀ ਲੰਬੀ ਤਰਬੀਅਤ ਦਾ ਤਕਰੀਬਨ 200 1/4 ਸਾਲ ਦਾ ਹੀ ਨਤੀਜਾ ਸੀ, ਕਿ ਜਦੋਂ ਗੁਰੂ ਸਹਿਬ ਨੇ ਸਿਰਾਂ ਦੀ ਮੰਗ ਕੀਤੀ ਤਾਂ ਇਕ ਤੋਂ ਬਾਅਦ ਇਕ ਸਿਖ, ਖਾਲੀ ਪੰਜ ਹੀ ਨਹੀ ਸਗੋਂ ਹਜ਼ਾਰਾਂ, ਲਖਾਂ ਦੀ ਗਿਣਤੀ ਵਿਚ ਸਿੰਘ " ਸਿਰ ਧਰ ਗਲੀ ਮੇਰੀ ਆਓ " ਦੇ ਮਹਾਂ ਵਾਕ ਅਨੁਸਾਰ, ਸਿਰ ਤਲੀ ਤੇ ਰਖ ਕੇ ਆਓਂਦੇ ਗਏ।

ਖਾਲਸੇ ਦੀ ਸਿਰਜਣਾ ਦਾ ਕੰਮ ਮੁਕੰਬਲ ਹੋਇਆ। ਇਕ ਐਸਾ ਮਹਾਨ ਕਾਰਨਾਮਾ ਜਿਸਨੇ ਮੁਰਦਾ ਕੋਮ ਵਿਚ ਰੂਹ ਫੂਕ ਦਿਤੀ, ਸੋਈ ਹੋਈ ਹਿੰਦੁਸਤਾਨ ਦੀ ਮਿਟੀ ਵਿਚੋ ਅਜਿਹੇ ਸੰਤ ਸਿਪਾਹੀ ਪੈਦਾ ਕੀਤੇ, ਜਿਨ੍ਹਾ ਨੇ ਕੋਮ ਦੀ ਤਸਵੀਰ ਤੇ ਤਕਦੀਰ ਬਦਲਕੇ ਰਖ ਦਿਤੀ ਤੇ ਸਿਖੀ ਨੂੰ ਉਸ ਮੰਜਿਲ ਤੇ ਪੁਚਾ ਦਿਤਾ, ਜਿਥੇ ਦੁਸ਼ਮਣ ਦੀਆਂ ਲਖਾਂ ਕੋਸ਼ਿਸ਼ਾਂ ਦੇ ਬਾਵਜੂਦ ਕੋਈ ਹਿਲਾ ਨਾ ਸਕਿਆ। ਇਹ ਇਕ ਨਵੈ ਸਮਾਜ ਦੀ ਸੁਤੰਤਰ ਹੋਂਦ ਦਾ ਐਲਾਨ ਤੇ ਇਕ ਸਵੈ- ਸਮਰਥ ਮਾਨਵ ਦੀ ਸ਼ਖਸ਼ੀਅਤ ਦੀ ਉਪਜ ਸੀ , ਜੋ ਸਦੀਆਂ ਤੋਂ ਜੁਲਮ ਤੇ ਜਾਲਮ ਦਾ ਸ਼ਿਕਾਰ ਹੁੰਦੀ ਆਈ ਸੀ। ਸਿਖਾਂ ਤੇ ਨਾਂ ਨਾਲ ਸਿੰਘ ਜੋੜਕੇ ਸ਼ੇਰ ਬਣਾ ਦਿਤਾ , ਪੰਜ ਕਕਾਰਾਂ ਦੀ ਧਾਰਨੀ ਕਰਵਾਈ, ਕੇਸ, ਕੰਘਾ, ਕੜਾ, ਕਿਰਪਾਨ, ਕਛਿਹਰਾ। ਗੁਰੂ ਸਾਹਿਬ ਨੇ ਇਨ੍ਹਾ ਨੂੰ ਸ਼ਸ਼ਤਰ ਬਧ ਕਰਕੇ ਰਾਜਸੀ ਸੱਤਾ ਬਖਸ਼ੀ ਜਿਸਦੇ ਨਾਲ ਨਾਲ ਸਭ ਤੋ ਜਿਆਦਾ ਜੋਰ ਇਖਲਾਕੀ ਮਿਆਰ ਕਾਇਮ ਰਖਣ ਤੇ ਦਿਤਾ ਪੰਜ ਬਾਣੀਆਂ ਦਾ ਪਾਠ ਕਰਨਾ ਲਾਜ਼ਮੀ ਕਰ ਦਿਤਾ। ਚਾਰ ਕੁਰਹਿਤਾਂ ਤੋਂ ਦੂਰ ਰਹਿਣ ਦਾ ਹੁਕਮ ਕੀਤਾ। ਕੁਠਾ ਮਾਸ ਤੇ ਤੰਬਾਕੂ ਦਾ ਸੇਵਨ ਦੀ ਮਨਾਹੀ , ਕੇਸਾਂ ਦੀ ਬੇਅਦਬੀ ਦੀ ਮਨਾਹੀ , ਤੇ ਪਰ -ਧਨ, ਪਰ- ਇਸਤ੍ਰੀ ਨੂੰ ਧੀ ਜਾਂ ਭੇਣ ਸਮਝਣਾ। ਸਚੀ ਤੇ ਸੁਚੀ ਕਿਰਤ ਕਰਣੀ, ਵੰਡ ਕੇ ਛਕਣਾ ਤੇ ਸਿਮਰਨ ਕਰਨਾ ਸਿਖਾਂ ਦੇ ਰੋਜ ਮਰਹ ਦੇ ਅੰਗ ਬਣਾ ਦਿਤੇ। ਖਾਲਸਾ ਸੋਇ ਜੋ ਪੰਚ ਕੋ ਮਾਰੇ ਦੇ ਮਹਾਂ ਵਾਕ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਨ ਦੀ ਹਿਦਾਇਤ ਕੀਤੀ।

ਗੁਰੂ ਸਾਹਿਬ ਨੇ ਊਚ ਨੀਚ ਦੇ ਵਿਤਕਰੇ ਮੇਟ ਕੇ, ਜਾਤਾਂ, ਵਰਣਾਂ ਦਾ ਭਿੰਨ ਭੇਦ ਤੇ ਵਖੇਵਿਆਂ (**ਬਾਕੀ ਸਫਾ 5 'ਤੇ**)

# ਏਕ ਪਿਤਾ ਏਕਸ ਕੇ ਹਮ ਬਾਰਿਕ

ਨੂੰ ਹਟਾਕੇ, ਅਨੇਕ ਇਸ਼ਟਾਂ ਦੀ ਪੂਜਾ ਦੀ ਥਾਂ ਇਕ ਅਕਾਲ ਪੁਰਖ ਨੂੰ ਮੰਨਣ ਦੀ ਰੀਤ ਚਲਾਕੇ, ਜਿਸ ਕੌਮ ਦੀ ਤਿਆਰੀ ਗੁਰੂ ਨਾਨਕ ਦੇਵ ਜੀ ਨੇ ਅਰੰਭੀ ਸੀ ਉਸ ਤੇ ਪੂਰਨਤਾ ਦੀ ਮੋਹਰ ਲਗਾ ਦਿਤੀ। ਕਈ ਛੀਂਬੇ, ਲੋਹਾਰ ਚੂਹੜੇ, ਤਰਖਾਣ ਤੇ ਮੇਹਨਤੀ ਮਜਦੂਰ ਜਿਨਾਂ ਨੂੰ ਕਮੀ ਕੰਦੂ ਕਿਹਾ ਜਾਂਦਾ ਸੀ, ਨਿਰਭਓ ਯੋਧੇ ਬਣਾ ਦਿਤੇ। ਉਨ੍ਹਾ ਨੂੰ ਅਹਿਸਾਸ ਦਿਲਾਇਆ ਕੀ ਸਮਾਨਤਾ ਅਤੇ ਅਧਿਕਾਰ ਮਿਲਦੇ ਨਹੀ ਸਗੋਂ ਤਾਕਤਵਰ ਤੋਂ ਖੋਹੇ ਜਾਂਦੇ ਹਨ ਜਿਸ ਲਈ ਸੰਘਰਸ਼ ਕਰਨ ਦੀ ਲੋੜ ਹੈ। ਇਸਤੀਆਂ ਨੂੰ ਵੀ ਇਸਤੋ ਵਾਂਝਾ ਨਹੀ ਰਖਿਆ, ਅਮ੍ਰਿਤ ਛਕਾ ਕੇ ਨਾਂ ਦੇ ਨਾਲ ਕੌਰ ਲਗਾਕੇ ਸ਼ੇਰਨੀਆ ਬਣਾ ਦਿਤੀਆ।

ਕੋਊ ਕਿਸੀ ਕੋ ਰਾਜ ਨ ਦੈਹੈ।

ਜੋ ਲੈਹੈ ਨਿਜ ਬਲ ਸਿਉ ਲੈਹੈ।।

ਜਦੋਂ ਆਨੰਦਪੁਰ ਖਾਲਸਾ ਪੰਥ ਦੀ ਸਿਰਜਣਾ ਕੀਤੀ, ਭਾਈ ਨੰਦ ਲਾਲ ਜੀ ਨੇ ਵੀ ਇਛਾ ਪ੍ਰਗਟ ਕੀਤੀ ਕਿ ਮੇਰਾ ਵੀ ਦਿਲ ਕਰਦਾ ਹੈ ਮੈਂ ਸਿਪਾਹੀ ਬਣਾ, ਪਿਆਰੇ ਦੇ ਦਰ ਤੇ ਪਹਿਰਾ ਦਿਆਂ ਤਾਂ ਗੁਰੂ ਸਾਹਿਬ ਨੇ ਉਸਦੇ ਹਥ ਵਿਚ ਕਲਮ ਪਕੜਾ ਦਿਤੀ। ਇਹ ਸੂਰੇ ਦੀ ਤਲਵਾਰ ਵਾਂਗ ਚਲੇ ਤੇ ਤੁਸੀਂ ਇਸ ਨੂੰ ਸਦਾ ਚਲਾਓ। ਤੇਗ ਵਾਲਿਆਂ ਨੇ ਤੇਗ ਵਾਹੁਣੀ ਹੈ ਤੇ ਤੁਸੀਂ ਕਲਮ। ਇਹੀ ਨੇਕੀ, ਧਰਮ, ਨਾਮ ਸਿਮਰਨ, ਤੇ ਸ਼ੁਭ ਆਚਰਨ ਸਿਖਾਏ- ਇਹੀ ਤੁਹਾਨੂੰ ਹੁਕਮ ਹੈ। ਜਦੋਂ ਸ਼ਾਹੀ ਫੌਜਾਂ ਨੇ ਆਨੰਦਪੁਰ ਸਾਹਿਬ ਦਾ ਘੇਰਾ ਪਾਇਆ, ਤਾਂ ਇਨਾਂ ਨੂੰ ਮੁਲਤਾਨ ਵਾਪਸ ਭੇਜ ਦਿਤਾ ਗਿਆ।



ਇਸ ਵਕਤ ਤਕ ਭੀਮ ਚੰਦ ਮਰ ਚੁਕਾ ਸੀ '। ਉਸਦਾ ਪੁਤਰ ਅਜਮੇਰ ਚੰਦ ਆਪਣੇ ਪਿਤਾ ਵਾਂਗ ਗੁਰੂ ਘਰ ਦੀ ਇਸ ਧਾਰਮਿਕ ਲਹਿਰ ਦਾ ਵਿਰੋਧੀ ਸੀ। ਜਿਸ ਨੂੰ ਰੋਕਣ ਵਾਸਤੇ ਕੁਝ ਰਾਜਿਆਂ ਨੂੰ ਲੇਕੇ ਆਨੰਦਪੁਰ ਸਾਹਿਬ ਆਇਆ। ਖਾਲਸਾ ਪੰਥ ਨੂੰ ਸ਼ਸ਼ਤਰ ਧਾਰੀ ਰੂਪ ਵਿਚ ਦੇਖ ਕੇ ਹੈਰਾਨ ਹੋ ਗਿਆ ਤੇ ਇਸ ਲਹਿਰ ਚਲਾਣ ਦਾ ਕਾਰਣ ਪੁਛਣ ਲਗਿਆ। ਹਿੰਦੂ ਕੌਮ ਤੇ ਮੁਸਲਮਾਨ ਕੌਮ ਜ਼ੁਲਮ ਕਰ ਰਹੀ ਹੈ ਕਿਓਂਕਿ ਓਹ ਕਮਜ਼ੋਰ ਹਨ। ਤੁਸੀਂ ਇਨ੍ਹਾ ਦੀ ਤਾਕਤ ਬਣੋ। ਤੁਸੀਂ ਵੀ ਅਮ੍ਰਿਤ ਛਕਕੇ ਆਪਸੀ ਵੈਰ ਵਿਰੋਧ, ਉਚੀਆਂ-ਨੀਵੀਆਂ ਜਾਤਾਂ ਨੂੰ ਭੁਲਾਕੇ ਸਿੰਘ ਸਜ ਜਾਉ। ਤੁਹਾਡੀ ਤਾਕਤ ਇਨ੍ਹਾ ਨੂੰ ਗੁਲਾਮੀ ਹੇਠੋ ਨਿਕਲਣ ਵਿਚ ਮਦਤ ਕਰੇਗੀ। ਹਿੰਦੁਸਤਾਨ ਵਿਚ। /3 ਧਰਤੀ ਰਾਜਿਆਂ ਕੋਲ ਹੈ, ਉਨ੍ਹਾ ਕੋਲ ਤਾਕਤ, ਪੈਸਾ, ਫੌਜ਼, ਘੋੜੇ ਹਾਥੀ ਤੇ ਅਸਲਾ ਸਭ ਕੁਛ ਹੈ। ਪਰਜਾ ਦੀ ਰਾਖੀ ਕਰਨ ਦਾ ਕੰਮ ਵੀ ਰਾਜਿਆਂ ਦਾ ਹੈ ਜੋ ਹੁਣ ਫਕੀਰਾਂ ਦੇ ਹਥ ਵਿਚ ਆ ਗਿਆ ਹੈ, ਕਿਓਂਕਿ ਤੁਸੀਂ ਆਪਸ ਵਿਚ ਇਕ ਮੁਠ ਹੋਕੇ ਨਿਤਰਦੇ ਨਹੀਂ, ਆਪਸ ਵਿਚ ਏਕਾ ਨਹੀਂ। ਪਰਜਾ ਅੰਨੀ ਗਿਆਨ ਵਿਹੂਣੀ ਮਰ ਰਹੀ ਹੈ। ਨਾ ਉਨਾਂ ਵਿਚ ਜਾਨ ਹੈ ਨਾ ਤਾਣ, ਨਾ ਰਾਜਿਆਂ ਵਿਚ ਜਥੇਬੰਦੀ ਹੈ। ਇਸ ਲਈ ਹੁਣ ਫਕੀਰਾਂ ਨੇ ਤਲਵਾਰ ਚਾਈ ਹੈ।

ਰਾਜਿਆਂ ਨੇ ਪੁਛਿਆ, ਧਰਮ ਵਿਚ ਦਾਇਆ ਚਾਹੀਦੀ ਹੈ ਤੇ ਯੁਧ ਵਿਚ ਕੁਦਇਆ, ਫਕੀਰੀ ਤੇ ਸ਼ਮਸ਼ੀਰਾਂ ਕਿਵੈਂ ਨਿਭਣਗੀਆਂ। ਗੁਰੂ ਸਹਿਬ ਨੇ ਕਿਹਾ "ਇਸੇ ਲਈ ਖਾਲਸਾ ਤਿਆਰ ਹੋਇਆ ਹੈ, ਜਿਸਦਾ ਕੋਈ ਧਰਮ ਨਹੀਂ, ਕੋਈ ਮਜਹਬ ਨਹੀਂ, ਵਿਦ੍ਕਰਾ ਨਹੀਂ, ਨਸਲ ਨਹੀਂ, ਕੁਲ ਨਹੀਂ, ਜਾਤ ਨਹੀਂ, ਗੋਤ ਨਹੀਂ ਇਕ ਆਦਰਸ਼ ਹੈ ਇਨਸਾਨਾਂ ਤੇ ਫਕੀਰਾਂ ਦਾ, ਇਕ ਸਮੁਚਾ ਵਜੂਦ ਜੋ ਸੁਲਹ ਵਿਚ ਵਸਦਾ ਹੈ, ਪਰ ਜੇ ਸੁਲਹ ਨਾਲ ਕੰਮ ਨਾ ਬਣੇ ਤਾਂ ਤਲਵਾਰ ਦੀ ਲੋੜ ਪੈ ਜਾਂਦੀ ਹੈ। ਰਾਜਿਆਂ ਨੇ ਕਿਹਾ ਸਾਡਾ ਹਿੰਦੂ ਧਰਮ ਹੈ, ਸੂਤ ਧੋਤੀ ਤੁਸਾਂ ਨੇ ਉੜਾ ਦਿਤੀ ਹੈ, ਜਾਤ ਪਾਤ ਦੇ ਭੇਦ ਮਿਟਾ ਦਿਤੇ ਹਨ, ਲੰਗਰ ਕਰਕੇ ਚੋਕਾ ਖਤਮ ਕਰ ਦਿਤਾ ਹੈ। ਨੀਵੈਂ ਤੇ ਅਛੋਹ ਲੋਕਾਂ ਨੂੰ ਰਲਾ ਲਿਆ ਹੈ। ਇਹ ਮੰਨਣਾ ਸਾਡੇ ਲਈ ਬੜਾ ਕਠਿਨ ਹੈ।

ਗੁਰੂ ਸਾਹਿਬ ਨੇ ਕਿਹਾ ਆਪਣਾ ਰਾਜਪੂਤੀ ਅਸਲਾ ਵਿਚਾਰੋ। ਅਗਨੀ ਕੁੰਡ ਤੋਂ ਤੁਸੀਂ ਉਪਜੇ ਸੀ ਤਦ ਵੀ ਜਾਤ-ਵਰਨ ਇਕ ਕਰਕੇ ਤੁਸੀਂ ਬਣੇ ਸੀ। ਅਜ ਤੁਹਾਡੇ ਟਬਰ, ਕਬੀਲੇ, ਬਹੁ ਬੇਟੀਆਂ ਧੰਨ ਧਾਮ ਤੁਰਕ ਖੋਹੀ ਫਿਰਦੇ ਹਨ। ਅਣਖ ਨਹੀ ਰਹੀ , ਧਰਮ ਨਹੀ ਰਿਹਾ, ਖਾਨ-ਪਾਨ ਦੀ ਸੁਚਤਾ ਸਭ ਕਿਥੇ ਹੈ ? ਵਿਸ਼ੂਨਾਥ ਵਰਗੇ ਮੰਦਰ ਢਹਿ- ਢੇਰੀ ਹੋਕੇ ਮਸੀਤਾਂ ਬਣ ਚੁਕੀਆਂ ਹਨ, ਕਸ਼ਮੀਰ ਤੋਂ ਕਸ਼ਮੀਰੀ ਭਜੇ ਫਿਰਦੇ ਹਨ। ਮੁਸਲਮਾਨਾਂ ਦੀਆਂ ਗੁਲਾਮੀਆਂ ਕਰਦੇ ਫਿਰਦੇ ਹਨ। ਘਰ ਘਰ ਪਿੰਡ ਪਿੰਡ ਨਮਾਜ਼ਾਂ ਤੇ ਰੋਜ਼ੇ ਆ ਗਏ ਹਨ। ਬੁਤ ਤੇ ਧਰਮ ਭੰਗ ਹੋ ਰਹੇ ਹਨ, ਤੀਰਥ ਤੇ ਜਜੀਏ ਲਗੇ ਹੋਏ ਹਨ, ਕਿਥੇ ਹੈ ਤੁਹਾਡਾ ਧਰਮ ?

ਰਾਜਿਆਂ ਨੇ ਕਿਹਾ ਸਾਨੂੰ ਜਾਤ-ਪਾਤ ਵਿਚ ਰਹਿਣ ਦਿਉ , ਸੂਤ ਧੋਤੀ ਟਿੱਕਾ ਰਹਿਣ ਦਿਉ, ਕੇਸ ਕਟਾਣ ਦੀ ਇਜਾਜ਼ਤ ਦੇ ਦਿਉ ਤੇ ਵਖਰੇ ਬਾਟੇ ਵਿਚ ਅਮ੍ਰਿਤ ਛਕਾ ਦਿਓ, ਅਸੀਂ ਸਾਰੇ ਸਿੰਘ ਸਜ ਜਾਵਾਂਗੇ। ਗੁਰੂ ਸਾਹਿਬ ਨੇ ਕਿਹਾ ਜਾਤ -ਪਾਤ ਨੇ ਦੇਸ਼ ਨੂੰ ਤਬਾਹ ਕਰ ਦਿਤਾ ਹੈ। ਹਜ਼ਾਰਾਂ ਜਾਤੀਆਂ ਨੇ ਤੁਹਾਡੀ ਜਥੇਬੰਦੀ ਤਬਾਹ ਕਰ ਦਿਤੀ ਹੈ। ਤੁਰਕ ਤੁਹਾਡੀ ਇਸ ਕਮਜ਼ੋਰੀ ਤੇ ਪਲ ਰਹੇ ਹਨ 'ਉਚ -ਨੀਚ ਨੇ ਤੁਹਾਨੂੰ ਤਬਾਹ ਕਰ ਦਿਤਾ ਹੈ। ਤੁਸੀਂ ਦੇਸ਼ ਦੇ ਮਾਲਕ ਹੋ ਫਿਰ ਵੀ ਗੁਲਾਮਾਂ ਵਰਗੇ ਨਿਤਾਣੇ ਹੋ। ਜਾਤ- ਪਾਤ ਦਾ ਪਖੰਡ ਛੋੜ ਕੇ ਮਿਲ ਬੇਠੋ। ਬ੍ਰਾਹਮਣ ਖਤਰੀਆਂ ਤੇ ਰਾਜਪੂਤਾਂ ਨੇ ਇਕ ਨਹੀ ਹੋਣਾ ਤਾਂ ਇਹ ਕੰਮ ਨੀਵੀਆਂ ਜਾਤੀਆਂ ਕਰਨਗੀਆਂ, ਅਜ ਵੇਲਾ ਹੈ ਸਮਲਣ ਦਾ ਸਮਝਣ ਦਾ ਤੇ ਦੇਸ਼ ਨੂੰ ਓਬਾਰਨ ਦਾ।

ਆਵਾਜ਼ਿ ਕੌਮ
AWAZE QAUM
International Newspaper & WEB TV

ਭਾਵੇ ਰਾਜਿਆਂ ਨੂੰ ਬਹੁਤ ਕੁਝ ਠੀਕ ਲਗਿਆ ਪਰ ਓਹ ਆਪਣੇ ਸੁਖ-, ਚੈਨ -ਐਸ਼ੋ-ਆਰਾਮ ਤੇ ਜਾਤ-ਪਾਤ ਦੇ ਅਭਿਮਾਨ ਨੂੰ ਕਿਵੈ ਛਡ ਸਕਦੇ ਸਨ। ਮਨ ਵਿਚ ਸੋਚ ਰਹੇ ਸੀ ਕੀ ਜਿਨ੍ਹਾ ਦੇ ਘਰ ਕਰਦ ਰਖਣ ਦੀ ਮਨਾਹੀ ਹੈ ਓਹ ਸਾਡੇ ਸਾਮਣੇ ਤਲਵਾਰ ਕੀਕਣ ਚੁਕਣਗੇ ? ਜਿਨ੍ਹਾ ਨੂੰ ਅਸੀਂ ਕਦੇ ਘੋੜਿਆਂ ਤੇ ਨਹੀਂ ਚੜਨ ਦਿਤਾ, ਰਬ ਦਾ ਨਾ ਬੋਲਣਾ ਤੇ ਅਲਗ, ਸੁਣਨ ਨਹੀ ਦਿਤਾ, ਆਪਣੇ ਬਰਾਬਰ ਬੈਠਣ ਨਹੀ ਦਿਤਾ ਓਹ ਸਾਡੀ ਬਰਾਬਰੀ ਕਿਵੈ ਕਰਨਗੇ ? ਇਕ ਦਬਕਾ ਮਾਰਨ ਨਾਲ ਮੈਦਾਨ ਛਡ ਕੇ ਨਸ ਜਾਣਗੇ, ਇਨ੍ਹਾ ਵਿਚ ਇਤਨੀ ਜੁਰਤ ਕਿਥੋ ਕੀ ਸਾਡੇ ਸਾਮਣੇ ਆਕੇ ਖੜੋ ਜਾਣ। ਉਹ ਭੁਲ ਚੁਕੇ ਸੀ ਕੀ ਗੁਰੂ ਨਾਨਕ ਦੇ ਸਿਖ ਬਣ ਚੁਕੇ ਨੇ ਜਿਨ੍ਹਾ ਨੂੰ ਤੁਸੀਂ ਕਹਿੰਦੇ ਸੀ ਕੀ ਨਾਮ ਨਹੀਂ ਲੈਣ ਦੇਣਾ ਓਹ ਨਗਾਰਾ ਖੜਕਾ ਕੇ ਨਾਮ ਲੈਂਦੇ ਹਨ। ਗੁਰੂ ਸਾਹਿਬ ਨੇ ਇਕ ਖੰਡਾ ਸਿਖ ਨੂੰ ਪਕੜਾ ਦਿਤਾ ਤੇ ਕਿਹਾ ਇਸ ਨੂੰ ਆਪਣੇ ਕੋਲ ਰਖੋ, ਲੋੜ ਪਵੇ ਤਾਂ ਗਡ ਦਿਉ, ਕਿਸਦੀ ਜੁਰਤ ਹੈ ਇਸਦੇ ਸਾਮਣੇ ਕੁਝ ਕਹਿਣ ਦੀ। ਅਗਰ ਓਹ ਫਿਰ ਵੀ ਨਾ ਮੰਨੇ ਤਾਂ ਉਸਦਾ ਗਾਟਾ ਲਾਹ ਦਿਉ।

**ਰੋਪੜ ਦੀ ਜੰਗ**-ਰਾਜਿਆਂ ਨੇ ਮਿਲ ਕੇ ਸੋਚਿਆ ਕਿ ਗੁਰੂ ਸਾਹਿਬ ਨਾਲ ਮਿਲਣ ਦਾ ਕੋਈ ਫਾਇਦਾ ਨਹੀ। ਮੁਗਲ ਹਕੂਮਤ ਜੋ ਇਤਨੀ ਵਡੀ ਤਾਕਤ ਹੈ ਨਾਲ ਮਿਲਕੇ ਗੁਰੂ ਸਾਹਿਬ ਦੀ ਲਹਿਰ ਨੂੰ ਕੁਚਲਿਆ ਜਾ ਸਕਦਾ ਹੈ, ਜਿਹੜੀ ਸਾਡੀ ਕੋਮ ਤੇ ਧਰਮ ਵਾਸਤੇ ਖਤਰਾ ਹੈ। ਸੋ ਉਨ੍ਹਾ ਘਬਰਾ ਕੇ ਸੂਬਾ ਸਰਹੰਦ ਦੇ ਰਾਹੀਂ ਸੂਬਾ ਦਿੱਲੀ ਕੋਲੋਂ ਮਦਤ ਮੰਗੀ। ਦਿੱਲੀ ਸੂਬਾ ਨੇ ਇਨ੍ਹਾ ਕੋਲੋਂ ਫੌਜ਼ ਦਾ ਖਰਚਾ ਲੇਣਾ ਕਰਕੇ ਦੋ ਜਰਨੈਲਾਂ, ਦੀਨਾ ਬੇਗ ਤੇ ਪੈਦੇ ਖਾਨ ਨੂੰ 5000 -5000 ਫੌਜ਼ ਦੇਕੇ ਜਿਸ ਨਾਲ ਕਹਿਲੂਰ, ਕਟੋਚ, ਜਸਵਾਲ, ਤੇ ਪਹਾੜੀ ਰਾਜਿਆਂ ਦੀਆ ਆਪਣੀਆਂ ਆਪਣੀਆਂ ਫੌਜਾਂ ਵੀ ਸਨ, ਰੋਪੜ ਆ ਮਿਲੇ। ਗੁਰੂ ਸਾਹਿਬ ਨੇ ਖਾਲਸਿਆਂ ਨੂੰ ਤਿਆਰੀ ਦਾ ਹੁਕਮ ਦੇ ਦਿਤਾ। ਸਰਸਾ ਨਦੀ ਦੇ ਪਾਰ ਜਾਕੇ ਵੈਰੀਆਂ ਦਾ ਰਾਹ ਰੋਕ ਲਿਆ ਬੜਾ ਭਿਆਨਕ ਜੰਗ ਹੋਇਆ। ਗੁਰੂ ਸਾਹਿਬ ਦੇ ਤੀਰ ਨਾਲ ਪੈਂਦਾ ਖਾਨ ਮਾਰਿਆ ਗਿਆ। ਦੀਨਾ ਬੇਗ ਸਖਤ ਫ਼ਡੜ ਹੋਕੇ ਮੈਦਾਨ ਵਿਚੋਂ ਭਜ ਨਿਕਲਿਆ।

ਲੜਾਈ ਵਿਚ ਬੁਰੀ ਤਰਹ ਹਾਰਕੇ ਰਾਜੇ ਝਟਪਟਾਏ ਹੋਏ ਸੀ। ਲੜਾਈ ਦਾ ਬਹਾਨਾ ਕਰਕੇ ਆਨੰਦਪੁਰ ਦੇ ਪਿਛਲੇ ਸਾਰੇ ਕਿਰਾਏ ਦੀ ਮੰਗ ਕੀਤੀ। ਗੁਰੂ ਸਹਿਬ ਨੇ ਜਵਾਬ ਦਿਤਾ, " ਆਨੰਦਪੁਰ ਸਾਡੇ ਪਿਤਾ ਦੀ ਮੁਲ ਖਰੀਦੀ ਜਮੀਨ ਤੇ ਉਸਰਿਆ ਹੈ। ਅਸੀਂ ਇਸਦਾ ਕੋਈ ਵੀ ਕਿਰਾਇਆ ਦੇਣ ਨੂੰ ਤਿਆਰ ਨਹੀਂ। ਪਹਾੜੀਆਂ ਨੇ ਉਤਰ ਪੜ ਕੇ ਮਿਲਕੇ ਸਲਾਹ ਕੀਤੀ ਕੀ ਸ਼ਾਹੀ ਸੈਨਾ ਵੀ ਇਨਾਂ ਦਾ ਕੁਝ ਨਹੀਂ ਵਿਗਾੜ ਸਕੀ। ਹੁਣ ਸਾਨੂੰ ਸਭ ਨੂੰ ਮਿਲਕੇ ਸਾਂਝਾ ਹਲਾ ਬੋਲਣਾ ਚਾਹੀ ਦਾ ਹੈ।

**ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ**-ਆਨੰਦਪੁਰ ਸਾਹਿਬ ਦੀ ਪਹਲੀ ਲੜਾਈ ਰਾਜਿਆਂ ਦੀ 10 ਲਖ ਦੀ ਫੌਜ਼ ਨਾਲ ਗੁਜਰ ਤੇ ਰੰਗੜ ਵੀ ਇਕਠੇ ਕੀਤੇ ਹੋਏ ਤੇ ਗੁਰੂ ਸਾਹਿਬ ਕੋਲ ਸਿਰਫ। 1000 ਫੌਜ਼ ਸੀ। ਜਦੋਂ ਗੁਰੂ ਸਾਹਿਬ ਨੂੰ ਪਤਾ ਚਲਿਆ ਕੀ ਇਤਨੀ ਵਡੀ ਫੌਜ਼ ਚੜਾਈ ਕਰਨ ਵਾਸਤੇ ਆ ਰਹੀ ਹੈ ਤਾਂ ਉਹਨਾ ਨੇ 500-500 ਦੇ ਜਥੇ ਬਣਾਕੇ ਸਭ ਕਿਲਿਆਂ ਤੇ ਤਾਇਨਾਤ ਕਰ ਦਿਤੇ। ਬਾਕੀ ਜਵਾਨਾਂ ਨੂੰ ਕਿਲੇ ਦੇ ਅੰਦਰ ਆਪਣੀ ਕਮਾਨ ਹੇਠ ਰਾਖਿਆ। 500 -500 ਜਥਿਆਂ ਨੇ ਵੈਰੀਆਂ ਦੀ ਫੌਜ਼ ਨਾਲ ਸਖਤ ਟਾਕਰਾ ਕੀਤਾ। ਦੋਨੋ ਪਾਸਿਆਂ ਤੋ ਅੰਗਿਆਰ ਵਰਣ ਲਗੇ। ਤਿੰਨ ਦਿਨ ਤਕ ਟਾਕਰਾ ਹੁੰਦਾ ਰਿਹਾ। ਲੜਾਈ ਵਿਚ ਦੁਸ਼ਮਨ ਦਾ ਨੁਕਸਾਨ ਜਿਆਦਾ ਹੋਇਆ ਕਿਓਂਕਿ ਓਹ ਮੈਦਾਨ ਵਿਚ ਸਨ ਤੇ ਸਿਖ ਕਿਲੇ ਦੇ ਅੰਦਰ। ਸਿਖਾਂ ਕੋਲ ਕੰਨ ਪਾੜਵੀਂਆਂ ਤੋਪਾਂ ਸਨ, ਜੋ ਨੁਕਸਾਨ ਤਾਂ ਇਤਨਾ ਨਹੀਂ ਸੀ ਕਰਦੀਆਂ ਪਰ ਉਨਾ ਦੀ ਆਵਾਜ਼ ਨਾਲ ਦੁਸ਼ਮਨ ਦਾ ਦਿਲ ਦਹਿਲ ਜਾਂਦਾ, ਜਿਨਾ ਨੂੰ ਸੁਣਕੇ ਮੋਰਚਿਆਂ ਤੇ ਵੈਰੀਆਂ ਦੇ ਪੇਰ ਓਖੜ ਗਏ। ਬਹੁ ਗਿਣਤੀ ਦੇ ਭਰੋਸੇ ਤੇ ਵੈਰੀਆਂ ਨੂੰ ਜੋ ਜਿਤਣ ਦੀ ਆਸ ਸੀ ਜਾਂਦੀ ਰਹੀ।

ਸ਼ਾਹੀ ਜਰਨੈਲ ਤੇ ਪਹਾੜੀ ਰਾਜੇ ਕੁਝ ਨਵੇ ਸਿਰ ਤੋ ਸੋਚਣ ਨੂੰ ਮਜਬੂਰ ਹੋ ਗਏ। ਉਨ੍ਹਾ ਨੇ ਇਕ ਮਸਤ ਹਾਥੀ ਨੂੰ ਸ਼ਰਾਬ ਪਿਆਕੇ ਮਥੇ ਤੇ ਲੋਹੇ ਦੇ ਤਵੇ ਬਨਕੇ ਕਿਲੇ ਦਾ ਦਰਵਾਜ਼ਾ ਤੋੜਨ ਲਈ ਭੇਜ ਦਿਤਾ। ਗੁਰੂ ਸਾਹਿਬ ਨੇ ਭਾਈ ਬਚਿਤਰ ਸਿੰਘ ਨੂੰ ਹਾਥੀ ਨਾਲ ਟਾਕਰਾ ਕਰਨ ਲਈ ਕਿਲੇ ਤੋਂ ਬਾਹਰ ਭੇਜ ਦਿਤਾ ਜਿਸਦਾ ਬਰਛਾ ਇਤਨੀ ਜੋਰ ਨਾਲ ਹਾਥੀ ਦੇ ਲੋਹੇ ਦੇ ਤਵੇ ਨੂੰ ਪਾਰ ਕਰ ਗਿਆ ਕਿ ਹਾਥੀ ਤੜਪਦਾ ਤੜਪਦਾ ਪਿੱਛੇ ਨੂੰ ਨਠ ਉਠਿਆ ਤੇ ਆਪਣੀਆਂ ਫੌਜਾਂ ਨੂੰ ਲਤਾੜ ਕੇ ਕਈਆਂ ਨੂੰ ਮੋਤ ਦੀ ਨੀਂਦ ਸੁਲਾ ਦਿਤਾ। ਸਿੰਘਾਂ ਨੇ ਵੀ ਉਨ੍ਹਾ ਦੀ ਸੈਨਾ ਵਿਚ ਭਗਦੜ ਮਚੀ ਦੇਖਕੇ ਚੰਗੇ ਆਹੂ ਲਾਹੇ ਤੇ ਲਾਸ਼ਾਂ ਦੇ ਢੇਰ ਲਗਾ ਦਿਤੇ। ਰਾਜਾ ਕੇਸਰੀ ਚੰਦ, ਉਦੈ ਸਿੰਘ ਦੇ ਹਥੋਂ ਮਾਰਿਆ ਗਿਆ। ਦੂਸਰੇ ਦਿਨ ਓਹ ਫਿਰ ਰਾਜਾ ਘੁਮੰਡ ਚੰਦ ਦੀ ਅਗਵਾਈ ਹੇਠ ਤਿਆਰੀ ਕਰਕੇ ਆਏ। ਰਾਜਾ ਲੜਾਈ ਵਿਚ ਮਾਰਿਆ ਗਿਆ ਰਾਜਾ ਖੁਮੰਡ ਚੰਦ ਦੇ ਮਰਨ ਨਾਲ ਉਨ੍ਹਾ ਦੇ ਰਹਿੰਦੇ ਖਹਿੰਦੇ ਹੋਸਲੇ ਵੀ ਟੁਟ ਗਏ। ਰਾਤ ਦੇ ਹਨੇਰੇ ਵਿਚ ਮੈਦਾਨ ਛਡ ਕੇ ਭਜ ਗਏ। ਸਿਖ ਜਿਤ ਦੇ ਨਗਾਰੇ ਛਡਦੇ ਆਪਣੀ ਸ਼ਹੀਦਾਂ ਦੀ ਸੰਭਾਲ ਕਰਕੇ ਆਨੰਦਪੁਰ ਦੇ ਕਿਲੇ ਵਿਚ ਵਾਪਿਸ ਆ ਗਏ।

**ਨਿਰਮੋਹ ਗੜ ਦੀ ਜੰਗ**-ਰਾਜਿਆਂ ਦੀ ਕੋਈ ਗਲ ਸਿਰੇ ਨਹੀਂ ਚੜੀ, ਕੋਈ ਮਕਸਦ ਪੂਰਾ ਨਹੀਂ ਹੋਇਆ ਹੁਣ ਉਨ੍ਹਾ ਨਵੀਂ ਚਾਲ ਚਲੀ। ਆਟੇ ਦੀ ਗਊ ਬਣਾਕੇ ਉਸਦੇ ਗਲੇ ਵਿਚ ਰਾਜਿਆਂ ਵਲੋਂ ਸਹੁੰ ਪਤਰ ਪਾਇਆ, ਕਿ ਇਕ ਵਾਰੀ ਕਿਲਾ ਖਾਲੀ ਕਰ ਦਿਓ ਅਸੀਂ ਤੁਆਡੇ ਨਾਲ ਕਦੀ ਕੋਈ ਐਸੀ ਹਰਕਤ ਨਹੀ ਕਰਾਂਗੇ। ਸਾਡਾ ਵੀ ਮਾਨ ਰਹਿ ਜਾਏਗਾ ਤੇ ਤੁਸੀਂ ਜਦੋਂ ਚਾਹੋ ਵਾਪਸ ਫਿਰ ਕਿਲੇ ਵਿਚ ਆ ਸਕਦੇ ਹੋ। ਗੁਰੂ ਸਾਹਿਬ ਲਈ ਹਿੰਦੂ ਧਰਮ ਦੀ ਸਭ ਤੋਂ ਵਡੀ ਸਹੁੰ ਸੀ, ਜਿਸਤੇ ਭਰੋਸਾ ਕਰਕੇ ਸਿੰਘਾਂ ਨੂੰ ਕਿਲਾ ਖਾਲੀ ਕਰਨ ਦਾ ਹੁਕਮ ਦੇ ਦਿਤਾ। ਉਸੇ ਦਿਨ ਤੀਸਰੇ ਪਹਿਰ ਕਿਲਾ ਖਾਲੀ ਕਰਕੇ ਕੀਰਤਪੁਰ ਤੋਂ ਕੁਝ ਅਗੇ ਨਿਰਮੋਹ ਪਾਸ ਇਕ ਉਚੀ ਟਿਬੀ ਤੇ ਆਣ ਟਿਕੇ। ਜਦ ਗੁਰੂ ਸਾਹਿਬ ਖੁਲੇ ਮੈਦਾਨ ਵਿਚ ਦੀਵਾਨ ਸਜਾ ਕੇ ਬੈਠੇ ਸਨ ਤਾਂ ਤੋਪਚੀਆਂ ਨੇ ਗੁਰੂ ਸਾਹਿਬ ਨੂੰ ਨਿਸ਼ਾਨਾ ਬੰਨ ਕੇ ਗੋਲਾ ਮਾਰਿਆ। ਗੁਰੂ ਸਾਹਿਬ ਤਾਂ ਬਚ ਗਏ ਪਰ ਉਨ੍ਹਾ ਦਾ ਇਕ ਸਿਖ ਚੋਰ ਬਰਦਾਰ ਭਾਈ ਰਾਮ ਸਿੰਘ ਮਾਰਿਆ ਗਿਆ। ਗੁਰੂ ਸਾਹਿਬ ਨੇ ਪਹਾੜੀਆਂ ਦੀ ਖੋਟੀ ਨੀਅਤ ਤਾੜ ਲਈ ਤੇ ਉਥੇ ਹੀ ਆਪਣੇ ਸਿਖਾਂ ਦੇ ਬਚਾਵ ਵਾਸਤੇ ਕਿਲਾ ਬਣਵਾਣਾ ਸ਼ੁਰੂ ਕਰ ਦਿਤਾ ਜਿਸਦਾ ਨਾਓ ਨਿਰਮੋਹਗੜ ਰਖਿਆ।

ਉਧਰੋਂ ਪਹਾੜੀਆਂ ਨੇ ਸੂਬਾ ਸਰਹੰਦ ਨੂੰ ਚਿਠੀ ਲਿਖੀ ਕੀ ਗੁਰੂ ਸਾਹਿਬ ਇਸ ਵਕਤ ਰੜੇ ਮੈਦਾਨ ਵਿਚ ਹਨ। ਨਾਂ ਕੋਈ ਕਿਲਾ ਹੈ ਨਾ ਬਹੁਤੀ ਫੌਜ਼, ਨਾ ਅਸ਼ਤਰ ਸ਼ਸ਼ਤਰ ਤੇ ਨਾ ਸਾਜੋ-ਸਮਾਨ, ਕਿਓਂਕਿ ਬਹੁਤ ਸਾਰੇ ਫੌਜੀ ਸਿੰਘ ਆਨੰਦਪੁਰ ਦਾ ਕਿਲਾ ਖਾਲੀ ਕਰਨ ਸਮੇ ਘਰੋ ਘਰੀ ਚਲੇ ਗਏ ਸੀ। ਵਜ਼ੀਰ ਖਾਨ ਨੇ ਚਿਠੀ ਪੜਦਿਆਂ ਸਾਰ ਫੌਜ਼ ਤਿਆਰ ਕੀਤੀ ਤੇ ਗੁਰੂ ਸਾਹਿਬ ਤੇ ਚੜਾਈ ਕਰ ਦਿਤੀ। ਜਦੋਂ ਗੁਰੂ ਸਾਹਿਬ ਨੂੰ ਪਤਾ ਚਲਿਆ ਤਾਂ ਉਨ੍ਹਾ ਨੇ ਸਿੰਘਾਂ ਨੂੰ ਤਿਆਰ -ਬਰ-ਤਿਆਰ ਕਰ ਲਿਆ। ਰਣਜੀਤ ਨਗਾਰਾ ਖੜਕਿਆ, ਬੋਲੇ ਸੋ ਨਿਹਾਲ ਨਾਲ ਮੈਦਾਨ ਗੂੰਜਣ ਲਗਾ। ਸਿੰਘ ਮੈਦਾਨੇ ਜੰਗ ਵਿਚ ਕੁਦ ਪਏ, ਘਮਸਾਨ ਦਾ ਯੁਧ ਹੋਇਆ। ਸਿੰਘ ਭਾਵੈਂ ਥੋੜੇ ਸੀ ਪਰ ਵੈਰੀਆਂ ਦੇ ਦੰਦ ਖਟੇ ਕਰ ਦਿਤੇ। ਫਿਰ ਵੀ ਗੁਰੂ ਸਾਹਿਬ ਬਚਾਓ ਵਾਸਤੇ ਸਿੰਘਾਂ ਨੂੰ ਲੇਕੇ ਸਤਲੁਜ ਪਾਰ ਲੰਘ ਗਏ। ਪਹਾੜੀ ਰਾਜਿਆਂ ਨੇ ਇਸ ਨੂੰ ਆਪਣੀ ਜਿਤ ਸਮਝਕੇ ਸੂਬਾ ਸਰਹੰਦ ਦਾ ਧੰਨਵਾਦ ਕੀਤਾ। ਉਸ ਨੂੰ ਫੌਜ਼ ਦਾ ਖਰਚਾ ਦੇਕੇ ਵਾਪਿਸ ਤੋਰ ਦਿਤਾ। ਇਸ ਲੜਾਈ ਵਿਚ ਗੁਰੂ ਸਾਹਿਬ ਦਾ ਇਕ ਯੋਧਾ ਸਾਹਿਬ ਚੰਦ ਮਾਰਿਆ ਗਿਆ।

ਇਸਤੋ ਬਾਦ ਗੁਰੂ ਸਾਹਿਬ ਬਿਸਾਲ ਰਾਜ ਦੇ ਬੀਭੌਰ ਰਾਜੇ ਨੂੰ ਮਿਲੇ ਜਿਨ੍ਹਾ ਨੇ ਬੜੇ ਪਿਆਰ ਤੇ ਸ਼ਰਧਾ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ। ਰਾਜੇ ਬਿਭੌਰ ਨੇ ਉਨ੍ਹਾ ਨੂੰ ਆਪਣੀ ਰਿਆਸਤ ਨਵਾਂ ਨੰਗਲ ਵਿਚ ਆਕੇ ਵਸਣ ਦਾ ਸਦਾ ਦਿਤਾ। ਇਥੇ ਹੀ ਗੁਰੂ ਸਾਹਿਬ ਨੇ ਸਤਲੁਜ ਦੇ ਕੰਢੇ ਚੋਪਾਈ ਦਾ ਉਚਾਰਨ ਕੀਤਾ। ਇਸ ਵੇਲੇ ਸਭ ਰਾਜੇ ਚੁਪ ਬੈਠੇ ਹੋਏ ਸੀ, ਕਿਸੇ ਦੀ ਵੀ ਹਿੰਮਤ ਨਹੀਂ ਸੀ ਕੀ ਗੁਰੂ ਸਾਹਿਬ ਵਲ ਅਖ ਉਚੀ ਕਰ ਸਕਣ। ਬੀਭੌਰ ਤੋਂ ਚਲ ਕੇ ਕ੍ਮ੍ਲੋਟ ਪਿੰਡ ਤੋ ਹੋਂਦੇ ਹੋਏ ਆਪਣੀ ਸੈਨਾ ਨਾਲ ਮੁੜ ਆਨੰਦਪੁਰ ਸਾਹਿਬ ਆ ਗਏ। ਆਨੰਦਪੁਰ ਸਾਹਿਬ ਛਡਣ ਤੋਂ ਬਾਅਦ ਪਹਾੜੀਆਂ ਨੇ ਇਸ ਨੂੰ ਬਰਬਾਦ ਕਰ ਦਿਤਾ ਤੇ ਵਸਣ ਯੋਗ ਨਹੀਂ ਰਹਿਣ ਦਿਤਾ। ਗੁਰੂ ਸਾਹਿਬ ਨੇ ਇਸਦੀ ਮੁਰੰਮਤ ਕਰਵਾਈ। ਬਾਗ ਬਗੀਚੇ ਤੇ ਕਿਲੇ ਦੇ ਘਰਾਂ ਨੂੰ ਨਵੀ ਜਿੰਦਗੀ ਬਖਸ਼ੀ। ਗੁਰੂ ਸਾਹਿਬ ਦੇ ਵਾਪਸ ਆਣ ਤੇ ਫਿਰ ਸੰਗਤਾ ਦੀ ਗਹਿਮਾ ਗਹਿਮ ਸ਼ੁਰੂ ਹੋ ਗਈ। ਰਾਜਾ ਅਜਮੇਰ ਚੰਦ ਨੇ ਗੁਰੂ ਸਾਹਿਬ ਨੂੰ ਸੁਲਾ ਸਫਾਈ ਦੀ ਚਿਠੀ ਲਿਖੀ ਤੇ ਪਿਛਲੀਆਂ ਸਾਰੀਆਂ ਗਲਤੀਆਂ ਦੀ ਮਾਫ਼ੀ ਮੰਗੀ। ਹੋਰ ਵੀ ਬਹੁਤ ਸਾਰੇ ਪਹਾੜੀ ਰਾਜਿਆਂ ਨੇ ਨਜ਼ਰਾਨੇ ਭੇਜੇ ਤੇ ਸੁਲਹ ਸਫਾਈ ਨਾਲ ਰਹਿਣ ਦਾ ਭਰੋਸਾ ਦਿਤਾ।

**ਚਮਕੌਰ ਦੀ ਪਹਿਲੀ ਲੜਾਈ** -ਗੁਰੂ ਸਾਹਿਬ ਸਿਖੀ ਪ੍ਰਚਾਰ ਲਈ ਕੁਰਕਸ਼ੇਤਰ ਗਏ। ਉਥੇ ਲੋਕਾਂ ਨੂੰ ਖਾਲਸਾ ਪੰਥ ਵਿਚ ਸ਼ਾਮਲ ਹੋਣ ਲਈ ਉਪਦੇਸ਼ ਦਿਤਾ ਜਿਸ ਨਾਲ ਉਨ੍ਹਾ ਦੀ ਫੌਜ਼ ਵਿਚ ਹੋਰ ਵਾਧਾ ਹੋ ਗਿਆ। ਇਥੋਂ ਉਨ੍ਹਾ ਨੇ ਚਮਕੌਰ ਦੇ ਚੜਦੇ ਪਾਸੇ ਵਲ ਡੇਰੇ ਲਗਾਏ। ਨੇੜੇ ਨੇੜੇ ਦੀਆਂ ਤੇ ਕਾਬਲ ਕੰਧਾਰ ਤੋ ਆਣ ਵਾਲਿਆਂ ਸੰਗਤਾ ਉਨ੍ਹਾ ਨੂੰ ਇਥੇ ਮਿਲੀਆਂ। ਜਦੋਂ ਗੁਰੂ ਸਾਹਿਬ ਚਮਕੋਰ ਟਿਕੇ ਹੋਏ ਸੀ ਤਾਂ ਅਜਮੇਰ ਚੰਦ ਇਸ ਤਾਕ ਵਿਚ ਸੀ, ਗੁਰੂ ਸਾਹਿਬ ਦਾ ਅਸਰ ਰਸੂਖ ਖਤਮ ਕੀਤਾ ਜਾਵੇ ਤੇ ਕਿਸੇ ਤਰੀਕੇ ਨਾਲ ਆਨੰਦਪੁਰ ਸਾਹਿਬ ਤੋਂ ਕਢਿਆ ਜਾਵੇ। ਉਸਨੇ ਮੋਕਾ ਦੇਖ ਕੇ ਲਾਹੌਰ ਦੇ ਦੋ ਓਮਰਾਓ ਜੋ 5000- 5000 ਦੀਆਂ ਫੌਜਾਂ ਲੇਕੇ ਦਿੱਲੀ ਵਲ ਨੂੰ ਜਾ ਰਹੇ ਸਨ, ਆਪਣੇ ਏਲਚੀ ਨੂੰ ਲੁਧਿਆਣਾ ਇਨ੍ਹਾ ਦੇ ਮਨਸਬਦਾਰਾਂ ਕੋਲ ਭੇਜ ਦਿਤਾ " ਗੁਰੂ ਸਾਹਿਬ ਇਸ ਵੇਲੇ ਖੁਲੇ ਮੈਦਾਨ ਵਿਚ ਬੈਠੇ ਹੋਏ ਹਨ, ਤੁਸੀ ਸੋਖੇ ਹੀ ਉਨ੍ਹਾ ਤੇ ਕਾਬੂ ਪਾ ਸਕਦੇ ਹੋ "। ਇਸ ਸੁਨੇਹੇ ਤੇ ਦੋਨੋ ਹੀ ਉਮਰਾਓ ਬੜੇ ਖੁਸ਼ ਹੋਏ ਤੇ ਮੋਕੇ ਨੂੰ ਗਨੀਮਤ ਸਮਝ ਕੇ ਚਮਕੌਰ ਵਲ ਨੂੰ ਤੁਰ ਪਏ। ਗੁਰੂ ਸਾਹਿਬ ਨੂੰ ਲੁਧਿਆਣੇ ਤੋ ਖਬਰ ਮਿਲ ਗਈ ਰਣਜੀਤ ਨਗਰਾ ਵਜਿਆ, ਸਿਖ ਤਿਆਰ-ਬਰ- ਤਿਆਰ ਹੋ ਗਏ। ਜਦੋਂ ਦੋਨੋ ਪਾਸਿਓ ਟਾਕਰਾ ਹੋਇਆ ਤਾਂ ਉਮਰਾਓ ਨੂੰ ਬੜਾ ਅਚਰਜ ਹੋਇਆ ਕੀ ਇਤਨੀ ਥੋੜੀ ਫੌਜ਼ ਨਾਲ ਕਿਸ ਹਿੰਮਤ ਤੇ ਦਲੇਰੀ ਨਾਲ ਸਿਖ ਲੜ ਰਹੇ ਹਨ। ਓਹ ਅਗੇ ਹੋਕੇ ਆਪ ਗੁਰੂ ਸਾਹਿਬ ਨਾਲ ਜੰਗ ਕਰਨ ਲਈ ਵਧਿਆ। ਗੁਰੂ ਸਾਹਿਬ ਦਾ ਤੇਜ ਪ੍ਰਤਾਪ ਉਸਤੋਂ ਝ੍ਲਿਆ ਨਹੀਂ ਗਿਆ। ਓਹ ਘੋੜੇ ਤੋਂ ਉਤਰਿਆ, ਚਰਨਾ ਤੇ ਮਥਾ ਟੇਕਿਆ ਤੇ ਆਪਣੇ ਗੁਨਾਹ ਦੀ ਮਾਫ਼ੀ ਮੰਗਣ ਲਗਾ। ਤੁਸੀਂ ਤਾਂ ਪੀਰਾਂ ਦੇ ਪੀਰ, ਅਲਾਹ ਦਾ ਨੂਰ ਲਗਦੇ ਹੋ। ਗੁਰੂ ਸਾਹਿਬ ਨੇ ਉਸਨੂੰ ਥਾਪੜਾ ਦਿਤਾ ਤੇ ਕਿਹਾ ਕਿਸੇ ਤੇ ਜ਼ੁਲਮ ਨਾ ਕਰਨਾ, ਅਲਾਹ ਨੂੰ ਯਾਦ ਰਖਣਾ। ਜਦ ਦੂਸਰੇ ਉਮਰਾਓ ਨੇ ਇਹ ਸਭ ਦੇਖਿਆ ਤੇ ਓਹ ਆਪਣੀ ਸੈਨਾ ਨੂੰ ਲੇਕੇ ਦਿਲੀ ਨੂੰ ਤੁਰ ਪਿਆ।

**ਆਨੰਦ ਪੁਰ ਸਾਹਿਬ ਦੀ ਦੂਜੀ ਲੜਾਈ**-ਆਪਣੀ ਹਰ ਤਰਫੋਂ ਕਰਾਰੀ ਹਾਰ ਦੇਖਕੇ, ਹੁਣ ਰਾਜੇ ਸਮਝ ਗਏ ਕਿ ਉਨ੍ਹਾ ਦੇ ਵਸ ਵਿਚ ਹੁਣ ਕੁਛ ਨਹੀਂ ਰਿਹਾ। ਕਿਲਾ ਤਾਂ ਖਾਲੀ ਕਰਾਣਾ ਹੀ ਸੀ ਸੋ ਆਪਣੇ ਏਲਚੀ ਨੂੰ ਦਿੱਲੀ ਸੂਬੇ ਵਲ ਭੇਜ ਦਿਤਾ। ਰਾਜਿਆਂ ਦੀ ਬੇਨਤੀ ਪਰਵਾਨ ਕਰਕੇ ਸੂਬਾ ਦਿੱਲੀ ਨੇ ਸੈਦ ਬੇਗ ਹੇਠ ਤਕੜੀ ਫੌਜ਼ ਭੇਜੀ। ਗੁਰੂ ਸਾਹਿਬ ਕੋਲ ਸਿਰਫ 500 ਸ਼ਸ਼ਤਰ ਧਾਰੀ ਸਨ ਤੇ 300 ਕਰੀਬ ਘੋੜ ਸਵਾਰ। ਆਨੰਦਪੁਰ ਦੇ ਨੇੜੇ ਦੋਨਾ ਦਾ ਆਮਣਾ ਸਾਮਣਾ ਹੋਇਆ। ਸੈਦ ਬੇਗ ਦੇ ਕੁਝ ਸਾਥੀ ਸ਼ਹੀਦ ਹੋ ਗਏ। ਸੈਦ ਬੇਗ ਨੇ ਜਦੋਂ ਦੇਖਿਆ ਕੀ ਗੁਰੂ ਸਾਹਿਬ ਦੀ ਫੌਜ਼ ਵਿਚ ਹਿੰਦੂ, ਸਿਖ ਤੇ ਮੁਸਲਮਾਨ ਵੀ ਹਨ ਜੋ ਅਗੇ ਵਧ ਵਧ ਕੇ ਬੜੀ ਸ਼ਰਧਾ ਨਾਲ ਲੜ ਰਹੇ ਹਨ। ਓਸ ਨੂੰ ਲਗਿਆ ਕੀ ਗੁਰੂ ਸਾਹਿਬ ਤੇ ਸਭ ਦੇ ਸਾਂਝੇ ਗੁਰੂ ਹਨ। ਇਨਾ ਨੂੰ ਮੁਸਲਮਾਨਾ ਦਾ ਵੈਰੀ ਤੇ ਹਿੰਦੂਆਂ ਦਾ ਦੋਸਤ ਕਹਿਣਾ ਗਲਤ ਹੈ। ਜਦੋਂ ਗੁਰੂ ਸਾਹਿਬ ਨੂੰ ਨੀਲੇ ਘੋੜੇ ਤੇ ਸਵਾਰ ਦੇਖਿਆ, ਉਨ੍ਹਾ ਦਾ ਨੂਰਾਨੀ ਚੇਹਰਾ ਤਾਂ ਉਸਨੂੰ ਲਗਿਆ ਓਹ ਇਨਾਂ ਦੀ ਬਰਾਬਰੀ ਨਹੀ ਕਰ ਸਕਦਾ। ਘੋੜੇ ਤੋ ਉਤਰ ਕੇ ਉਸਨੇ ਗੁਰੂ ਸਾਹਿਬ ਨੂੰ ਸਜਦਾ ਕੀਤਾ ਤੇ ਫੌਜ਼ ਦੀ ਕਮਾਨ ਛਡ ਕੇ ਚਲਾ ਗਿਆ। ਰਮਜਾਨ ਖਾਨ ਨੇ ਕਮਾਨ ਸੰਭਾਲੀ ਜੋ ਗੁਰੂ ਸਾਹਿਬ ਦੇ ਇਕੋ ਤੀਰ ਨਾਲ ਚਿਤ ਹੋ ਗਿਆ। ਹੁਣ ਪਹਾੜੀ ਰਾਜਿਆਂ ਤੇ ਸ਼ਾਹੀ ਸੈਨਾ ਇਕੋ ਵਾਰ ਸਿਖ ਫੌਜ਼ ਤੇ ਟੁਟ ਕੇ ਪੈ ਗਏ। ਗੁਰੂ ਸਾਹਿਬ ਲਾਭਿਓਂ ਨਿਕਲ ਗਏ। ਸ਼ਾਹੀ ਸੈਨਾ ਨੇ ਕਿਲੇ ਤੇ ਕਬਜਾ ਕਰ ਲਿਆ ਬਹੁਤ ਲੁਟ ਖਸੁਟ ਕੀਤੀ ਅਧੀ ਰਾਤੀਂ ਸ਼ਾਹੀ ਸੈਨਾ ਤੇ ਰਾਜਿਆਂ ਦੀਆਂ ਫੌਜਾਂ ਜਿਤ ਦੀ ਖੁਸ਼ੀ ਵਿਚ ਵਾਪਸ ਹੋ ਤੁਰੀਆਂ। ਸਿੰਘਾਂ ਨੇ ਉਨ੍ਹਾ ਤੇ ਹਲਾ ਬੋਲ ਦਿਤਾ, ਖੂਬ ਕਟ ਵਡ ਹੋਈ। ਲੁਟਿਆ ਸਮਾਨ ਵਾਪਿਸ ਲੈ ਲਿਆ ਤੇ ਅਗਲੇ ਦਿਨ ਆਨੰਦਪੁਰ ਤੇ ਕਬਜਾ ਕਰ ਲਿਆ।


ਜਦੋਂ ਔਰੰਗਜ਼ੇਬ ਨੂੰ ਇਨਾਂ ਲੜਾਈਆਂ ਦੀ ਖਬਰ ਦਖਣ ਵਿਚ ਮਿਲੀ ਤਾਂ ਉਸਨੇ ਗੁਰੂ ਸਾਹਿਬ ਨੂੰ ਚਿਠੀ ਲਿਖੀ, " ਮੇਰਾ ਤੇ ਤੁਹਾਡਾ ਇਕ ਰਬ ਨੂੰ ਮੰਨਣ ਵਾਲਾ ਧਰਮ ਹੈ। ਤੁਹਾਨੂੰ ਮੇਰੇ ਨਾਲ ਸੁਲਹ ਸਫਾਈ ਨਾਲ ਰਹਣਾ ਚਾਹਿਦਾ ਹੈ। ਮੈਨੂੰ ਇਹ ਬਾਦਸ਼ਾਹੀ ਰਬ ਨੇ ਦਿਤੀ ਹੈ, ਤੁਹਾਨੂੰ ਮੇਰਾ ਹੁਕਮ ਮੰਨਣਾ ਚਾਹਿਦਾ ਹੈ, ਲੜਾਈ ਝਗੜੇ ਨਹੀਂ ਕਰਨੇ ਚਾਹੀਦੇ " । ਗੁਰੂ ਸਾਹਿਬ ਨੇ ਜਵਾਬ ਦਿਤਾ, "ਜਿਸ ਰਬ ਨੇ ਤੈਨੂੰ ਬਾਦਸ਼ਾਹੀ ਦਿਤੀ ਹੈ ਉਸੇ ਨੈ ਮੈਨੂੰ ਸੰਸਾਰ ਵਿਚ ਭੇਜਿਆ ਹੈ, ਤੇਨੂੰ ਉਸਨੇ ਪਰਜਾ ਦੀ ਹਿਤ ਵਾਸਤੇ ਭੇਜਿਆ ਹੈ ਪਰ ਤੂੰ ਉਸਦਾ ਹੁਕਮ ਭੁਲ ਗਿਆਂ ਹੈਂ, ਤੇਰਾ ਨਾਲ ਜੋ ਉਸਦੇ ਹੁਕਮ ਨੂੰ ਭੁਲ ਗਿਆ ਹੈ ਸਾਡਾ ਕੀ ਮੇਲ ? ਫਿਰ ਜਿਨ੍ਹਾ ਹਿੰਦੂਆਂ ਤੇ ਤੂੰ ਜੁਲਮ ਕਰ ਰਿਹਾ

(ਬਾਕੀ ਸਫਾ 6 'ਤੇ)

# ਮਿਤਰ ਪਿਆਰੇ ਨੂੰ, ਹਾਲ ਮੁਰੀਦਾ ਦਾ ਕਹਿਣਾ...

ਹੈਂ ਓਹ ਉਸੇ ਰਬ ਦੇ ਬੰਦੇ ਹਨ ਜਿਸਨੇ ਤੇਨੂੰ ਬਾਦਸ਼ਾਹੀ ਦਿਤੀ ਹੈ, ਪਰ ਤੂੰ ਉਨ੍ਹਾ ਨੂੰ ਰਬ ਦੇ ਬੰਦੇ ਨਹੀ ਸਮਝਿਆ , ਉਨ੍ਹਾ ਦੇ ਧਰਮ ਤੇ ਧਰਮ ਅਸਥਾਨਾਂ ਦੀ ਨਿਰਾਦਰੀ ਕਰਦਾ ਹੈਂ " ।

ਆਨੰਦਪੁਰ ਦੀ ਲੁਟ ਸੁਣਕੇ ਸੰਗਤਾਂ ਦੂਰੋਂ ਨੇੜਿਓਂ ਸਭ ਪਾਸਿਆਂ ਤੋ ਆਣਾ ਸ਼ੁਰੂ ਹੋ ਗਈਆਂ। ਸਿਖਾਂ ਦਾ ਇਤਨਾ ਇਕਠ ਦੇਖ ਕੇ ਅਜਮੇਰ ਚੰਦ ਹੋਰ ਘਬਰਾ ਗਿਆ, ਸ਼ਾਇਦ ਗੁਰੂ ਸਾਹਿਬ ਫੌਜੀ ਤਾਕਤ ਇਕਠੀ ਕਰ ਰਹੇ ਹਨ। ਸਾਰੇ ਰਾਜਿਆਂ ਨੇ ਇਕਠੇ ਹੋਕੇ ਔਰੰਗਜ਼ੇਬ ਨੂੰ ਚਿਠੀ ਲਿਖੀ। ਉਸਨੂੰ ਗੁਰੂ ਸਾਹਿਬ ਦੇ ਖਿਲਾਫ਼ ਖੂਬ ਭੜਕਾਇਆ ਤੇ ਚੇਤਾਵਨੀ ਵੀ ਦਿਤੀ ਕਿ ਜੇਕਰ ਤੁਸੀਂ ਹੁਣ ਕੁਛ ਨਾ ਕੀਤਾ ਤਾਂ ਇਹ ਮੁਗਲ ਹਕੂਮਤ ਤੇ ਸਾਡੇ ਵਾਸਤੇ ਬਹੁਤ ਵਡਾ ਖਤਰਾ ਬਣ ਜਾਏਗਾ। ਔਰੰਗਜ਼ੇਬ ਗੁਰੂ ਸਾਹਿਬ ਦੇ ਜਵਾਬ ਤੋਂ ਅਗੇ ਹੀ ਭੜਕਿਆ ਹੋਇਆ ਸੀ, ਰਾਜਿਆਂ ਨੇ ਬਲਦੀ ਤੇ ਤੇਲ ਪਾ ਦਿਤਾ। ਉਸਨੇ ਤੁਰੰਤ ਸੂਬਾ ਦਿਲੀ, ਸੂਬਾ ਲਾਹੌਰ ਤੇ ਸੂਬਾ ਸਰਹੰਦ ਨੂੰ ਚਿਠੀ ਲਿਖੀ ਕਿ ਤੁਸੀਂ ਪਹਾੜੀ ਰਾਜਿਆਂ ਦੀ ਮਦਤ ਨਾਲ ਆਨੰਦਪੁਰ ਦਾ ਨਾਮੋ ਨਿਸ਼ਾਨ ਮਿਟਾ ਦਿਉ ਤੇ ਗੁਰੂ ਨੂੰ ਮੇਰੇ ਕੋਲ ਪਕੜ ਕੇ ਲੈ ਆਓ।



**ਆਨੰਦਪੁਰ ਸਾਹਿਬ ਦੀ ਜੰਗ**-ਇਤਨਾ ਸਖਤ ਹੁਕੂਮ ਸੁਣ ਕੇ ਸਭ ਨੇ ਆਪਣੀਆਂ ਆਪਣੀਆਂ ਫੌਜਾਂ ਆਨੰਦਪੁਰ ਸਾਹਿਬ ਭੇਜ ਦਿਤੀਆਂ। ਗੁਰੂ ਸਾਹਿਬ ਕੋਲ 11000 ਦੇ ਕਰੀਬ ਤੇ ਰਾਜਿਆਂ ਤੇ ਮੁਗਲਾਂ ਦੀ 150000 ਫੌਜਾਂ ਦੇ ਨਾਲ ਗੁਜਰ ਤੇ ਰੰਗੜ ਵੀ ਇਕਠੇ ਕਰ ਲਏ। ਗੁਰੂ ਸਾਹਿਬ ਨੇ 500 -500 ਜਥੇ ਬਣਾਕੇ ਸਭ ਕਿਲਿਆਂ ਅੰਦਰ ਤੈਨਾਤ ਕਰ ਦਿਤੇ ਤੇ ਬਾਕੀ ਜਵਾਨਾਂ ਨੂੰ ਆਪਣੀ ਕਮਾਨ ਹੇਠ ਰਖਿਆ। ਸ਼ਾਹੀ ਫੌਜਾਂ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਮੋਰਚੇ ਬਨਕੇ ਆਨੰਦਪੁਰ ਨੂੰ ਘੇਰਾ ਪਾ ਲਿਆ। 500 -500 ਜਥਿਆਂ ਨੇ ਇਨੀ ਵਡੀ ਫੌਜ਼ ਨਾਲ ਸਖਤ ਟਕਰਾ ਕੀਤਾ। ਪਹਾੜੀਆਂ ਤੇ ਮੁਗਲਾਂ ਦਾ ਜਿਆਦਾ ਨੁਕਸਾਨ ਹੁੰਦਾ ਕਿਓਕੀ ਓਹ ਮੈਦਾਨ ਵਿਚ ਸਨ। ਸਿਖਾਂ ਦੀਆਂ ਤੋਪਾਂ ਦੀ ਅਵਾਜ਼ ਇਤਨੀ ਬੁਲੰਦ ਸੀ ਵੈਰੀਆਂ ਦੇ ਹਿਰਦੇ ਕੰਬ ਉਠਦੇ, ਭਾਜੜਾਂ ਪੈ ਜਾਂਦੀਆਂ। ਆਪਣੀਆਂ ਫੌਜਾਂ ਦਾ ਇਹ ਹਾਲ ਦੇਖਕੇ ਮੁਗਲ ਤੇ ਪਹਾੜੀ ਨਵੀਂ ਵਿਓਂਤ ਸੋਚਣ ਲਗੇ, ਸਿਖਾਂ ਨੂੰ ਭੁਖਿਆਂ ਰਖਣ ਦੀ। ਓਨਾਂ ਨੇ ਚੁਫੇਰੇ ਖੇਰਾ ਪੁਰ ਲਿਆ। ਸਿਖਾਂ ਦਾ ਰਸਦ ਪਾਣੀ ਅੰਦਰ ਜਾਣਾ ਬੰਦ ਕਰਵਾ ਦਿਤਾ ਜਿਨਾਂ ਕੁ ਅੰਨ ਪਾਣੀ ਸੀ ਹੋਲੀ ਹੋਲੀ ਖਤਮ ਹੁੰਦਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਬਾਹਰੋਂ ਕੋਈ ਰਸਦ ਪਾਣੀ ਅੰਦਰ ਨਹੀ ਸੀ ਪੁਜ ਸ੍ਕਦਾ।ਅਨਾਜ,ਪਾਣੀ,ਅੰਨ, ਘਾਹ ਪਠੇ ਦੀ ਕਮੀ ਨਾਲ, ਪਿਆਰੇ ਸਿੰਘ, ਪਾਲਤੂ ਘੋੜੇ ਤੇ ਪ੍ਰਸ਼ਾਦੀ ਹਾਥੀ ਵੀ ਭੁਖ ਦੇ ਸ਼ਿਕਾਰ ਹੋ ਗਏ। ਸਿਖਾਂ ਦੇ ਸਿਦਕ ਦੀ ਪਰਖ ਹੋ ਰਹੀ ਸੀ। ਅਖੀਰ ਸਿੰਘਾਂ ਨੇ 100 -100 ਦਾ ਜਥਾ ਬਣਾਕੇ ਵੈਰੀਆਂ ਤੇ ਛਾਪੇ ਮਾਰਨੇ ਸ਼ੁਰੂ ਕਰ ਦਿਤੇ। ਕੁਛ ਵੇਰੀਆਂ ਨੂੰ ਪਾਰ ਬੁਲਾਂਦੇ, ਕੁਝ ਲੜ ਕੇ ਸ਼ਹੀਦ ਹੋ ਜਾਂਦੇ, ਕੁਝ ਸਮਾਨ ਲੁਟ ਕੇ ਕਿਲੇ ਵਿਚ ਲੈ ਆਓਂਦੇ। ਕੁਝ ਮੁਸਲਮਾਨ ਜਾਣ ਬੁਝ ਕੇ ਸਿਖਾਂ ਨੂੰ ਲੁਟਣ ਵਿਚ ਮਦਤ ਕਰਦੇ, ਪਰ ਇਹ ਬਹੁਤੀ ਦੇਰ ਤਕ ਨਾ ਚਲ ਸਕਿਆ। ਹਕੂਮਤ ਚੋਕਨੀ ਹੋ ਗਈ ! ਸਿੰਘਾ ਦੀ ਗਿਣਤੀ ਵੀ ਭੁਖ ਦੀ ਵਜਹ ਕਰਕੇ ਦਿਨ-ਬਦਿਨ ਘਟ ਰਹੀ ਸੀ ਪਰ ਸ਼ਾਹੀ ਫੌਜ਼ ਜਿਤਨੀ ਮਰਦੀ ਹੋਰ ਆ ਜਾਂਦੀ।

ਪਹਾੜੀ ਰਾਜਿਆਂ ਤੇ ਸ਼ਾਹੀ ਸੈਨਾ ਦੇ ਵੀ ਲੜਦੇ ਲੜਦੇ ਹੋਂਸਲੇ ਪਸਤ ਹੋ ਗਏ। ਢੰਡੋਰਾ ਦੇ ਰਹੇ ਸਨ ਕੀ ਜੇਕਰ ਗੁਰੂ ਸਾਹਿਬ ਕਿਲਾ ਖਾਲੀ ਕਰ ਦਿੰਦੇ ਹਨ ਤਾਂ ਸ਼ਾਹੀ ਫੋਜਾ ਉਨ੍ਹਾ ਨੂੰ ਫੌਜ਼ ਸਮੇਤ ਲੰਘਣ ਦੇਣਗੀਆਂ ਬਿਨਾ ਕਿਸੇ ਖਤਰੇ ਤੋਂ। ਆਟੇ ਦੀ ਗਊ ਤੇ ਕੁਰਾਨ ਤੇ ਹਥ ਰਖ ਕੇ ਕਸਮਾਂ ਵੀ ਖਾਧੀਆਂ। ਗੁਰੂ ਸਾਹਿਬ ਦੇ ਸਿੰਘ ਜੋ ਖਾਹ ਪਤੇ ਖਾਕੇ ਮਰਨ ਦੀ ਹਾਲਤ ਵਿਚ ਪੁਜ ਚੁਕੇ ਸਨ ਭੁਖ ਤੋ ਤੰਗ ਆ ਚੁਕੇ ਸਨ। ਗੁਰੂ ਸਹਿਬ ਤੋਂ ਵੀ ਉਨ੍ਹਾ ਦੀ ਇਹ ਹਾਲਤ ਦੇਖੀ ਨਹੀਂ ਸੀ ਜਾ ਰਹੀ। ਉਨ੍ਹਾ ਨੂੰ ਪਤਾ ਸੀ ਕਿ ਇਸ ਵਕਤ ਕਿਲਾ ਛਡਣਾ ਠੀਕ ਨਹੀਂ ਹੈ ਤੇ ਉਨ੍ਹਾ ਨੇ ਸਮਝਾਇਆ ਵੀ ਕਿ ਵੈਰੀ ਹੁਣ ਤੰਗ ਆ ਚੁਕਾ ਹੈ ਤੇ ਜਿਤ ਦੀ ਆਸ ਲਾਹ ਚੁਕਾ ਹੈ ਜੇ ਇਸ ਵੇਲੇ ਅਸੀ ਉਸਦੇ ਧੋਖੇ ਵਿਚ ਆ ਗਏ ਤਾਂ ਸਾਨੂੰ ਬਹੁਤ ਵਡੀ ਤਬਾਹੀ ਦਾ ਮੂੰਹ ਦੇਖਣਾ ਪਏਗਾ। ਸਿਖਾਂ ਨੇ ਸਭ ਕੁਝ ਸੁਣਿਆ ਪਰ ਭੁਖ ਉਨ੍ਹਾ ਤੇ ਹਾਵੀ ਹੋ ਚੁਕੀ ਸੀ। ਗੁਰੂ ਸਾਹਿਬ ਤੇ ਜੋਰ ਪਾਇਆ। ਸਿਖਾਂ ਦਾ ਹੁਕਮ ਨੂੰ ਗੁਰੂ ਸਾਹਿਬ ਨੇ ਕਦ ਟਾਲਿਆ ਸੀ। ਉਨ੍ਹਾ ਦੀ ਹਾਲਤ ਤੇ ਤਰਸ ਵੀ ਆ ਰਿਹਾ ਸੀ ਸੋ ਕਹਿਲਵਾ ਦਿਤਾ ਕੀ ਓਹ ਕਿਲਾ ਖਾਲੀ ਕਰ ਦੇਣਗੇ, ਓਹਨਾ ਵਲੋਂ ਲੜਾਈ ਬੰਦ ਹੈ। ਸਿਖਾਂ ਨੂੰ ਹੁਕਮ ਕੀਤਾ ਕੀ ਤੁਸੀਂ ਤੁਰਨ ਦੀ ਤਿਆਰੀ ਕਰੋ।

**ਸਰਸਾ ਦੇ ਕੰਢੇ ਤੇ ਲੜਾਈ**-ਜਦੋਂ ਲੜਾਈ ਸ਼ੁਰੂ ਹੋਈ ਸੀ ਗੁਰੂ ਸਾਹਿਬ ਕੋਲ 11000 ਫੌਜ਼ ਸੀ ਹੁਣ ਸਿਰਫ 1500 -1600 ਰਹਿ ਗਏ , ਉਸ ਵਿਚੋਂ ਵੀ ਭੁਖ ਦੇ ਕਾਰਣ ਬਹੁਤੇ ਮਰਨ ਦੇ ਕਿਨਾਰੇ ਪਹੁੰਚ ਚੁਕੇ ਸੀ। ਆਨੰਦਪੁਰ ਦਾ ਕਿਲਾ ਤੇ ਹੋਰ ਗੁਰੂ ਅਸਥਾਨਾਂ ਦੀ ਸੇਵਾ ਗੁਰਬਖਸ਼ ਰਾਇ ਨੂੰ ਸੋਪ ਕੇ ਅਧੀ ਰਾਤੀ ਕਿਲਾ ਖਾਲੀ ਕਰ ਦਿਤਾ। 1500-1600 ਸਿਖ 6-7 ਦਸੰਬਰ ਦੀ ਬਰਫੀਲੀ ਰਾਤ ਵਿਚ ਭੁਖੇ ਭਾਣੇ ਜਿਸ ਦਲੇਰੀ ਤੇ ਸਾਹਸ ਨਾਲ ਗੁਰੂ ਸਾਹਿਬ ਦੀ ਅਗਵਾਈ ਹੇਠ ਜਾਲਮਾਂ ਦੇ ਘੇਰੇ ਵਿਚੋਂ ਲੰਘ ਕੇ ਜਾ ਰਹੇ ਸੀ ਉਸਦੀ ਦਾਦ ਜਾਲਮ ਤੇ ਲੁਟੇਰੇ ਵੀ ਦੇ ਰਹੇ ਸੀ। ਅਜੇ ਓਹ ਕੀਰਤਪੁਰ ਹੀ ਪਹੁੰਚੇ ਸਨ, ਕਿ ਮੁਗਲਾਂ ਨੇ ਬੜੀ ਬੇਰਹਿਮੀ ਤੇ ਬੇਹਆਈ ਨਾਲ ਕਸਮਾਂ ਵਾਇਦੇ ਛਿਕੇ ਟੰਗ ਕੇ ਥਕੇ ਟੁੱਟੇ, ਭੁਖੇ ਭਾਣੇ ਗਿਣਤੀ ਦੇ ਸਿਖਾਂ ਤੇ ਟੁਟ ਪਏ। ਬਾਬਾ ਅਜੀਤ ਸਿੰਘ, ਭਾਈ ਉਦੈ ਸਿੰਘ, ਭਾਈ ਜੀਵਨ ਸਿੰਘ ਤੇ ਕੁਝ ਹੋਰ ਸਿਖਾਂ ਨੇ ਇਨ੍ਹਾ ਨੂੰ ਇਥੇ ਹੀ ਰੋਕਣ ਦਾ ਫੈਸਲਾ ਕਰ ਲਿਆ ਤਾਕਿ ਓਹ ਗੁਰੂ ਸਾਹਿਬ ਤਕ ਨਾ ਪੁਜ ਸਕਣ। ਸ਼ਾਹੀ ਟਿਬੀ, ਸਰਸਾ ਦੇ ਕੰਢੇ, ਜਿਸ ਸਿਦਕ ਤੇ ਦਲੇਰੀ ਨਾਲ ਇਨਾ ਗਿਣਤੀ ਦੇ ਸਿੰਘਾਂ ਨੇ ਟਾਕਰਾ ਕੀਤਾ ਓਹ ਬੇਮਿਸਾਲ ਸੀ ਜੋ ਜੂਝ ਕੇ ਸ਼ਹੀਦ ਹੋਏ ਉਨ੍ਹਾ ਵਿਚ, ਭਾਈ ਜੀਵਨ ਸਿੰਘ, ਭਾਈ ਬਚਿਤਰ ਸਿੰਘ ਤੇ ਭਾਈ ਉਦੈ ਸਿੰਘ ਜੀ ਸਨ।

ਗੋਲੀਆਂ ਵਰ ਰਹੀਆਂ ਸਨ, ਤੀਰ ਚਲ ਰਹੇ ਸਨ, ਗੁਰੂ ਸਾਹਿਬ ਦੇ ਨਿਤਨੇਮ ਦਾ ਵਕਤ ਹੋ ਗਿਆ ਸੀ। ਗੁਰੂ ਸਾਹਿਬ ਨਿਤਨੇਮ ਦਾ ਪਾਠ ਤੇ ਕੀਰਤਨ ਕਰ ਰਹੇ ਸੀ। ਕੋਟਲਾ ਨਿਹੰਗ ਸਿੰਘ ਸੰਗਤਾ ਦੀ ਰਾਖੀ ਕਰ ਰਹੇ ਸੀ। ਭਿਆਨਕਤਾ ਚਰਮ ਸੀਮਾ ਤਕ ਪਹੁੰਚ ਚੁਕੀ ਸੀ, ਪੰਜਾਬ ਦੀਆ ਠੰਡੀਆਂ ਰਾਤਾਂ, ਬਾਰਸ਼, ਝਖੜ, ਮੀਹ ਵਰਗੀਆਂ ਗੋਲੀਆਂ ਦੀ ਬੁਛਾੜ, ਪਿਛੇ ਲਖਾਂ ਦੀ ਫੌਜ਼, ਚੜ ਆਈ ਸਰਸਾ ਜਿਸ ਨੂੰ ਪਾਰ ਕਰਨਾ ਸੀ, ਦੇ ਵਿਚ ਤਿਲਕਦੀਆਂ ਜਾਨਾਂ , ਜਿਨਾਂ ਵਿਚ ਕਈ ਸ਼ਹੀਦ ਹੋਏ , ਕਈ ਡੁਬੇ, , ਮਸਾਂ ਕੁਝ ਕੁ ਸਿੰਘ ਬਰ੍ਫੀਲੇ ਪਾਣੀ ਦੀ ਫੇਟ ਤੋ ਬਚਕੇ ਪਾਰ ਹੋਏ ਪਰ ਅਜਿਹੇ ਖੇਰੂੰ ਖੇਰੂੰ ਹੋਏ ਕਿ ਆਪਸ ਵਿਚ ਉਨ੍ਹਾ ਦਾ ਮੇਲ ਨਾ ਹੋ ਸਕਿਆ। ਮਾਤਾ ਗੁਜਰੀ ਤੇ ਦੋ ਸਾਹਿਬਜਾਦੇ ਗੰਗੂ ਰਸੋਈਏ ਨਾਲ ਸਰਹੰਦ ਵਲ ਨਿਕਲ ਗਏ। ਭਾਈ ਮਨੀ ਸਿੰਘ ਦੇ ਜਥੇ ਨਾਲ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਤੇ ਪੰਜ ਹੋਰ ਸਿੰਘਾਂ ਦੀ ਮੋਹਾੜ ਦਿਲੀ ਵਾਲੇ ਪਾਸੇ ਹੋ ਗਈ। ਬਹੁਤ ਸਾਰਾ ਸਮਾਨ ਜਿਸ ਵਿਚ ਸਾਲਾਂ ਦੀ ਕੀਤੀ ਮੇਹਨਤ ਦੇ ਨਾਲ ਨਾਲ ਗਰੰਥ ਸਾਹਿਬ ਵੀ ਰੁੜ ਗਏ। ਨੌਂ ਮਣ ਦੇ ਕਰੀਬ ਗੁਰੂ ਸਾਹਿਬ ਦੀਆਂ ਰਚਨਾਵਾਂ ਦੇ ਨਾਲ ਨਾਲ ਹੋਰ ਵੀ ਸਹਿਤ ਸਰਸਾ ਨਦੀ ਦੀ ਭੇਟ ਚੜ ਗਿਆ।

ਗੁਰੂ ਸਾਹਿਬ ਆਪਣੇ ਦੋਨੋ ਸਾਹਿਬਜ਼ਾਦਿਆਂ ਤੇ ਗਿਣਤੀ ਦੇ ਕੁਛ ਸਿੰਘਾਂ ਨਾਲ ਵਸਦੇ ਮੀਹ, ਭਿਜੇ ਹੋਏ ਕਪੜੇ, ਥਕੇ, ਭੁਖੇ ਸਰੀਰਾਂ ਨੂੰ ਠੇਲਦੇ ਰੋਪੜ ਪਹੁੰਚੇ ਜਿਥੇ ਉਥੋਂ ਦੇ ਪਠਾਣਾ ਨੇ ਉਨ੍ਹਾ ਦਾ ਤਲਵਾਰਾਂ ਨਾਲ ਸਵਾਗਤ ਕੀਤਾ। ਮੁਕਾਬਲਾ ਕਰਦੇ ਕਰਦੇ ਓਹ ਚਮਕੌਰ ਦੀ ਗੜੀ ਤਕ ਪਹੁੰਚ ਗਏ। ਇਥੋਂ ਦੇ ਜ਼ਮੀਦਾਰ ਚੌਧਰੀ ਬੁਧੀ ਚੰਦ ਨੇ ਆਪਜੀ ਨੂੰ ਬੇਨਤੀ ਕੀਤੀ ਕਿ ਖੁਲੇ ਮੈਦਾਨ ਨਾਲੋਂ ਗੜੀ ਵਿਚ ਕੁਝ ਬਚਾਓ ਹੋ ਜਾਏਗਾ। ਕੁਰਕਸ਼ੇਤਰ ਤੋਂ ਮੁੜਦਿਆਂ ਵੀ ਓਹ ਇਸੇ ਹਵੇਲੀ ਵਿਚ ਠਹਿਰੇ ਸੀ। ਗੁਰੂ ਸਾਹਿਬ ਨੇ ਇਥੇ ਰੁਕਣ ਤੇ ਆਖਰੀ ਦਮ ਤਕ ਝੂਝਣ ਦਾ ਫੈਸਲਾ ਕਰ ਲਿਆ। ਗੁਰੂ ਸਾਹਿਬ ਦਾ ਕਾਫਲਾ ਚਮਕੌਰ ਦੇ ਆਸ ਪਾਸ ਪਹੁੰਚ ਗਿਆ ਹੈ ਇਹ ਖਬਰ ਸਰਹੰਦ ਤਕ ਪਹੁੰਚ ਗਈ। ਨਵਾਬ ਨੇ ਤੁਰੰਤ ਆਪਣੀ ਸੈਨਾ ਚਮਕੌਰ ਵਲ ਭੇਜ ਦਿਤੀ ਤਾਕਿ ਰਾਤੋ ਰਾਤ ਗੁਰੂ ਸਾਹਿਬ ਨੂੰ ਘੇਰ ਕੇ ਪਕੜ ਲਿਆ ਜਾਏ ਰਸਤੇ ਵਿਚੋਂ ਪਿੰਡਾ ਦੇ ਅਨੇਕ ਮੁਲਖਈਆਂ ਨੂੰ ਇਕਠਾ ਕਰ ਲਿਆ।

**ਜਿਸ ਦਮ ਹੁਏ ਚਮਕੌਰ ਮੈਂ ਸਿੰਘੋਂ ਕੇ ਉਤਾਰੇ ਬਿਫਰੇ ਹੁਏ ਸਤਿਗੁਰੁ ਕੇ ਦੁਲਾਰੇ ਨਜਰ ਆਏ**
**ਕਹਿਤੇ ਥੇ ਹਮੇ ਇਜਾਜ਼ਤ ਹੀ ਨਹੀਂ ਹੈ ਰਣ ਕੀ ਮਟੀ ਤਕ ਉੜਾ ਸਕਤੇ ਹੈ ਦੁਸ਼ਮਨ ਕੇ ਚਮਨ ਕੀ**

**ਚਮਕੌਰ ਦੀ ਲੜਾਈ**-ਗੁਰੂ ਸਾਹਿਬ ਨੇ ਇਸ ਅਚਨਚੇਤ ਹਮਲੇ ਦਾ ਮੁਕਾਬਲਾ ਕਰਨ ਲਈ ਜਿਤਨਾ ਕੁਝ ਇੰਤਜ਼ਾਮ ਹੋ ਸਕਦਾ ਸੀ ਤੁਰੰਤ ਫੁਰੰਤ ਕਰ ਲਿਆ। ਸਿਖਾਂ ਦੇ ਛੋਟੇ ਛੋਟੇ ਜਥੇ ਚਾਰੋ ਤਰਫ਼ ਤਾਇਨਾਤ ਕਰ ਦਿਤੇ ਗਏ। ਭਾਈ ਆਲਮ ਸਿੰਘ ਤੇ ਭਾਈ ਮਾਨ ਸਿੰਘ ਨੂੰ ਪਹਿਰਾ ਦੇਣ ਲਈ ਖੜਾ ਕਰ ਦਿਤਾ। ਗੁਰੂ ਸਾਹਿਬ, ਦੋਨੋ ਛੋਟੇ ਸਾਹਿਬਜ਼ਾਦੇ, ਭਾਈ ਦਇਆ ਸਿੰਘ ਤੇ ਭਾਈ ਸੰਗਤ ਸਿੰਘ ਨੇ ਉਪਰਲੀ ਮੰਜਿਲ ਤੇ ਮੋਰਚੇ ਸੰਭਾਲ ਲਏ। ਨਵਾਬ ਨੇ ਡੌਂਡੀ ਪਿਟਵਾ ਦਿਤੀ ਕਿ ਜੇਕਰ ਗੁਰੂ ਆਪਣੇ ਸਾਥੀਆਂ ਸਮੇਤ ਆਪਣੇ ਆਪ ਨੂੰ ਪੇਸ਼ ਕਰ ਦੇਣ ਤਾਂ ਉਨ੍ਹਾ ਦੀ ਜਾਨ ਬਖਸ਼ ਦਿਤੀ ਜਾਵੇਗੀ, ਜਿਸਦਾ ਜਵਾਬ ਗੁਰੂ ਸਾਹਿਬ ਨੇ ਤੀਰਾਂ ਨਾਲ ਦਿਤਾ। ਓਧਰੋਂ ਵੀ ਤੀਰਾਂ ਤੇ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ ਪਰ ਗੜੀ ਦੀ ਦੀਵਾਰ ਦੇ ਨੇੜੇ ਆਓਣ ਦੀ ਕਿਸੇ ਦੀ ਹਿੰਮਤ ਨਾ ਹੋਈ। ਨਾਹਰ ਖਾਨ ਤੇ ਗੇਰਤ ਖਾਨ, ਸਰਹੰਦ ਦੇ ਦੋ ਜਰਨੈਲਾਂ ਨੇ ਦੀਵਾਰ ਤੋਂ ਉਪਰ ਸਿਰ ਚੁਕਣ ਦੀ ਹਿੰਮਤ ਕੀਤੀ, ਦੋਨੋ ਗੁਰੂ ਸਾਹਿਬ ਦੇ ਤੀਰਾਂ ਨਾਲ ਮਾਰੇ ਗਏ। ਪਰ ਖਵਾਜਾ ਮਰਦੂਦ ਗੜੀ ਦੀ ਦੀਵਾਰ ਦੇ ਨਾਲ ਛੁਪਕੇ ਬਚ ਨਿਕਲਿਆ। ਰਾਤ ਪੈ ਗਈ, ਪੋਹ ਦੀ ਕਾਲੀ ਬੋਲੀ ਠੰਡੀ ਤੇ ਹਨੇਰੀ ਰਾਤ। ਬਾਰਸ਼ ਵਿਚ ਭਿਜੇ ਕਪੜੇ, ਕਚੀ ਗੜੀ ਦਾ ਕਚਾ ਫਰਸ਼। ਸਿੰਘ ਤੇ ਸਾਹਿਬਜ਼ਾਦੇ ਭੁੰਜੇ ਟਿਕਾਣਾ ਕਰ ਲੈਂਦੇ ਹਨ। ਭਾਈ ਦਾਇਆ ਸਿੰਘ, ਭਾਈ ਧਰਮ ਸਿੰਘ ਗੁਰੂ ਸਾਹਿਬ ਨਾਲ ਸਵੇਰ ਦੀ ਲੜਾਈ ਦੀ ਵਿਓਂਤ ਗੁੰਦਦੇ ਹਨ। ਚਮਕੌਰ ਦੀ ਗੜੀ ਵਿਚ ਬਾਕੀ ਸਿੰਘ ਤਾਂ ਥਕੇ ਹਾਰੇ ਸੋ ਜਾਂਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਗੜੀ ਦੀ ਦੀਵਾਰ ਦੀ ਇਕ ਇਕ ਇਟ ਨੂੰ ਬੜੇ ਧਿਆਨ ਨਾਲ ਦੇਖਦੇ ਹਨ ਤੇ ਸੋਚਦੇ ਹਨ, ਇਹ ਥਾਂ ਤੇ ਅਜ ਓਹ ਕੁਝ ਹੋਣਾ ਹੈ ਜੋ ਰਹਿੰਦੀ ਦੁਨਿਆ ਤਕ ਲੋਗ ਯਾਦ ਰਖਣਗੇ।

ਇਕ ਪਾਸੇ 43 ਕੁ ਸਿੰਘ, ਭੁਖੇ ਭਾਣੇ ਬੇਸਰੋ ਸਮਾਨ ਦੀ ਹਾਲਤ ਵਿਚ ਤੇ ਦੂਸਰੇ ਪਾਸੇ। 0 ਲਖ ਤੋ ਵਡੀ ਫੌਜ਼। ਸਵੇਰੇ ਇਕ ਇਕ ਕਰਕੇ ਸਿਖ ਬਾਹਰ ਨਿਕਲਦਾ ਹੈ ਤੇ ਸੂਰਮਗਤੀ ਦੇ ਨਵੇਂ ਕਿਆਮ ਸਥਾਪਤ ਕਰਕੇ ਸ਼ਹੀਦੀ ਪ੍ਰਾਪਤ ਕਰ ਲੈਂਦਾ। ਰਾਤ ਪਈ, ਸਿੰਘਾਂ ਨੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਤੁਸੀਂ ਦੋਨੋ ਸਾਹਿਬਜ਼ਾਦਿਆਂ ਨੂੰ ਲੈਕੇ ਨਿਕਲ ਜਾਓ। ਗੁਰੂ ਸਾਹਿਬ ਨੇ ਉਤਰ ਦੇਕੇ ਸਭ ਨੂੰ ਚੁਪ ਕਰਾ ਦਿਤਾ , " ਤੁਸੀਂ ਕੇਹੜੇ ਸਾਹਿਬਜਾਦਿਆਂ ਦੀ ਗਲ ਕਰਦੇ ਹੋ, ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ"। ਸਿਖ ਆਪਣੇ ਘੋੜਿਆਂ ਦੇ ਕਪੜੇ ਬਿਛਾ ਭੁੰਜੇ ਹੀ ਲੇਟ ਜਾਂਦੇ ਹਨ। ਦੋ ਦਿਨ ਦੇ ਧਕੇ ਹਾਰੇ ਭੁਖ਼ੇ ਭਾਣੇ ਸਿੰਘ ਜਲਦੀ ਹੀ ਸੋ ਜਾਂਦੇ ਹਨ। ਗੁਰੂ ਸਾਹਿਬ ਬੜੇ ਪਿਆਰ ਨਾਲ ਇਕ ਇਕ ਨੂੰ ਨਿਹਾਰਦੇ ਹਨ, ਉਹਨਾਂ ਦੀਆਂ ਦਸਤਾਰਾਂ ਠੀਕ ਕਰਦੇ ਹਨ, ਕਦੀ ਉਨ੍ਹਾ ਦੇ ਮੂੰਹ ਤੇ ਕਦੀ ਪੈਰਾਂ ਵਲ ਦੇਖਦੇ ਹਨ। ਚਮਕੋਰ ਦੀ ਗੜੀ ਦੇ ਇਕ ਤੰਬੂ ਵਿਚ ਦੋਨੋ ਸਾਹਿਬਜ਼ਾਦਿਆਂ ਨੂੰ ਸੁਤਿਆਂ ਦੇਖਦੇ ਹਨ। ਉਨਾ ਦਾ ਸਿਰ ਆਪਣੀ ਗੋਦੀ ਵਿਚ ਲੇਕੇ ਪਿਆਰ ਕਰਦੇ ਹਨ। ਅਲਾ ਯਾਰ ਜੋਗੀ ਇਸ ਵਕਤ ਉਨ੍ਹਾ ਦੇ ਅੰਦਰ ਉਠ ਰਹੇ ਵਲਵਲਿਆਂ ਦਾ ਅੰਦਾਜ਼ਾ ਲਗਾਕੇ ਬਿਆਨ ਕਰਦਾ ਹੈ।

**ਥੇ ਚਾਰ ਅਬ ਦੋ ਹੀ, ਸਹਿਰ ਏਹ ਭੀ ਨਾਂ ਹੋਗੇਂ।**
**ਹਮ ਸਬਰ ਕਰੇਂਗੇ ਜੁ ਅਗਰ ਏਹ ਭੀ ਨਾਂ ਹੋਂਗੇ।**

ਸਵੇਰ ਹੋਈ, ਪਹਿਲੇ ਤੀਰ ਚਲੇ, ਤੀਰ ਮੁਕੇ ਤੇ ਪੰਜ ਪੰਜ ਸਿਖਾਂ ਦੇ ਜਥੇ ਹਥੋਂ ਹਥ ਬਰਛਿਆਂ ਤੇ ਤਲਵਾਰਾਂ ਨਾਲ ਮੈਦਾਨ ਵਿਚ ਉਤਰੇ। ਗੁਰੂ ਸਾਹਿਬ ਨੇ ਆਪਣੇ ਦੋਨੋ ਪੁਤਰਾਂ ਨੂੰ ਆਪਣੇ ਹਥੀਂ ਤਿਆਰ ਕੀਤਾ ਤੇ ਨਿਕੇ ਨਿਕੇ ਜਥਿਆਂ ਦੀ ਜਿਮੇਵਾਰੀ ਸੋਂਪੀ। ਇਕ ਇਕ ਜਥਾ ਗੜੀ ਤੋ ਬਾਹਰ ਨਿਕਲਦਾ ਤੇ ਸ਼ਹੀਦੀ ਸੂਰਬੀਰਤਾ ਦਾ ਨਵਾਂ ਕਿਆਮ ਸਥਾਪਿਤ ਕਰਕੇ ਵੀਰਗਤੀ ਨੂੰ ਪ੍ਰਾਪਤ ਹੋ ਜਾਂਦੇ। ਹੁਣ ਅਜੀਤ ਸਿੰਘ ਦੇ ਜਥੇ ਦੀ ਵਾਰੀ ਆਉਂਦੀ ਹੈ। 18 ਸਾਲ ਦਾ ਪੁਤਰ ਆਪਣੇ ਪਿਤਾ ਤੋਂ ਇਜਾਜ਼ਤ ਮੰਗਣ ਲਈ ਆਉਂਦਾ ਹੈ ਤੇ ਪਿਤਾ ਦੇ ਦਿਲ ਦੀ ਗਲ ਸਮਝ ਕੇ ਕਹਿੰਦਾ ਹੈ। ਨਾਮ ਕਾ ਅਜੀਤ ਹੂੰ ਜੀਤਾ ਨਹੀਂ ਜਾਊਂਗਾ।। ਜੀਤਾ ਜੋ ਗਿਆ ਖੈਰ ਜੀਤਾ ਨਾ ਆਊਂਗਾ।। ਪਿਤਾ ਦੇ ਦਿਲ ਤੇ ਕੀ ਗੁਜਰੀ ਹੋਵੇਗੀ ? ਜਦ ਪਤਾ ਹੋਵੇ ਕੀ ਮੁੜ ਕੇ ਵਾਪਸ ਨਹੀਂ ਆਉਣਾ। ਪੁਤਰ ਨੂੰ ਅਸੀਸ ਦਿਤੀ, ਜੰਗ ਵਿਚ ਜੂਝਦੇ ਦੇਖਿਆ। ਇਨ੍ਹਾ ਦੇ ਚੇਹਰੇ ਦਾ ਜਲਾਲ ਦੇਖਕੇ ਇਕ ਵਾਰੀ ਤਾਂ ਮੁਗਲ ਫੋਜ਼ ਘਬਰਾ ਗਈ, ਵਡੇ ਵਡੇ ਜਿਗਰੇ ਵਾਲੇ ਡੋਲ ਗਏ। ਅਜੀਤ ਸਿੰਘ ਨੇ ਐਸੇ ਜੋਹਰ ਦਿਖਾਏ ਕੀ ਵੈਰੀ ਤਰਾਹ ਤਰਾਹ ਕਰ ਉਠਿਆ। ਜਿਸ ਬਹਾਦਰੀ ਨਾਲ ਉਹਨਾ ਨੇ ਵੇਰੀਆਂ ਦਾ ਮੁਕਾਬਲਾ ਕੀਤਾ ਉਹ ਇਤਿਹਾਸ ਵਿਚ ਇਕ ਅਮਿਟ ਘਟਨਾ ਬਣ ਕੇ ਰਹਿ ਗਈ ਹੈ। ਤੀਰ ਅਜਿਹੀ ਫੁਰਤੀ ਨਾਲ ਚਲਾਏ ਕੀ ਕੁਝ ਚਿਰ ਲਈ ਤਾਂ ਵੇਰੀ ਵੀ ਪਿਛੇ ਹਟਣ ਲਈ ਮਜਬੂਰ ਹੋ ਗਿਆ। ਤੀਰਾਂ ਦਾ ਭਠਾ ਖਾਲੀ ਹੋਇਆ ਤਾਂ ਨੇਜੇ ਨਾਲ ਵਾਰ ਸ਼ੁਰੂ ਕਰ ਦਿਤਾ। ਜਦ ਨੇਜਾ ਮੁਗਲ ਸਰਦਾਰ ਦੀ ਛਾਤੀ ਤੋਂ ਕਢਣ ਵੇਲੇ ਟੁਟਿਆ ਤਾਂ ਤਲਵਾਰ ਪਕੜ ਲਈ। ਪੰਜੇ ਸਿਖ ਸਹੀਦ ਹੋ ਗਏ। ਇਕਲਾ ਜਾਣ ਕੇ ਸਾਰੇ ਵੈਰੀ ਇਕਠੇ ਹੋ ਉਨ੍ਹਾ ਤੇ ਟੁਟ ਪਏ ਅਖਿਰ ਜੁਰਤ ਤੇ ਸੂਰਮਤਾਈ ਦੇ ਨਵੇ ਪੂਰਨੇ ਪਾਂਦੇ ਸ਼ਹੀਦ ਹੋ ਗਏ। ਗੁਰੂ ਸਹਿਬ ਨੇ ਪੁਤਰ ਨੂੰ ਸ਼ਹੀਦ ਹੁੰਦਿਆਂ ਦੇਖਿਆ, ਡੋਲੇ ਨਹੀਂ, ਫਿਰ ਵੀ ਚੜਦੀ ਕਲਾ ਵਿਚ ਸਨ। ਪੁਤਰ ਨੂੰ ਅਵਾਜ਼ ਦਿਤੀ , " ਸ਼ਾਬਾਸ਼ ਪਿਸਰ ਖੂਬ ਦਲੇਰੀ ਸੇ ਲੜੇ ਹੋ, ਹਾਂ ਕਿਉ ਨਾ ਹੋ ਗੋਬਿੰਦ ਕੇ ਫਰਜੰਦ ਬੜੇ ਹੋ " ਬੋਲੇ ਸੋ ਨਿਹਾਲ ਦਾ ਨਾਹਰਾ ਲਗਾਇਆ ਤੇ ਅਕਾਲ ਪੁਰਖ ਦਾ ਧੰਨਵਾਦ ਕੀਤਾ, " ਰਬਾ ਤੇਰਾ ਸ਼ੁਕਰਿਆ, ਦੇਸ਼, ਕੋਮ, ਧਰਮ, ਤੇ ਮਨੁਖਤਾ ਵਾਸਤੇ ਇਕ ਹੋਰ ਅਮਾਨਤ ਅਦਾ ਹੁਈ। ਅਲਾ ਯਾਰ ਜੋਗੀ ਗੁਰੂ ਸਾਹਿਬ ਦੇ ਇਹਨਾਂ ਦੇ ਵਲਵਲਿਆਂ ਦਾ ਅੰਦਾਜ਼ਾ ਲਗਾਕੇ ਲਿਖਦਾ ਹੈ:

**ਬੇਟੋ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ ਨੇ।**
**ਤੂਫਾਂ ਗਮ ਕਾ ਕੀਆ ਦੀਦਾ-ਏ -ਤਰ ਨੇ।**

ਇਤਨੇ ਨੂੰ ਛੋਟਾ ਸਾਹਿਬਜ਼ਾਦਾ ਸਾਮਣੇ ਆਇਆ। ਵਡੇ ਭਰਾ ਨੂੰ ਦੇਖਕੇ ਉਸ ਨੂੰ ਵੀ ਸ਼ਹਾਦਤ ਦਾ ਚਾਅ ਚੜਿਆ। ਜੰਗ ਵਿਚ ਜਾਣ ਦੀ ਇਜਾਜ਼ਤ ਮੰਗੀ। ਗੁਰੂ ਸਾਹਿਬ ਨੇ ਕਿਹਾ। ਤੇਰੀ ਉਮਰ ਤਾਂ ਅਜੇ ਛੋਟੀ ਹੈ, ਤੂੰ ਤਾਂ ਕਦੇ ਜੰਗ ਲੜਿਆ ਨਹੀਂ, ਤਲਵਾਰ ਨਹੀਂ ਚੁਕੀ ਤੂੰ ਕਿਵੈ ਇਤਨੀ ਵਡੀ ਫੋਜ ਨਾਲ ਮੁਕਾਬਲਾ ਕਰੇਂਗਾ। ਮੈਂ ਆਪਣੇ ਭਰਾ ਦੇ ਕੋਲ ਜਾਣਾ ਹੈ, ਮੈ ਤਾਂ ਕਦੇ ਉਸਤੋ ਬਿਨਾ ਕਦੇ ਰਿਹਾ ਨਹੀਂ। ਇਹ ਸੁਣਕੇ ਗੜੀ ਦੇ ਸਿੰਘਾਂ ਦੀਆਂ ਅਖਾਂ ਤਰ ਹੋ ਗਈਆਂ। ਅੱਲਾ ਯਾਰ ਜੋਗੀ ਲਿਖਦੇ ਹਨ :

**ਇਸ ਵਕਤ ਕਹਾ ਨਨੇ ਨੇ, ਮਾਸੂਮ ਪਿਸਰ ਨੇ**
**ਰੁਖਸਤ ਹਮੇ ਦਿਲਵਾਓ ਪਿਤਾ ਜਾਏਂਗੇ ਮਰਨੇ ਹਮ**
**ਮਰਨੇ ਕੇ ਲੀਏ ਕਹਨੇ ਲਗੇ ਜਾਈਏ ਜੰਮ ਜੰਮ**
**ਰੂਠੋ ਨਾ ਖੁਦਾਰਾ, ਨਹੀਂ ਰੋਕੇਗੇ ਕਬੀ ਹਮ**
**ਹਮਨੇ ਕਹਾ ਬਾਪ ਕੋ ਜਾਂ ਦੀਜੇ ਧਰਮ ਪੈ**
**ਲਓ ਕਹਤੈ ਅਬ ਆਪ ਕੋ ਜਾਂ ਦੀਜੇ ਧਰਮ ਪੈ।**
**ਲੋ ਜਾਉ ਸਿਧਾਰੋ ਤੁਮੇ ਕਰਤਾਰ ਕੋ ਸੌਂਪਾ**
**ਮਰ ਜਾਉ ਯਾ ਮਾਰੋ ਤੁਮੇ ਕਰਤਾਰ ਕੋ ਸੌਂਪਾ**
**ਬੇਟੇ ਹੋ ਤੁਮ ਹੀ ਪੰਥ ਕੇ ਬੇੜੇ ਕੇ ਖਵਇਆ**
**ਸਰ ਭੇਟ ਕਰੋ ਤਾਕਿ ਧਰਮ ਕੀ ਚਲੇ ਨਇਆ।**

ਪਿਤਾ ਦੇ ਇਨਾ ਲਫਜਾਂ ਨਾਲ ਆਗਿਆ ਦਿਤੀ, ਧਰਤੀ ਤੇ ਜਲਜਲਾ ਆ ਗਿਆ ਆਸਮਾਨ ਨੇ ਨਜਰ ਝੁਕਾ ਲਈ। ਗੁਰੂ ਸਾਹਿਬ ਚੁਬਾਰੇ ਤੇ ਖੜੇ ਹੋਕੇ ਆਪਣੇ ਛੋਟੇ ਸਾਹਿਬਜ਼ਾਦੇ ਨੂੰ ਜੂਝਦਿਆ ਵੇਖ ਰਹੇ ਸਨ ਜੋ ਆਪਣੇ ਵਡੇ ਭਰਾ ਤੋਂ ਇਕ ਕਦਮ ਅਗੇ ਸੀ। ਅਖ਼ਿਰ ਇਹ ਅਮਾਨਤ ਵੀ ਅਕਾਲ ਪੁਰਖ ਨੂੰ ਭੇਟ ਹੋ ਗਈ। ਗੁਰੂ ਸਾਹਿਬ ਨੇ ਜੈਕਾਰਾ ਛਡਿਆ, " ਪਰਾਈ ਅਮਾਨ ਕਿਓ ਰਖੀਏ ਦਿਤੇ ਹੀ ਸੁਖ ਹੋਏ ਤੇਰੀ ਅਮਾਨ ਤੇਰੇ ਹਵਾਲੇ ਗੁਰੂ ਪਿਤਾ ਤੇਗ ਬਹਾਦਰ ਦੀ ਕੁਰਬਾਨੀ ਸਦਕਾ ਮੈਨੂੰ ਸ਼ਹੀਦ ਦੇ ਪੁਤਰ ਹੋਣ ਦਾ ਮਾਣ ਮਿਲਿਆ ਹੈ। ਅਜ ਇਨ੍ਹਾ ਯੋਧਿਆਂ ਦੀ ਕਰਨੀ ਸਦਕਾ ਸ਼ਹੀਦਾਂ ਦਾ ਪਿਤਾ ਹੋਣ ਦਾ ਹਕਦਾਰ ਬਣਿਆ ਹਾਂ। ਅਰਦਾਸ ਪ੍ਰਵਾਨ ਹੋਵੇ ਜੀ ਤੇਰਾ ਲਖ ਲਖ ਧੰਨਵਾਦ।

ਮੁਝ ਪਰ ਸੇ ਆਜ ਤੇਰੀ ਆਮਾਨਤ ਅਦਾ ਹੂਈ
ਬੇਟੋ ਕੀ ਜਾਨ ਧਰਮ ਖਾਤਿਰ ਫ਼ਿਦਾ ਹੁਈ।

ਅਵਤਾਰਾਂ, ਰਸੂਲਾਂ, ਪੈਗ੍ਮਰਾਂ ਵਿਚ ਕੋਈ ਐਸਾ ਸਾਬਰ ਨਹੀਂ ਹੋਇਆ ਜਿਸਨੇ ਆਪਣੇ ਪੁਤਰਾਂ ਨੂੰ ਆਪ ਜੰਗ ਤੋਰਕੇ, ਸ਼ਹੀਦ ਕਰਵਾਕੇ ਇਕ ਹੰਜੂ ਵੀ ਨਾ ਕੇਰਿਆ ਹੋਵੇ ਤੇ ਉਸ ਅਕਾਲ ਪੁਰਖ ਦਾ ਧੰਨਵਾਦ ਕੀਤਾ ਹੋਵੇ। ਗੁਰੂ ਸਾਹਿਬ ਨੇ ਆਪਣੇ ਪੁਤਰਾਂ ਨੂੰ ਦੇਸ਼ ਤੇ ਕੋਮ ਤੋਂ ਵਾਰਕੇ ਦੇਸ਼ ਵਾਸੀਆਂ ਦੀ ਰੂਹ ਨੂੰ ਪੁਨਰ ਜੀਵਤ ਕਰ ਦਿਤਾ।

ਕਟਵਾ ਦੀਏ ਸ਼ਿਸ਼ ਸ਼ਾਮ ਨੇ ਗੀਤਾ ਕੋ ਸੁਨਾ ਕੇ
ਰੂਹ ਫੂਕ ਦੀ ਗੋਬਿੰਦ ਨੇ ਔਲਾਦ ਕਟਾਕੇ।

ਇਥੇ ਹੀ ਭਗਤੀ ਤੇ ਸ਼ਕਤੀ ਦਾ ਮੇਲ ਹੋਇਆ। ਦੋਨੋ ਦੀਆ ਹਦਾਂ ਨੇ ਇਕ ਦੂਸਰੇ ਨੂੰ ਜਫੀਆਂ ਪਾਈਆਂ ਪੰਜ ਸਤ ਸਿਖ ਰਹਿ ਗਏ। ਹੁਣ ਸਭ ਦੀ ਮੋਤ ਯਕੀਨਨ ਸੀ। ਸਿੰਘਾਂ ਨੂੰ ਫਿਕਰ ਪੈ ਗਿਆ ਕਿ ਜੇਕਰ ਗੁਰੂ ਸਾਹਿਬ ਸ਼ਹੀਦ ਹੋ ਗਏ ਤਾਂ ਸਿਖ ਕੋਮ ਨੂੰ ਜਿੰਦਾ ਰਖਣ ਲਈ ਸਿਖਾਂ ਦੀ ਅਗਵਾਈ ਕੋਣ ਕਰੇਗਾ ? ਇਸ ਵਕਤ ਜੋ ਗੁਰੂ ਸਾਹਿਬ ਨੇ ਖਾਲਸਾ ਸਿਰਜਣਾ ਦੇ ਵਕਤ ਪੰਜ ਪਿਆਰਿਆ ਨੂੰ ਤਾਕਤ ਬਖਸ਼ੀ ਸੀ, ਦਾ ਚੇਤਾ ਆਇਆ। ਪੰਜ ਸਿਖ ਖਾਲਸਾ ਸਜ ਕੇ ਗੁਰੂ ਸਾਹਿਬ ਕੋਲ ਆਓਂਦੇ ਹਨ ਤੇ ਹੁਕਮ ਦਿੰਦੇ ਹਨ ਕੀ ਤੁਸੀਂ ਗੜੀ ਛਡ ਕੇ ਚਲੇ ਜਾਓ। ਕਲਗੀਧਰ ਨੇ ਉਤਰ ਦਿਤਾ,

ਹੈ ਸ਼ੋਕ ਸ਼ਹਾਦਤ ਕਾ ਹਮੇ ਸਭ ਸੇ ਜਿਆਦਾ
ਸੋ ਸਰ ਭੀ ਹੋ ਕੁਰਬਾਨ ਨਹੀਂ ਰਬ ਸੇ ਜਿਆਦਾ।

ਪੰਜ ਪਿਆਰਿਆਂ ਨੇ ਗੁਰੂ ਸਾਹਿਬ ਨੂੰ ਬਖਸ਼ੀ ਤਾਕਤ ਦੀ ਯਾਦ ਦਿਲਾਈ ਤੇ ਕਿਹਾ ਇਹ ਸਾਡਾ ਹੁਕਮ ਹੈ। ਖਾਲਸੇ ਦਾ ਹੁਕਮ ਟਾਲਿਆ ਨਹੀਂ ਜਾ ਸਕਦਾ, ਨਾ ਦਿਲ ਹੁੰਦਿਆ ਵੀ ਉਨਾਂ ਨੂੰ ਗੜੀ ਵਿਚੋਂ ਨਿਕਲਣਾ ਪਿਆ। ਬੁਰਜ ਤੇ ਖੜੇ ਹੋਕੇ ਨਰਸਿਮਾ ਵਜਾਇਆ। ਤਿੰਨ ਵਾਰੀ ਤਾੜੀ ਵਜਾਈ, ਤਿੰਨ ਵਾਰੀ ਉਚੀ ਅਵਾਜ਼ ਵਿਚ ਕਿਹਾ, " ਪੀਰ-ਏ- ਹਿੰਦ ਮੇ ਰਵਦ, ਪੀਰ -ਏ-ਹਿੰਦ ਮੇ ਰਵਦ, ਪੀਰ-ਏ-ਹਿੰਦ ਮੇ ਰਵਦ, ਜੈਕਾਰਾ ਛਡਿਆ ਤੇ ਤਾਰਿਆਂ ਦੀ ਛਾਂਵੇ ਗੜੀ ਵਿਚੋਂ ਬਾਹਰ ਨਿਕਲ ਗਏ। ਆਪਣਾ ਚੋਗਾ ਤੇ ਕਲਗੀ ਸੰਗਤ ਸਿੰਘ ਨੂੰ ਦੇ ਗਏ, ਜਿਨਾਂ ਦਾ ਮੁਹਾਂਦਰਾ ਤੇ ਕਦ ਕਾਠ ਉਨਾਂ ਨਾਲ ਮਿਲਦਾ ਸੀ ਤੇ ਜਿਸਦੀ ਅਗਵਾਈ .ਬਹਾਦਰੀ ਤੇ ਵਫਾਦਾਰੀ ਦਾ ਉਨ੍ਹਾ ਨੂੰ ਪੂਰਾ ਪੂਰਾ ਭਰੋਸਾ ਸੀ ਕਿਓਂਕਿ ਭਾਈ ਸੰਗਤ ਸਿੰਘ ਤੇ ਭਾਈ ਸੰਤ ਸਿੰਘ ਦੋਨੋ ਭਰਾਵਾਂ ਨੇ ਸ਼ਾਦੀ ਨਹੀ ਕੀਤੀ ਤੇ ਸ਼ੁਰੂ ਤੋ ਹੀ ਗੁਰੂ ਸਾਹਿਬ ਦੇ ਪਵਿਤਰ ਉਦੇਸ਼ ਦੀ ਪੂਰਤੀ ਖਾਤਿਰ ਆਪਣਾ ਤਨ-ਮੰਨ-ਧੰਨ ਗੁਰੂ ਸਾਹਿਬ ਦੇ ਹਵਾਲੇ ਕਰ ਦਿਤਾ ਗੁਰੂ ਸਾਹਿਬ ਨੇ। 4 ਲੜਾਈਆਂ ਲੜੀਆਂ,। 3 ਲੜਾਈਆਂ ਦੇ ਦੋਰਾਨ ਓਹ ਗੁਰੂ ਸਾਹਿਬ ਨਾਲ ਸਨ। ਸਿਰਫ ਆਖਰੀ ਲੜਾਈ ਖਿਦਰਾਨੇ ਦੀ ਢਾਬ ਵੇਲੇ ਉਹ ਨਹੀਂ ਸਨ ਕਿਓਂਕਿ ਚਮਕੋਰ ਦੀ ਗੜੀ ਵਿਚ ਉਹ ਸ਼ਹੀਦ ਹੋ ਚੁਕੇ ਸਨ। ਤਿੰਨ ਪਿਆਰੇ ਗੁਰੂ ਸਾਹਿਬ ਦੇ ਨਾਲ ਸੀ। ਜਦੋਂ ਬਾਹਰ ਨਿਕਲੇ ਤਾਂ ਦਇਆ ਸਿੰਘ ਦੀ ਨਜਰ ਸਾਹਿਬਜ਼ਾਦਿਆਂ ਦੀਆਂ ਲਾਸ਼ਾਂ ਤੇ ਪਈ। ਓਹ ਗੁਰੂ ਸਾਹਿਬ ਨੂੰ ਕਹਿਣ ਲਗੇ ਕਿ ਮੇਰਾ ਦਿਲ ਕਰਦਾ ਹੈ ਮੈਂ ਆਪਣੀ ਅਧੀ ਅਧੀ ਦਸਤਾਰ ਦੋਨੋ ਸਾਹਿਬਜਾਦਿਆਂ ਤੇ ਪਾ ਦਿਆਂ,। ਗਰੀਬ ਤੋਂ ਗਰੀਬ ਪੁਤਰ ਵੀ ਬਿਨਾ ਕਫਨ-ਦਫਨ ਤੋਂ ਇਸ ਦੁਨੀਆਂ ਤੋਂ ਨਹੀਂ ਜਾਂਦੇ ਗੁਰੂ ਸਾਹਿਬ ਹੋਰ ਸਭ ਲਾਸ਼ਾਂ ਵਲ ਇਸ਼ਾਰਾ ਕੀਤਾ ਤੇ ਕਿਹਾ, "ਇਹ ਵੀ ਸਭ ਮੇਰੇ ਬਚੇ ਹਨ, ਜੇ ਤੇਰੇ ਕੋਲ ਸਭ ਵਾਸਤੇ ਇੰਤਜ਼ਾਮ ਹੈ ਤਾਂ ਤੇਰੀ ਇਛਾ ਪੂਰੀ ਹੋ ਸਕਦੀ ਹੈ, ਇਹ ਕਹਿਕੇ ਓਹ ਅਗੇ ਨੂੰ ਤੁਰ ਪਏ।

ਅਗਲੇ ਦਿਨ ਬਾਕੀ ਸਿੰਘ ਇਕ ਇਕ ਕਰਕੇ ਸ਼ਹੀਦ ਹੋ ਗਏ ਪਰ ਈਨ ਨਹੀ ਮੰਨੀ, ਹਥਿਆਰ ਨਹੀਂ ਸੁਟੇ ਸਵਾ ਲਖ ਸੇ ਏਕ ਲੜਾਊਂ ਦਾ ਮਹਾਂ ਵਾਕ ਪੂਰਾ ਹੋਇਆ। ਗੁਰੂ ਸਾਹਿਬ ਦਾ ਚੋਲਾ ਤੇ ਕਲਗੀ ਦੇਖ ਕੇ ਹਕੂਮਤ ਨੂੰ ਭਰੋਸਾ ਹੋ ਗਿਆ ਕਿ ਗੁਰੂ ਸਾਹਿਬ ਮਾਰੇ ਗਏ ਹਨ ਤੇ ਇਹ ਭੁਲੇਖਾ ਕਈ ਦਿਨ ਤਕ ਰਿਹਾ।

(**ਬਾਕੀ ਸਫਾ 7 'ਤੇ**)

# ਦਮਦਮਾ ਸਾਹਿਬ ਵਿਖੇ ਸੰਪੂਰਨ ਹੋਈ ਗੁਰਗਦੀ ਦੀ ਰਸਮ

ਸਮੁਚਾ ਸੰਸਾਰ ਇਸ ਜੰਗ ਦੇ ਝੁਝਾਰੂਆਂ ਦੇ ਸਿਦਕ, ਅਡੋਲਤਾ, ਤੇ ਜਾਂਬਾਜ਼ੀ ਦੇਖਕੇ ਅਸ਼ ਅਸ਼ ਕਰਦਾ ਹੈ। ਅੱਲਾ ਯਾਰ ਜੋਗੀ ਨੇ ਚਮਕੋਰ ਨੂੰ ਹਿੰਦੂਆਂ ਦਾ ਇਕੋ ਇਕ ਤੀਰਥ ਮੰਨਿਆ ਹੈ। ਮੁਲ੍ਮਾਨਾਂ ਨੇ ਇਸ ਸ਼ਾਇਰ ਨੂੰ ਇਸਲਾਮ ਤੋਂ ਕਢ ਦਿਤਾ, ਕਾਫ਼ਿਰ ਕਰਾਰ ਕਰ ਦਿਤਾ ਕਿਓਂਕਿ ਉਸਦੀ ਸਾਰੀ ਸ਼ਾਇਰੀ ਹੀ ਗੁਰੂ ਗੋਬਿੰਦ ਸਿੰਘ ਦੇ ਨਾਮ ਸੀ ਜਦੋਂ ਓਹ ਮੌਤ ਦੇ ਬਿਸਤਰ ਤੇ ਸੀ ਤਾਂ ਕਾਜ਼ੀ ਮਾਫੀਨਾਮਾ ਲੇਕੇ ਆਇਆ। ਸਾਰੀ ਓਮਰ ਤੂੰ ਇਕ ਕਾਫ਼ਿਰ ਦੀਆਂ ਸਿਫਤਾਂ ਕਰਦਾ ਰਿਹਾਂ ਹੈ, ਤੈਨੂੰ ਮੁਹੰਮਦ ਸਾਹਿਬ ਦਾ ਖ਼ਿਆਲ ਤਕ ਨਹੀ ਆਇਆ ? ਹੁਣ ਤੂੰ ਮੌਤ ਦੇ ਬਿਸਤਰ ਤੇ ਪਿਆਂ ਹੈ ਹੁਣ ਤਾਂ ਇਸ ਮਾਫ਼ੀਨਾਮੇ ਤੇ ਦਸਤਖਤ ਕਰਦੇ ਤਾਕਿ ਤੇਰੀ ਨਾਮਾਜ਼ੇ ਮਯੀਤ ਤੇ ਨਾਮਾਜ਼ੇ ਜਨਾਜ਼ਾ ਪੜਿਆ ਜਾ ਸਕੇ। ਅੱਲਾ ਯਾਰ ਜੋਗੀ ਦਾ ਜਵਾਬ ਸੀ ਮੈਨੂੰ ਨ੍ਮਾਜ਼ੇ ਮਯੀਤ ਤੇ ਨਾਮਾਜ਼ੇ ਜਨਾਜ਼ੇ ਦੀ ਲੋੜ ਨਹੀ, ਨਾ ਹੀ ਇਸਲਾਮੀ ਕਾਇਦੇ ਨਾਲ ਕਫਨ -ਦਫਨ ਦੀ ਲੋੜ ਹੈ ਮੇਰਾ ਲਈ ਜਨਤ ਦੇ ਦਰਵਾਜ਼ੇ ਬੇਸ਼ਕ ਨਾ ਖੋਲੇ ਜਾਣ, ਕਿਓਂਕਿ ਮੇਰਾ ਕਲਗੀਧਰ ਪਾਤਸ਼ਾਹ ਮੈਨੂੰ ਦਰਵਾਜ਼ੇ ਖੋਲ ਕੇ ਉਡੀਕ ਰਿਹਾ ਹੈ। ਇਤਨਾ ਪਿਆਰ, ਸਤਕਾਰ ਤੇ ਸ਼ਰਧਾ ਸੀ ਉਸ ਮੁਸਲਮਾਨ ਸ਼ਾਇਰ ਨੂੰ ਗੁਰੂ ਸਾਹਿਬ ਲਈ।



ਗੜੀ ਤੋਂ ਬਾਹਰ ਨਿਕਲਣ ਵੇਲੇ ਆਪਜੀ ਦੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਸਨ ਪਰ ਹਨੇਰੇ ਵਿਚ ਤਿਨੋਂ ਨਿਖੜ ਗਏ। ਗੁਰੂ ਸਾਹਿਬ ਕਿੜੀ ਪਿੰਡ ਦੇ ਕੋਲ ਜਦ ਪਹੁੰਚੇ ਤਾਂ ਦੋ ਗੁਜਰਾਂ ਅਲਫੂ ਤੇ ਗਾਮੂ ਨੇ ਗੁਰੂ ਸਾਹਿਬ ਨੂੰ ਪਹਿਚਾਨ ਲਿਆ, ਇਨਾਮ ਦੇ ਲਾਲਚ ਕਰਕੇ ਉਨ੍ਹਾ ਨੂੰ ਪਕੜਵਾਨਾ ਚਾਹਿਆ। ਗੁਰੂ ਸਾਹਿਬ ਨੇ ਉਨ੍ਹਾ ਦੋਨੋ ਨੂੰ ਨੂੰ ਉਥੇ ਹੀ ਮੌਤ ਦੇ ਘਾਟ ਉਤਾਰ ਦਿਤਾ। ਉਥੋਂ ਰਾਤੋ -ਰਾਤ ਸਫਰ ਕਰਕੇ ਮਾਛੀਵਾੜੇ ਪੁਜੇ, ਥੋੜਾ ਆਰਾਮ ਕਰਨ ਲਈ ਇਕ ਬਾਗ ਵਿਚ ਗਏ, ਕਈ ਦਿਨਾਂ ਪਿਛੋਂ ਡੋਡਿਆਂ ਦਾ ਰਸ ਤੇ ਖੂਹ ਦੀਆਂ ਟਿੰਡਾ ਦਾ ਪਾਣੀ ਪੀਤਾ, ਨੰਗੇ ਪੈਰੀਂ ਚਲਦਿਆ ਪੈਰਾਂ ਵਿਚ ਛਾਲੇ ਪਏ ਹੋਏ ਸੀ, ਚਰਨ ਕੰਡਿਆਂ ਨਾਲ ਪ੍ਛੇ ਹੋਏ ਸੀ, ਝਾੜੀਆਂ ਨਾਲ ਅੜ ਅੜ ਕੇ ਜਾਮਾ ਲੀਰੋ ਲੀਰ ਹੋਇਆ ਸੀ, ਵਿਛੋੜਾ, ਭੁਖ, ਧਕੇਵਾਂ, ਉਨੀਦਰਾ ਆਤਮਾ ਭਾਵੇਂ ਚੜਦੀ ਕਲਾ ਵਿਚ ਸੀ ਪਰ ਸਰੀਰ ਨਿਢਾਲ ਹੋ ਚੁਕਾ ਸੀ। ਓਹ ਬੜੇ ਸ਼ਾਂਤ ਚਿਤ ਹੋਕੇ ਥੋੜਾ ਆਰਾਮ ਕਰਨ ਲਈ ਢੀਮ ਦਾ ਸਰ੍ਹਾਣਾ ਲੇਕੇ ਜਮੀਨ ਤੇ ਲੇਟ ਜਾਂਦੇ ਹਨ। ਗੁਰੂ ਸਾਹਿਬ ਦਾ ਹੋਸਲਾ ਵੀ ਕਮਾਲ ਦਾ ਸੀ। ਬਹੁਤ ਕੁਝ ਵਾਪਰ ਜਾਂਦਾ ਹੈ ਪਰ ਅਜੇ ਵੀ ਓਹ ਮਾਲਿਕ ਦਾ ਸ਼ੁਕਰ ਅਦਾ ਕਰਦੇ ਗੁਨਗੁਨਾ ਰਹੇ ਸਨ। ,

ਮਿਤਰ ਪਿਆਰੇ ਨੂੰ, ਹਾਲ ਮੁਰੀਦਾ ਦਾ ਕਹਿਣਾ
ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਿਣਾ

ਇਥੇ ਹੀ ਤਿੰਨ ਸਿੰਘ ਆਪ ਜੀ ਨੂੰ ਆਣ ਮਿਲੇ। ਗੁਰੂ ਸਾਹਿਬ ਦੀ ਹਾਲਤ ਦੇਖਕੇ ਉਨਾਂ ਦੀਆਂ ਭੁਬਾਂ ਨਿਕਲ ਗਈਆਂ। ਗੁਰੂ ਸਾਹਿਬ ਨੇ ਅਖਾਂ ਖੋਲੀਆਂ, ਓਨ੍ਹਾ ਨੂੰ ਸ਼ਾਂਤ ਕੀਤਾ ਤੇ ਰਬ ਦੇ ਭਾਣੇ ਵਿਚ ਰਹਿਣ ਦੀ ਤਾਕੀਦ ਕੀਤੀ। ਉਨ੍ਹਾ ਨੇ ਦਸਿਆ ਕੀ ਵੈਰੀਆਂ ਦੀਆ ਫੋਜ਼ਾ ਵਾਹੋ ਦਾਹੀ ਆਪਜੀ ਦਾ ਪਿਛਾ ਕਰਦੀਆਂ ਆ ਰਹੀਆਂ ਹਨ। ਗੁਰੂ ਸਾਹਿਬ ਜਿਥੇ ਠਹਿਰੇ ਹੋਏ ਸੀ ਓਹ ਪੰਜਾਬ ਦੇ ਮਸੰਦ, ਗੁਲਾਬੇ ਦਾ ਬਾਗ ਸੀ ਉਸਨੇ ਸੇਵਾ ਤਾਂ ਬੜੀ ਕੀਤੀ ਪਰ ਜਦ ਮੁਗਲ ਫੌਜਾਂ ਦੇ ਆਣ ਦਾ ਸੁਣਿਆ ਤਾਂ ਡਰ ਗਿਆ ਕਿ ਜੇ ਹਕੂਮਤ ਨੂੰ ਪਤਾ ਚਲ ਗਿਆ ਤਾਂ ਉਸਦੇ ਪਰਿਵਾਰ ਦਾ ਕੀ ਬਣੇਗਾ। ਸਵੇਰੇ ਹੀ 5 ਮੋਹਰਾਂ ਰਖ ਕੇ ਮਥਾ ਟੇਕ ਦਿਤਾ।

ਇਸੇ ਪਿੰਡ ਦੇ ਨਬੀ ਖਾਨ ਤੇ ਗਨੀ ਖਾਨ, ਪਠਾਨ ਜੋ ਘੋੜਿਆ ਦੇ ਸੁਦਾਗਰ ਸਨ ਤੇ ਆਪਣੇ ਘੋੜੇ ਗੁਰੂ ਸਾਹਿਬ ਨੂੰ ਵੇਚਦੇ ਵੇਚਦੇ ਉਨ੍ਹਾ ਦੇ ਮੁਰੀਦ ਬਣ ਗਏ ਸਨ, ਜਦ ਉਨ੍ਹਾ ਨੂੰ ਖਬਰ ਹੋਈ ਤਾਂ ਗੁਰੂ ਸਾਹਿਬ ਨੂੰ ਲੈਣ ਵਾਸਤੇ ਗੁਲਾਬੇ ਦੇ ਘਰ ਆਏ। ਸਤਿਗੁਰੂ ਨੂੰ ਦੇਖਕੇ ਖੁਸ਼ ਵੀ ਹੋਏ ਤੇ ਉਦਾਸ ਵੀ। ਉਨ੍ਹਾ ਦੀ ਹਾਲਤ ਇਕ ਆਮ ਫਕੀਰ ਵਰਗੀ ਦੇਖਕੇ, ਨਾ ਤਖਤ, ਨਾ ਤਾਜ, ਨਾ ਸੈਨਾ, ਸੇਵਕ, ਪਰਿਵਾਰ, ਹਾਥੀ ਘੋੜੇ, ਗੁਰੂ ਕੇ ਲੰਗਰ, ਮੇਲੇ ਦੀਆਂ ਰੋਣਕਾਂ, ਇਹ ਸਭ ਦੇਖਿਆ ਨਹੀਂ ਗਿਆ। ਆਨੰਦਪੁਰ ਦੀਆਂ ਬੀਤੀਆਂ ਵਾਰਤਾਵਾਂ ਓਹ ਸੁਣ ਚੁਕੇ ਸਨ। ਸੂਬਾ ਸਰਹੰਦ ਤੇ ਉਸਦੀਆਂ ਵਧੀਕੀਆਂ ਬਾਰੇ ਵੀ ਓਹ ਸੁਣ ਚੁਕੇ ਸਨ। ਹਥ ਜੋੜਕੇ ਪੁਛਣ ਲਗੇ ਕੋਈ ਸੇਵਾ ਦਸੋ, ਇਸ ਵੇਲੇ ਅਸੀਂ ਤੁਹਾਡੇ ਕਿਹੜੇ ਕੰਮ ਆ ਸਕਦੇ ਹਾਂ ? ਬੜੇ ਪ੍ਰੇਮ ਭਾਵ ਨਾਲ ਆਪਣੇ ਘਰ ਲੈ ਗਏ ਤੇ ਸੇਵਾ ਕੀਤੀ। ਉਨ੍ਹਾ ਨੂੰ ਲਗਾ ਕੀ ਇਹ ਜਗਹ ਗੁਰੂ ਸਾਹਿਬ ਲਈ ਖਤਰੇ ਤੋਂ ਖਾਲੀ ਨਹੀਂ ਹੈ। ਸ਼ਾਹੀ ਫੌਜ਼ ਚਪਾ ਚਪਾ ਧਰਤੀ ਤੇ ਖਲੋਤੀ ਹੈ, ਘਰ ਘਰ ਲਭਦੇ ਫਿਰਦੇ ਹਨ, ਜੀ ਜੀ ਤੋਂ ਪੁਛਿਆ ਜਾ ਰਿਹਾ ਹੈ। ਤਲਾਸ਼ੀਆਂ ਲਈਆਂ ਜਾ ਰਹੀਆਂ ਹਨ ਉਨ੍ਹਾ ਨੇ ਗੁਰੂ ਸਾਹਿਬ ਨੂੰ ਸਲਾਹ ਦਿਤੀ, ਤੁਸੀਂ ਨੀਲਾ ਬਾਣਾ ਤਾਂ ਪਾਂਦੇ ਹੀ ਹੋ। ਅਸੀਂ ਤੁਹਾਨੂੰ ਉਚ ਸ਼ਰੀਫ਼ ਦੇ ਪੀਰ ਬਣਾਕੇ ਹੇਹਰ ਪਿੰਡ ਜਾਂ ਜਿਥੇ ਤੁਸੀਂ ਕਹੋ ਛਡ ਦਿੰਦੇ ਹਾਂ, ਅਗਰ ਤੁਹਾਡੇ ਲਈ ਜਾਨ ਵੀ ਦੇਣੀ ਪਈ ਤਾਂ ਖੁਸ਼ਕਿਸਮਤ ਸਮਝਾਂਗੇ ਆਪਣੇ ਨੂੰ।

ਆਵਾਜ਼ਿ ਕੌਮ AWAZE QAUM International Newspaper & WEB TV

ਰਿਆਸਤ ਭਾਗਲ ਪੁਰ ਵਿਚ ਇਕ ਥਾਂ ਹੈ ਜਿਥੋਂ ਦੇ ਪੀਰ ਬੜੇ ਪ੍ਰਸਿਧ ਹਨ ਜੋ ਅਕਸਰ ਮੁਰੀਦਾਂ ਕੋਲ ਆਇਆ ਜਾਇਆ ਕਰਦੇ ਸੀ। ਸੋ ਗੁਰੂ ਸਾਹਿਬ ਲਈ ਨੀਲੇ ਵਸਤਰ ਬਣਵਾਏ, ਪਾਲਕੀ ਬਨਵਾਈ ਤੇ ਗੁਰੂ ਸਾਹਿਬ ਨੂੰ ਉਚ ਸ਼ਰੀਫ਼ ਦਾ ਪੀਰ ਬਣਾਕੇ ਪਾਲਕੀ ਵਿਚ ਬਿਠਾ ਦਿਤਾ। ਅਗ੍ਲੇ ਪਾਸਿਓ ਦੋਨੋ ਭਰਾਵਾਂ ਨੇ ਚੁਕ ਲਈ ਤੇ ਪਿਛੋਂ ਦੋ ਪਿਆਰਿਆਂ ਨੇ ਧਰਮ ਸਿੰਘ ਤੇ ਮਾਨ ਸਿੰਘ ਨੇ। ਭਾਈ ਦਯਾ ਸਿੰਘ ਪਾਲਕੀ ਦੇ ਪਿੱਛੇ ਚਵਰ ਲੇਕੇ, ਮਾਛੀਵਾੜੇ ਦੇ ਘੇਰੇ ਤੋ ਨਿਕਲ ਕੇ ਪਿੰਡ ਹੇਹਰ ਵਲ ਨੂੰ ਰਵਾਨਾ ਹੋਏ। ਰਾਹ ਵਿਚ ਗਸ਼ਤੀ ਫੌਜ਼ ਨਾਲ ਟਕਰ ਹੋ ਗਈ। ਪਾਲਕੀ ਰੁਕਵਾਈ, ਪੁਛ ਗਿਛ ਕੀਤੀ। ਪਠਾਨ ਭਰਾਵਾਂ ਨੇ ਉਨ੍ਹਾ ਦੀ ਤਸਲੀ ਕਰਵਾ ਦਿਤੀ। ਵਧੇਰੇ ਪਕਿਆਂ ਕਰਨ ਵਾਸਤੇ ਕਾਜ਼ੀ ਪੀਰ ਮੁਹੰਮਦ ਨੂੰ ਜੋ ਗੁਰੂ ਸਾਹਿਬ ਦੇ ਇਕ ਵਕਤ ਫਾਰਸੀ ਦੇ ਅਧਿਆਪਕ ਸੀ, ਬੁਲਾ ਲਿਆ। ਉਨ੍ਹਾ ਨੇ ਗੁਰੂ ਸਾਹਿਬ ਨੂੰ ਦੇਖਿਆ ਤੇ ਕਿਹਾ, " ਇਨ੍ਹਾ ਮਹਾਂ ਪੁਰਸ਼ਾਂ ਨੂੰ ਰੋਕੋ ਨਹੀਂ ਇਹ ਤਾਂ ਉਚ ਸ਼ਰੀਫ਼ ਦੇ ਉਚੇ ਪੀਰ ਹਨ।

ਹੇਹਰ ਪਿੰਡ ਮਹੰਤ ਕਿਰਪਾਲ ਕੋਲ ਪੁਜੇ ਜਿਸਨੇ ਕਦੀ ਭੰਗਾਣੀ ਦੇ ਯੁਧ ਵਿਚ ਬਹੁਤ ਬਹਾਦਰੀ ਦਿਖਾਈ ਸੀ। ਇਥੇ ਉਨ੍ਹਾ ਨੇ ਨਬੀ ਖਾਨ ਤੇ ਗਨੀ ਖਾਨ ਨੂੰ ਆਸ਼ੀਰਵਾਦ ਦੇਕੇ ਵਿਦਾ ਕੀਤਾ। ਕਿਰਪਾਲ ਕਮਜ਼ੋਰ ਤੇ ਡਰਪੋਕ ਨਿਕਲਿਆ ਗੁਰੂ ਸਾਹਿਬ ਸਮਝ ਗਏ ਤੇ ਉਥੋਂ ਚਲ ਪਏ। ਪਿੰਡ ਲਲ-ਪਿੰਡ ਲਮਾ-ਜਟਪੁਰਾ-ਰਾਇ ਕੋਟ ਜੋ ਲੁਧਿਆਣੇ ਤੋਂ 27 ਮੀਲ ਦੀ ਦੂਰੀ ਤੇ ਹੈ ਇਕ ਟਾਹਲੀ ਹੇਠ ਬੇਠਕੇ ਰਾਤ ਕਟੀ। ਕਿਸੇ ਚਰਵਾਹੇ ਨੇ ਜਾਕੇ ਰਾਇ ਕਲਾ ਨੂੰ ਦਸਿਆ। ਓਹ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ। ਗੁਰੂ ਸਾਹਿਬ ਦੇ ਪਰਿਵਾਰ ਦਾ ਹਾਲ ਸੁਣਕੇ ਬਹੁਤ ਦੁਖੀ ਹੋਇਆ, ਕਹਿਣ ਲਗਾ ਕੋਈ ਸੇਵਾ ਦਸੋ। ਗੁਰੂ ਸਾਹਿਬ ਨੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਨੂੰ ਕਿਹਾ। ਰਾਇ ਕਲਾ ਨੇ ਓਸੇ ਵੇਲੇ ਮਾਹੀ ਨਾਮ ਦੇ ਇਕ ਆਦਮੀ, ਜਿਸ ਨੂੰ ਨੂਰਾਂ ਕਹਿੰਦੇ ਸੀ, ਸਦਿਆ ਜੋ ਇਕ ਚੰਗਾ ਘੋੜ ਸਵਾਰ ਤੇ ਹੁਸ਼ਿਆਰ ਆਦਮੀ ਸੀ, ਸਰਹੰਦ ਜਾਣ ਵਾਸਤੇ ਕਹਿ ਦਿਤਾ। ਨੂਰਾਂ ਸਰਹੰਦ ਪੁਜਾ, ਸਾਰਾ ਹਾਲ ਦੇਖਿਆ ਤੇ ਸੁਣਿਆ, ਅਗਲੇ ਦਿਨ ਜੀਊਂ ਦਾ ਤਿਊਂ ਗੁਰੂ ਸਾਹਿਬ ਨੂੰ ਸੁਣਾ ਦਿਤਾ। ਗੁਰੂ ਸਾਹਿਬ ਨੇ ਸਾਕਾ ਸਰਹੰਦ ਬੜੇ ਸ਼ਾਂਤ, ਅਡੋਲ ਤੇ ਧੀਰਜ ਨਾਲ ਸੁਣਿਆ। ਓਸ ਵਕਤ ਓਹ ਰਾਇ ਕਲਾ ਦੇ ਖੇਤ ਵਿਚ ਬੇਠੇ ਸੀ। ਓਠੇ ਇਕ ਦਬ ਦਾ ਬੂਟਾ ਜੜਾਂ ਸਮੇਤ ਪੁਟਿਆ ਤੇ ਕਿਹਾ " ਮੁਗਲ ਰਾਜ ਦੀਆਂ ਜੜਾਂ ਹੁਣ ਪੁਟੀਆਂ ਗਈਆਂ ਹਨ। ਜਿਸ ਰਾਜ ਵਿਚ ਮਾਸੂਮਾਂ ਤੇ ਬੇਗੁਨਾਹਾਂ ਨੂੰ ਇਸ ਤਰਹ ਕਤਲ ਕੀਤਾ ਜਾਵੇ ਓਹ ਕੋਮ ਅਵਸ਼ ਨਾਸ਼ ਹੁੰਦੀ ਹੈ। ਇਥੇ ਉਨ੍ਹਾ ਨੇ ਬਚਨ ਕੀਤੇ " ਮੁਗਲ ਜੋ ਇਤਨੇ ਹੰਕਾਰੇ ਹਨ। ਪਾਪ ਤੇ ਜ਼ੁਲਮ ਕਰ ਰਹੇ ਹਨ ਇਕ ਦਿਨ ਘਸਿਆਰੇ ਤੇ ਮੰਗਤੇ ਬਣਨਗੇ। ਇਸੇ ਭਾਰਤ ਭੂਮੀ ਵਿਚ ਮੇਰੇ ਸਿਖਾਂ ਦੇ ਘਰ ਉਸਾਰਿਆ ਕਰਨਗੇ "।

**ਸਾਕਾ ਸਰਹੰਦ**-ਮਾਤਾ ਗੁਜਰੀ ਘੋੜੇ ਤੇ ਸਵਾਰ ਸਨ, ਅਗੇ ਛੋਟਾ ਤੇ ਪਿਛੇ ਵਡਾ ਸਾਹਿਬਜ਼ਾਦਾ ਸੀ। ਹਨੇਰੀ, ਝਖੜ ਤੇ ਘਣੇ ਜੰਗਲਾਂ ਵਿਚੋਂ ਬਾਣੀ ਦਾ ਪਾਠ ਤੇ ਸਾਖੀਆਂ ਸੁਣਾਦੇ ਲੰਘ ਰਹੇ ਸਨ। ਇਕ ਝੁਗੀ ਦਿਖੀ, ਕੁਮੈਂ ਮਾਸ਼ਕੀ ਦੀ ਝੁਗੀ ਸੀ। ਜਦ ਉਸਨੇ ਮਾਤਾ ਜੀ ਨਾਲ ਸਾਹਿਬਜਾਦਿਆਂ ਨੂੰ ਆਉਂਦਿਆਂ ਦੇਖਿਆ ਤਾਂ ਖੁਸ਼ ਹੋ ਗਿਆ। ਬੇਨਤੀ ਕੀਤੀ ਕੀ ਹਨੇਰਾ ਪੈ ਗਿਆ ਹੈ, ਜੰਗਲ ਵਿਚ ਖਤਰਨਾਕ ਜਾਨਵਰ ਹਨ। ਅਜ ਦੀ ਰਾਤ ਤੁਸੀਂ ਇਥੇ ਰਹਿ ਜਾਓ। ਰਾਤ ਮਾਤਾ ਜੀ ਨੇ ਕੁਮੇ ਮਾਸ਼ਕੀ ਦੀ ਝੁਗੀ ਵਿਚ ਕਟੀ ਜਿਸਨੇ ਬੜੇ ਪਿਆਰ ਤੇ ਸਤਕਾਰ ਨਾਲ ਸੇਵਾ ਕੀਤੀ। ਜਦ ਗੰਗੂ ਬ੍ਰਹਮਣ ਜੋ ਕਿਸੇ ਵਕਤ ਗੁਰੂ ਘਰ ਲੰਗਰ ਦਾ ਸੇਵਾਦਾਰ ਸੀ, ਸੂਹ ਮਿਲੀ ਤਾਂ ਓਹ ਓਨ੍ਹਾ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਰਾਤ ਵੇਲੇ ਜਦ ਉਸਨੇ ਮੋਹਰਾਂ ਦੀ ਥੈਲੀ ਮਾਤਾ ਜੀ ਕੋਲ ਦੇਖੀ ਤਾ ਉਸਦਾ ਮਨ ਲਲਚਾ ਗਿਆ। ਰਾਤੀਂ ਸੁਤਿਆਂ ਮਾਤਾ ਜੀ ਦੇ ਸਰਹਾਣੇ ਹੇਠੋਂ ਮੋਹਰਾਂ ਦੀ ਥੈਲੀ ਕਢ ਲਈ। ਸਵੇਰ ਹੋਈ ਮਾਤਾ ਗੁਜਰੀ ਨੇ ਜਦ ਥੈਲੀ ਬਾਰੇ ਪੁਛਿਆ ਤਾਂ ਭੜਕ ਉਠਿਆ। ਮੈਨੂੰ ਕੀ ਪਤਾ। ਤੁਸੀਂ ਮੇਰੇ ਤੇ ਇਲ੍ਜ਼ਾਮ ਲਗਾ ਰਹੇ ਹੋ, ਮੈ ਆਪਣੀ ਜਾਨ ਖਤਰੇ ਵਿਚ ਪਾਕੇ ਤੁਹਾਡੀ ਰਖਿਆ ਕੀਤੀ ਹੈ। ਭੁੜਕਦਾ ਭੁੜਕਦਾ ਬਾਹਰ ਨਿਕਲ ਗਿਆ। ਮਾਤਾ ਗੁਜਰੀ ਨੇ ਬਥੇਰਾ ਚੁਪ ਰਹਿਣ ਲਈ ਕਿਹਾ, ਪਰ ਉਸਦਾ ਲਾਲਚ ਹੋਰ ਵਧ ਗਿਆ, ਹਕੂਮਤ ਕੋਲੋਂ ਇਨਾਮ ਦਾ ਲਾਲਚ। ਰੋਲਾ ਪਾਂਦਾ ਪਾਂਦਾ ਪਿੰਡ ਦੇ ਚੌਧਰੀ ਨੂੰ ਦਸ ਆਇਆ। ਮਾਤਾ ਗੁਜਰੀ ਤੇ ਬਚਿਆਂ ਉਤੇ ਪਹਿਰਾ ਲਗਾ ਦਿਤਾ ਗਿਆ।

ਚੋਧਰੀ ਨੇ ਮੁਰਿੰਡੇ ਦੇ ਹਾਕਮ ਨੂੰ ਇਤਲਾਹ ਦਿਤੀ। ਹਾਕਮ 2 ਸਿਪਾਹੀਆਂ ਨੂੰ ਨਾਲ ਲੇਕੇ ਆਇਆ ਤੇ ਤਿੰਨਾ ਨੂੰ ਗ੍ਰਿਫਤਾਰ ਕਰਕੇ ਕੋਤਵਾਲੀ ਲੈ ਗਿਆ। ਦੋ ਦਿਨ ਕੋਤਵਾਲੀ ਵਿਚ ਨਜਰਬੰਦ ਰਖਿਆ। ਸਵੇਰੇ ਬੈਲਗਾੜੀ ਵਿਚ ਬਿਠਾਕੇ ਬਸੀ ਦੇ ਥਾਣੇ ਤੇ ਫਿਰ ਸਰਹੰਦ ਲੈ ਗਏ। ਸਾਰੇ ਸ਼ਹਿਰ ਵਿਚ ਖਬਰ ਫੈਲ ਗਈ। ਲੋਕੀ ਬਚਿਆਂ ਦੇ ਨੂਰਾਨੀ, ਸ਼ਾਂਤ ਤੇ ਅਡੋਲ ਮੁਖੜੇ ਤੇ ਦਾਦੀ ਦਾ ਸਿਦਕ ਦੇਖਕੇ ਅਸ਼ ਅਸ਼ ਕਰਦੇ ਤੇ ਗੰਗੂ ਨੂੰ ਲਾਹਨਤਾਂ ਪਾਂਦੇ।

ਵਜੀਰ ਖਾਨ ਖਿਦਰਾਣੇ ਦੀ ਢਾਬ ਤੇ ਹੋਣ ਵਾਲੀ ਜੰਗ ਦੀ ਨਾਕਾਮਯਾਬੀ ਤੋਂ ਪਹਿਲੇ ਹੀ ਖਿਜਿਆ ਹੋਆ ਸੀ ਸੋਚਿਆ ਚਲੋ ਗੁਰੂ ਨਹੀ ਤਾਂ ਉਸਦੇ ਬਚੇ ਹੀ ਸਹੀ। ਦੋ ਦਿਨ ਭੁਖੇ ਤਿਹਾਏ ਰਖਕੇ ਪੋਹ ਦੀਆਂ ਠੰਡੀਆਂ ਰਾਤਾ ਵਿਚ ਠੰਡੇ ਬੁਰਜ ਵਿਚ ਕੈਦ ਕਰ ਦਿਤਾ। ਅਗਲੇ ਦਿਨ ਉਨ੍ਹਾ ਦੀ ਸੂਬੇ ਸਰਹੰਦ ਅਗੇ ਕਚਿਹਿਰੀ ਵਿਚ ਪੇਸ਼ੀ ਸੀ। ਸਵੇਰ ਹੋਈ, ਮਾਤਾ ਗੁਜਰੀ ਨੇ ਅਕਾਲ ਪੁਰਖ ਤੇ ਆਸੀਮ ਭਰੋਸਾ ਕਰਕੇ ਬੜੀ ਦਲੇਰੀ, ਤੇ ਹਿੰਮਤ ਰਖਦਿਆਂ ਬਚਿਆਂ ਨੂੰ ਤਿਆਰ ਕੀਤਾ, ਪਿਆਰ ਕੀਤਾ, ਚੁੰਮਿਆ ਤੇ ਕਿਹਾ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਦੇ ਪੁਤਰ ਹੋ ਜਿਨਾਂ ਨੇ 9 ਸਾਲ ਦੀ ਉਮਰ ਵਿਚ ਆਪਣੇ ਪਿਤਾ ਦੀ ਕੁਰਬਾਨੀ ਦਿਤੀ, ਓਸ ਦਾਦੇ ਦੇ ਪੋਤੇ ਹੋ ਜਿਨ੍ਹਾ ਧਰਮ ਦੀ ਰ੍ਖਿਆ ਲਈ ਆਪਣਾ ਸੀਸ ਕੁਰਬਾਨ ਕੀਤਾ ਤੇ ਗੁਰੂ ਅਰਜਨ ਦੇਵ ਜੀ ਦੇ ਅੰਸ ਵਿਚੋਂ ਹੋ ਜੋ ਸਚ ਦੀ ਖਾਤਿਰ, ਤਤੀਆਂ ਲੋਹਾਂ ਤੇ ਬੈਠੇ, ਸੀਸ ਤੇ ਗਰਮ ਰੇਤਾ ਪਵਾਇਆ ਦੇਗਾਂ ਦੇ ਉਬਾਲ ਵੀ ਉਨ੍ਹਾ ਨੂੰ ਡੋਲਾ ਨਹੀ ਸਕੇ। ਤੁਸੀਂ ਵੀ ਮਰਦਾਂ ਵਾਂਗ ਸ਼ਾਂਤ ਤੇ ਅਡੋਲ ਰਹਿਣਾ, ਝੁਕਣਾ ਨਹੀ ਤੇ ਹਰ ਸਵਾਲ ਦਾ ਜਵਾਬ ਬੜੇ ਬੈਖੋਫ਼ ਹੋਕੇ ਦੇਣਾ। ਬਚੇ ਵੈਸੇ ਵੀ ਮਾਤਾ ਜੀਤੋ ਦੇ ਅਕਾਲ ਚਲਾਣੇ ਤੋ ਬਾਅਦ ਮਾਤਾ ਗੁਜਰੀ ਦੀ ਛਤਰ ਛਾਇਆ ਹੇਠ ਪਲੇ ਸੀ, ਜੋ ਖੁਦ ਇਕ, ਪ੍ਰੇਮ ਮਮਤਾ, ਧੀਰਜ, ਤਿਆਗ, ਉਦਾਰਤਾ ਤੇ ਸਹਿਨਸ਼ੀਲਤਾ ਦੀ ਮੂਰਤ ਸੀ। ਬਚਿਆਂ ਤੇ ਦਾਦੀ ਦਾ ਬਹੁਤ ਗਹਿਰਾ ਅਸਰ ਸੀ।

ਵਜੀਰ ਖਾਨ ਦੇ ਸਿਪਾਹੀ ਲੈਣ ਵਾਸਤੇ ਆ ਗਏ। ਸਾਰੇ ਰਸਤੇ ਬਚਿਆਂ ਨੂੰ ਚੇਤਾਵਨੀ ਦਿੰਦੇ ਗਏ ਕੀ ਸੂਬਾ ਸਰਹੰਦ ਨੂੰ ਜਾਂਦੇ ਹੀ ਝੁਕਕੇ ਸਲਾਮ ਕਰਣਾ। ਕਚਿਹਰੀ ਦੇ ਬਾਹਰ ਭੀੜ ਇਕਠੀ ਹੋਈ ਹੋਈ ਸੀ। ਕਚਿਹਰੀ ਦੇ ਸਭ ਦਰਵਾਜੇ ਬੰਦ ਕੀਤੇ ਗਏ ਸੀ। ਇਕ ਛੋਟੀ ਜਹੀ ਖਿੜਕੀ ਰਾਹੀਂ, ਇਤਨੀ ਜਗਹ ਸੀ ਅੰਦਰ ਜਾਣ ਦੀ ਤਾਂਕਿ ਬਚੇ ਸਿਰ ਝੁਕਾ ਕੇ ਅੰਦਰ ਵੜਨ। ਬਚੇ ਉਨਾਂ ਦੇ ਮਕਸਦ ਨੂੰ ਸਮਝ ਗਏ ਓਨ੍ਹਾ ਨੇ ਸਿਰ ਦੀ ਜਗਹ ਪਹਿਲੇ ਪੈਰ ਅਗੇ ਕੀਤੇ। ਦੁਸ਼ਮਨ ਦੀ ਮਕਾਰੀ ਦਾ ਇਹ ਵਾਰ ਖਾਲੀ ਗਿਆ। ਜਦ ਵਜ਼ੀਰ ਖਾਨ ਦੇ ਸਾਮਣੇ ਆਏ ਉਨ੍ਹਾ ਦੇ ਚੇਹਰੇ ਤੇ ਅਜੀਬ ਚਮਕ ਸੀ। ਡਰ ਖਤਰਾ ਕੋਸੋਂ ਦੂਰ ਸੀ। ਆਦਿਆਂ ਸਾਰ ਗਜ ਕੇ ਜੈਕਾਰਾ ਛਡਿਆ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ " ਜਿਸ ਨੂੰ ਸੁਣਕੇ ਇਕ ਵਾਰੀ ਤਾਂ ਨਵਾਬ ਵੀ ਕੰਬ ਗਿਆ। ਪਹਿਲੇ ਸੁਚਾ ਨੰਦ ਨੇ ਸਮਝਾਇਆ ਕਿ ਮੈਂ ਵੀ ਹਿੰਦੂ ਹਾਂ। ਮੈਨੂੰ ਤੁਹਾਡੇ ਨਾਲ ਹਮਦਰਦੀ ਹੈ। ਤੁਹਾਡੇ ਪਿਤਾ ਤੇ ਦੋਨੋ ਵਡੇ ਭਰਾ ਲੜਾਈ ਵਿਚ ਮਾਰੇ ਗਏ ਹਨ। ਗੁਸਤਾਖੀ ਕਰੋਗੇ ਤਾਂ ਤੁਸੀਂ ਵੀ ਮਾਰੇ ਜਾਉਗੇ। ਮਾਫ਼ੀ ਮੰਗੋਗੇ ਤਾਂ ਬਖਸ਼ ਦਿਤੇ ਜਾਉਗੇ।

ਸੂਬਾ ਸਰਹੰਦ ਨੇ ਉਨਾ ਨੂੰ ਇਸਲਾਮੀ ਦਾਇਰੇ ਵਿਚ ਅਉਣ ਲਈ ਪ੍ਰੇਰਨਾ ਲਾਲਚ ਤੇ ਤਾੜਨਾ ਦੇਕੇ ਕਿਹਾ, "ਅਜੇ ਤੁਹਾਡੀ ਖਾਣ ਪੀਣ ਦੀ ਉਮਰ ਹੈ, ਅਸੀਂ ਤੁਹਾਨੂੰ ਜਗੀਰਾਂ ਤੇ ਧੰਨ ਦੋਲਤ ਨਾਲ ਮਾਲੋ ਮਾਲ ਕਰ ਦਿਆਂਗੇ। ਇਥੇ ਵੀ ਤੇ ਅਗਲੇ ਜਨਮ ਵਿਚ ਵੀ ਤੁਹਾਨੂੰ ਜਨਤ ਨਸੀਬ ਹੋਵੇਗੀ। ਬਚਿਆਂ ਨੇ ਬੜੇ ਬੇਖੋਫ਼ ਹੋਕੇ ਜਵਾਬ ਦਿਤਾ, " ਅਸੀਂ ਗੁਰੂ ਗੋਬਿੰਦ ਸਿੰਘ ਤੇ ਗੁਰੂ ਤੇਗ ਬਹਾਦਰ ਦੀ ਔਲਾਦ ਹਾਂ ਧਰਮ ਲਈ ਸ਼ਹੀਦ ਹੋਣਾ ਜਾਣਦੇ ਹਾਂ ਧਰਮ ਛਡਣਾ ਨਹੀ, ਮੌਤ ਤੋ ਸਾਨੂੰ ਡਰ ਨਹੀ ਲਗਦਾ।

ਤਿੰਨ ਦਿਨ ਤਕ ਪ੍ਰੇਰਨਾ, ਲਾਲਚ ਤੇ ਡਰਾਵੇ ਦਾ ਸਿਲਸਲਾ ਚਲਦਾ ਰਿਹਾ ਪਰ ਬਚੇ ਟਸ ਤੋ ਮਸ ਨਹੀਂ ਹੋਏ। ਅਖਿਰ ਵਜ਼ੀਰ ਖਾਨ ਨੇ ਮਲੇਰ ਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਜੋ ਕਚਹਿਰੀ ਵਿਚ ਹੀ ਬੈਠਾ ਸੀ ਕਿਹਾ ਕਿ ਅਸੀਂ ਇਨ੍ਹਾ ਬਚਿਆਂ ਨੂੰ ਤੁਹਾਡੇ ਹਵਾਲੇ ਕਰਦੇ ਹਾਂ। ਤੁਸੀਂ ਆਪਣੇ ਭਰਾ ਦਾ ਬਦਲਾ ਇਨ੍ਹਾ ਨੂੰ ਮਰਵਾ ਕੇ ਲੈ ਸਕਦੇ ਹੋ। ਸ਼ੇਰ ਮੁਹੰਮਦ ਇਕ ਸੁਲਝੇ ਹੋਏ ਮੁਸਲਮਾਨ ਸਨ ਉਨ੍ਹਾ ਨੇ ਕਿਹਾ ਕਿ ਮੇਰਾ ਭਰਾ ਲੜਾਈ ਦੇ ਮੈਦਾਨ ਵਿਚ ਮਾਰਿਆ ਗਿਆ ਹੈ ਅਗਰ ਬਦਲਾ ਹੀ ਲੈਣਾ ਹੈ ਤਾਂ ਮੈਂ ਗੁਰੂ ਕੋਲੋਂ ਲਵਾਂਗਾ। ਇਨ੍ਹਾ ਮਸੂਮਾ ਨੂੰ ਇਨ੍ਹਾ ਦੇ ਪਿਤਾ ਦੀ ਕਰਨੀ ਦੀ ਸਜਾ ਹਰਗਿਜ਼ ਨਹੀਂ ਦਿਤੀ ਜਾ ਸਕਦੀ। ਇਹ ਬੇਗੁਨਾਹ ਹਨ, ਮਾਸੂਮ ਹਨ, ਇਨ੍ਹਾ ਨੂੰ ਮਾਰਨਾ ਗੁਨਾਹ ਹੈ। ਮੇਰੀ ਰਾਇ ਹੈ ਇਨ੍ਹਾ ਨੂੰ ਛਡ ਦਿਉ। ਸ਼ੇਰ ਮੁਹਮਦ ਕੋਲ ਹੀ ਸੁਚਾ ਨੰਦ ਖੜਾ ਸੀ, ਸਪ ਦੇ ਬਚੇ ਸਪੋਲੀਏ ਹੀ ਹੁੰਦੇ ਹਨ ਇਹ ਆਖਕੇ ਇਨ੍ਹਾ ਦਾ ਸਿਰ ਕੁਚਲਣ ਦੀ ਸ਼ੇਤਾਨੀ ਤਜਵੀਜ਼ ਦਿਤੀ।

ਅਖੀਰ ਨਵਾਬ ਦੀ ਵਾਰੀ ਆਈ ਉਸਨੇ ਪੁਛਿਆ ਅਗਰ ਤੁਹਾਨੂੰ ਅਜਾਦ ਕਰ ਦਿਤਾ ਜਾਏ ਤਾਂ ਤੁਸੀਂ ਕੀ ਕਰੋਗੇ। ਬਚਿਆਂ ਦਾ ਜਵਾਬ ਸੀ ਅਸੀਂ ਸਿਖਾਂ ਨੂੰ ਇਕਠਿਆਂ ਕਰਾਂਗੇ ਉਨ੍ਹਾ ਨੂੰ ਜੰਗੀ ਹਥਿਆਰ ਮੁਹੇਈਏ ਕਰਾਵਾਂਗੇ, ਤੁਹਾਡੇ ਨਾਲ ਲੜਕੇ ਤੁਹਾਨੂੰ ਮਾਰ ਮੁਕਾਵਾਂਗੇ। ਨਵਾਬ ਨੇ ਫਿਰ ਪੁਛਿਆ ਜੇ ਤੁਸੀਂ ਜੰਗ ਵਿਚ ਹਾਰ ਗਏ ਤਾਂ ਫਿਰ ਕੀ ਕਰੋਗੇ ? ਫਿਰ ਫੌਜਾਂ ਇਕਠੀਆਂ ਕਰਾਂਗੇ ਜਾਂ ਤੁਹਾਨੂੰ ਮੁਕਾ ਦਿਆਂਗੇ ਜਾਂ ਸ਼ਹੀਦ ਹੋ ਜਾਵਾਂਗੇ। ਕਾਜ਼ੀ ਨੇ ਨਵਾਬ ਦੀ ਰਮਜ਼ ਨੂੰ ਪਹਿਚਾਣ ਲਿਆ। ਬਚਿਆਂ ਦੇ ਜਵਾਬਾਂ ਤੋਂ ਉਸ ਨੂੰ ਹਿੰਮਤ ਮਿਲ ਗਈ। ਓਸਨੇ ਬਚਿਆਂ ਨੂੰ ਬਾਗੀ ਕਰਾਰ ਦੇਕੇ ਨੀਹਾਂ ਵਿਚ ਚਿਨਣ ਜਾਂ ਮੋਤ ਦੇ ਘਾਟ ਉਤਾਰ ਦੇਣ ਦਾ ਫੈਸਲਾ ਸੁਣਾ ਦਿਤਾ।

ਸ਼ੇਰ ਮੁਹਮਦ ਆਹ ਦਾ ਨਾਹਰਾ ਲਗਾਕੇ ਦਰਬਾਰ ਵਿਚੋ ਉਠ ਖੜਿਆ, " ਇਹ ਜੁਲਮ ਹੈ, ਸ਼ਰਾ ਦੇ ਉਲਟ ਹੈ, ਬੇਗੁਨਾਹ ਬਚਿਆਂ ਨੂੰ ਮਾਰਨ ਦੀ ਸਜਾ ਕਦੀ ਕੋਈ ਸ਼ਰਾ ਨਹੀਂ ਦੇ ਸ੍ਕਦੀ " ਇਹ ਕਹਿਕੇ ਕਚਹਿਰੀ ਤੋਂ ਬਾਹਰ ਨਿਕਲ ਗਿਆ ਸਾਹਿਬਜ਼ਾਦਿਆਂ ਦੇ ਚਿੰਨਣ ਵਾਸਤੇ ਕਚਹਿਰੀ ਦੇ ਹਾਤੇ ਵਿਚ ਇੰਤਜ਼ਾਮ ਕੀਤਾ ਗਿਆ। ਇਕ ਇਕ ਇਟ ਲਗਾਣ ਤੋ ਬਾਅਦ ਪੁਛਿਆ ਜਾਂਦਾ ਇਸਲਾਮ ਕਬੂਲ ਕਰ ਲਉ। ਪਰ ਉਨ੍ਹਾ ਦਾ ਮੁਸਕਰਾਂਦਾ ਤੇ ਸ਼ਾਂਤ ਚੇਹਰਾ ਇਸਦਾ ਜਵਾਬ ਦੇ ਰਿਹਾ ਸੀ। ਕੰਧ ਗਰਦਨ ਤਕ ਆ ਗਈ, ਬਚੇ ਬੇਹੋਸ਼ ਹੋ ਗਏ। ਕੰਧ ਡਿਗ ਪਈ, ਬਚਿਆਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਦਾਦੀ ਕੋਲ ਪੁਚਾ ਦਿਤਾ ਇਸ ਸਨੇਹੇ ਨਾਲ ਕੀ ਕਲ ਦੋਨੋ ਨੂੰ ਕਤਲ ਕਰ ਦਿਤਾ ਜਾਵੇਗਾ, ਇਸ ਉਮੀਦ ਤੇ ਕਿ ਸ਼ਾਇਦ ਦਾਦੀ ਦਾ ਮੰਨ ਬਦਲ ਜਾਏ ਤੇ ਉਨ੍ਹਾ ਦੀ ਆਸ ਪੂਰੀ ਹੋ ਜਾਏ।

ਇਹ ਸੋਚੋ ਉਹ ਅਠ ਪਹਿਰ ਦਾਦੀ ਦੇ ਕਿਸ ਤਰਹ ਬੀਤੇ ਹੋਣਗੇ। ਸਵੇਰ ਹੋਈ " ਦਾਦੀ ਤੁਸੀਂ ਅਜ ਕਿਹਾ ਨਹੀਂ ਕਿ ਜਲਦੀ ਆਣਾ ਮੈਂ ਤੁਹਾਨੂੰ ਉਡੀਕਾਂਗੀ "ਜੁਝਾਰ ਨੇ ਪੁਛਿਆ ? ਤਾਂ ਦਾਦੀ ਨੇ ਭਰੇ ਹੋਏ ਮਨ ਨਾਲ ਜਵਾਬ ਦਿਤਾ, " ਅਜ ਤੁਸੀਂ ਮੈਨੂ ਉਡੀਕਣਾ ਮੈਂ ਜਲਦੀ ਤੁਹਾਡੇ ਕੋਲ ਆ ਜਾਂਵਾਗੀ "। ਕਤਲ ਦਾ ਹੁਕਮ ਸੁਣਾ ਦਿਤਾ ਗਿਆ। ਕੋਈ ਵੀ ਬਚਿਆਂ ਨੂੰ ਕਤਲ ਕਰਨ ਵਾਸਤੇ ਤਿਆਰ ਨਹੀਂ ਹੋਇਆ। ਅਖੀਰ ਬਾਸ਼ਲਬੇਗ ਤੇ ਸ਼ਾਸ਼ਲਬੇਗ, ਜੋ ਕਿਸੇ ਮੁਕਦਮੇ ਵਿਚ ਫਸੇ ਹੋਏ ਸੀ, ਮੁਕਦਮੇ ਤੋਂ ਬਰੀ ਹੋਣ ਦੀ ਸ਼ਰਤ ਤੇ ਮੰਨ ਗਏ। ਜਿਥੇ ਅਜ ਗੁਰੂਦਵਾਰਾ ਭੋਰਾ ਸਾਹਿਬ ਹੈ, ਦੋਨੋ ਬਚਿਆਂ ਨੂੰ ਸ਼ਹੀਦ ਕਰ ਦਿਤਾ ਗਿਆ। ਲਾਸ਼ਾਂ ਨੂੰ ਲਾਵਾਰਿਸ ਕਰਾਰ ਦੇਕੇ, ਕਿਲੇ ਦੇ ਬਾਹਰ ਹੰਗਲਾ ਨਦੀ ਦੇ ਕਿਨਾਰੇ ਇਕ ਉਜਾੜ ਥਾਂ ਤੇ ਸੁਟ ਦਿਤਾ ਗਿਆ ਜਿਥੇ ਅਜ ਗੁਰੂਦਵਾਰਾ ਵਿਮਾਨ ਗੜ ਸਾਹਿਬ ਹੈ। ਜਦੋਂ ਸਰਹੰਦ ਦੇ ਇਲਾਕੇ ਵਿਚ, ਗੁਰੂ ਘਰ ਦੇ ਪ੍ਰੇਮੀਆਂ ਨੂੰ ਪਤਾ ਚਲਿਆਂ ਤਾਂ ਉਨ੍ਹਾ ਨੇ ਖੂਨ ਦੇ ਹੰਜੂ ਕੇਰੇ। ਦਾਦੀ ਨੇ ਸੁਣਦੇ ਸਾਰ ਆਪਣੇ ਪ੍ਰਾਣ ਤਿਆਗ ਦਿਤੇ ਤੇ ਆਪਣੀਆਂ ਸਾਰੀਆਂ ਜ਼ਿਮੇਦਾਰੀਆਂ ਤੋਂ ਵਿਹਲੇ ਹੋਕੇ ਪੋਤਿਆਂ ਦੇ ਪਿਛੇ ਪਿਛੇ ਤੁਰ ਗਈ।

ਦੀਵਾਨ ਟੋਡਰ ਮਲ ਤੇ ਉਸਦਾ ਪਰਿਵਾਰ ਵੀ ਗੁਰੂ ਘਰ ਦਾ ਸ਼ਰਧਾਲੂ, ਇਕ ਨੇਕ ਇਨਸਾਨ ਤੇ ਅਸਰ ਰਸੂਖ ਵਾਲਾ ਸਰਕਾਰੀ ਅਧਿਕਾਰੀ ਸੀ, ਜਿਸਦੀ ਪਹੁੰਚ ਦਿਲੀ ਦਰਬਾਰ ਤਕ ਸੀ। ਉਸਨੇ ਵਜ਼ੀਰ ਖਾਨ ਕੋਲੋਂ ਸਿਖੀ ਮਰਯਾਦਾ ਦੇ ਅਨੁਸਾਰ ਸਸਕਾਰ ਕਰਨ ਲਈ ਲਾਸ਼ਾਂ ਦੀ ਮੰਗ ਕੀਤੀ। ਪਹਿਲਾ ਤਾਂ ਓਹ ਮੰਨਿਆ ਨਹੀ ਪਰ ਜਦ ਉਸ ਨੂੰ ਉਸਦੀ ਪਹੁੰਚ ਦੀ ਸੂਹ ਲਗੀ, ਤਾਂ ਉਸਦੇ ਸ਼ਾਤਰੀ ਤੇ ਸ਼ੈਤਾਨੀ ਦਿਮਾਗ ਨੇ ਇਕ ਔਖੀ ਸ਼ਰਤ ਰਖ ਦਿਤੀ, ਜਮੀਨ ਤੇ ਮੋਹਰਾਂ ਵਿਛਾ ਕੇ ਜਮੀਨ ਖਰੀਦਣ ਦੀ। ਇਸ ਨਾਜ਼ਕ ਮੋਕੇ ਤੇ ਟੋਡਰ ਮਲ ਵਾਦ ਵਿਵਾਦ ਵਿਚ ਨਹੀ ਸੀ ਪੈਣਾ ਚਾਹੁੰਦਾ। ਸਸਕਾਰ ਲਈ ਥਾਂ ਦੀਵਾਨ ਟੋਡਰ ਮਲ ਤੇ ਉਸਦੀ ਪਤਨੀ ਨੇ ਆਪਣਾ ਸਭ ਕੁਛ ਵੇਚ ਕੇ ਜਮੀਨ ਤੇ ਮੋਹਰਾਂ ਵਿਛਾ ਦਿਤੀਆਂ। 27 ਦਸੰਬਰ ਨੂੰ ਬੜੇ ਸਤਕਾਰ ਨਾਲ ਸਿਖ ਮਰਿਆਦਾ ਅਨੁਸਾਰ ਦੋਨੋ ਬਚਿਆਂ ਤੇ ਦਾਦੀ ਮਾਂ ਦਾ ਸਸਕਾਰ ਕੀਤਾ। ਦੀਵਾਨ ਟੋਡਰ ਮਲ ਦੇ ਇਸ ਉਪਕਾਰ ਲਈ ਸਿਖ ਕੋਮ ਹਮੇਸ਼ਾਂ ਉਨ੍ਹਾ ਦੀ ਰਿਣੀ ਰਹੇਗੀ। ਗੁਰੂ ਗੋਬਿੰਦ ਸਿੰਘ ਜੀ ਦੀ 300 ਸਾਲਾ ਗੁਰਪੁਰਬ ਤੇ ਉਨ੍ਹਾ ਦੀ ਯਾਦ ਵਿਚ ਸਰਹੰਦ, ਫਤਿਹ ਗੜ ਮਾਰਗ ਤੇ ਇਕ ਬਹੁਤ ਵਡਾ ਗੇਟ ਬਣਵਾਇਆ ਗਿਆ। ਇਨਾਂ ਸ਼ਹਾਦਤਾ ਦਾ ਪੰਜਾਬ ਤੇ ਇਤਨਾ ਗਹਿਰਾ ਅਸਰ ਹੋਇਆ ਕਿ ਅਉਣ ਵਾਲੇ ਸਮੇ ਵਿਚ ਬੰਦਾ ਬਹਾਦਰ ਨੇ ਸਰਹੰਦ ਦੀ ਇਟ ਨਾਲ ਇਟ ਖੜਕਾ ਦਿਤੀ। ਦਬ ਦਾ ਬੂਟਾ ਜੋ ਗੁਰੂ ਗੋਬਿੰਦ ਸਿੰਘ ਨੇ ਇਹ ਖਬਰ ਸੁਣਕੇ ਪੁਟਿਆ ਸੀ ਇਵੇਂ ਮੁਗਲ ਸਮਰਾਜ ਦੀਆ ਜੜਾ ਹਿੰਦੁਸਤਾਨ ਤੋ ਪੁਟੀਆਂ ਗਈਆਂ।

ਲਤੀਫ ਸਾਹਿਬਜ਼ਾਦਿਆਂ ਦੇ ਜਵਾਬਾਂ ਨੂੰ ਨੀਹਾਂ ਵਿਚ ਚਿਨਣ ਦਾ ਮੁਖ ਕਾਰਨ ਮੰਨਦਾ ਹੈ। ਨਵਾਬ ਵਜ਼ੀਰ ਖਾਨ ਨੂੰ ਉਨ੍ਹਾ ਦੇ ਜਵਾਬਾਂ ਵਿਚ ਬਗਾਵਤ ਦਿਸ ਰਹੀ ਸੀ। ਸਚ ਮੁਚ ਵਡੀ ਜੁਰਤ ਵਾਲੇ ਜਵਾਬ ਸਨ ਪਰ ਅਗਰ ਇਨ੍ਹਾ ਨੂੰ ਦੂਸਰੀ ਪਖੋਂ ਵੇਖਿਆ ਜਾਵੇ ਤਾਂ ਇਹ ਜਵਾਬ ਸਿਲਸਿਲੇ ਵਾਰ ਵਾਪਰ ਰਹੇ ਸਨ, ਇਨਕਲਾਬ ਦਾ ਹਿਸਾ ਸਨ, ਜੋਰ ਜਬਰ ਤੇ ਜ਼ੁਲਮ ਦੀ ਤਸਬੀਰ ਦੇ ਮੁਕੰਮਲ ਬਦਲਾਵ ਦੀ ਤਜਵੀਜ਼ ਸੀ ਜਿਸ ਲਈ ਗੁਰੂ ਅਰਜਨ ਦੇਵ ਜੀ, ਤੇ ਫਿਰ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਏ ਤੇ ਉਸਤੋਂ ਬਾਅਦ ਸ਼ਹੀਦੀਆਂ ਦਾ ਕੋਈ ਅੰਤ ਹੀ ਨਹੀ। ਮੈਥਲੀ ਸ਼ਰਨ ਗੁਪਤਾ ਲਿਖਦੇ ਹਨ :

**ਜਿਸ ਕੁਲ, ਜਾਤ, ਕੋਮ ਕੇ ਬਚੇ ਦੇ ਸਕਤੇ ਹੈਂ ਯੂੰ ਬਲਿਦਾਨ**
**ਉਸਕਾ ਵਰਤਮਾਨ ਕੁਛ ਭੀ ਹੋ ਭਵਿਸ਼ ਹੈ ਮਹਾਨ।।**

ਇਸਤੋਂ ਪਿਛੋਂ ਗੁਰੂ ਸਾਹਿਬ ਕੁਛ ਦਿਨ ਰਾਇ ਕੋਟ ਰਹਿ ਕੇ ਦੀਨੇ ਕਾਂਗੜੇ ਪਹੁੰਚੇ। ਰਾਈ ਕਲਾ ਨੇ ਗੁਰੂ ਸਹਿਬ ਨੂੰ ਵਿਦਾ ਕਰਨ ਵੇਲੇ ਇਕ ਬਹੁਤ ਸੁੰਦਰ ਘੋੜਾ, ਢਾਲ ਤੇ ਸ਼ਸ਼ਤਰ ਭੇਟਾ ਕੀਤੇ। ਦੀਨੇ ਕਾਂਗੜੇ ਉਨ੍ਹਾ ਦੇ ਸ਼ਰਧਾਲੂ ਚੋਧਰੀ ਸ਼ਮਸ਼ੀਰ ਤੇ ਲਖਮੀਰ ਸਨ। ਉਨ੍ਹਾ ਨੇ ਸੁਣਿਆ ਕੀ ਮੁਗਲ ਸਰਕਾਰ ਨੇ ਗੁਰੂ ਸਾਹਿਬ ਨੂੰ ਬਾਗੀ ਤੇ ਭਗੋੜਾ ਕਰਾਰ ਕਰ ਦਿਤਾ ਹੈ। ਚਾਰੋਂ ਸਾਹਿਬਜ਼ਾਦੇ ਸ਼ਹੀਦ ਹੋ ਚੁਕੇ ਹਨ। ਪਿੰਡ ਦੇ ਚੋਧਰੀਆਂ ਨੂੰ ਸਖਤ ਹੁਕਮ ਸੀ ਕੀ ਕੋਈ ਉਨ੍ਹਾ ਦੀ ਸਹਾਇਤਾ ਨਾ ਕਰੇ। ਲਖਮੀਰ ਤੇ ਸ਼ਮਸ਼ੀਰ ਨੇ ਗੁਰੂ ਸਾਹਿਬ ਨੂੰ ਆਪਣੇ ਘਰ ਦੇ ਚੁਬਾਰੇ ਵਿਚ ਬੜੀ ਸ਼ਰਧਾ ਤੇ ਪਿਆਰ ਨਾਲ ਠਹਿਰਾਇਆ, ਉਨ੍ਹਾ ਦੀ ਤਨੋ -ਮਨੋ ਸੇਵਾ ਕੀਤੀ। ਜਦ ਗੁਰੂ ਸਾਹਿਬ ਨੂੰ ਨਿਵਾਸ ਕਰਦਿਆਂ ਕੁਝ ਸਮਾ ਹੋ ਗਿਆ ਤਾਂ ਆਲੇ ਦੁਆਲੇ ਦੀਆਂ ਸੰਗਤਾ ਆਪਜੀ ਦੇ ਦਰਸ਼ਨਾ ਨੂੰ ਅਉਣ ਲਗੀਆਂ। ਜਦ ਇਸ ਗਲ ਦਾ ਪਤਾ ਸੂਬਾ ਸਰਹੰਦ ਨੂੰ ਲਗਾ ਤਾਂ ਉਸਨੇ ਚੋਧਰੀ ਸ਼ਮਸ਼ੀਰ ਨੂੰ ਚਿਠੀ ਲਿਖੀ ਕਿ ਗੁਰੂ ਸਾਹਿਬ ਨੂੰ ਸਾਡੇ ਹਵਾਲੇ ਕਰ ਦਿਉ , ਜਿਸਦਾ ਉਤਰ ਚੋਧਰੀ ਨੇ ਦਿਤਾ, " ਗੁਰੂ ਸਾਹਿਬ ਸਾਡੇ ਪੀਰ ਹਨ, ਉਨ੍ਹਾ ਦੀ ਸੇਵਾ ਕਰਨਾ ਸਾਡਾ ਧਰਮ ਹੈ ਅਸੀਂ ਉਨ੍ਹਾ ਨੂੰ ਤੁਹਾਡੇ ਹਵਾਲੇ ਹਰਗਿਜ਼ ਨਹੀਂ ਕਰਾਂਗੇ "।

ਇਸ ਵਕਤ ਔਰੰਗਜ਼ੇਬ ਕਮਜ਼ੋਰ ਤੇ ਢਿਲਾ ਪੈ ਚੁਕਿਆ ਸੀ, ਕੁਝ ਉਮਰ ਦਾ ਤਕਾਜਾ, ਕੁਝ ਪੁਤਰਾਂ ਵਿਚ ਤਖਤ ਲਈ ਆਪਸੀ ਜੰਗ, ਤੀਸਰਾ ਦਖਣ ਵਿਚ ਨਿਤ ਦਿਹਾੜੇ ਬਗਾਵਤਾਂ ਤੇ ਚੋਥਾ ਉਸਦੀ ਧਾਰਮਿਕ ਪਾਲਸੀ ਜਿਸਨੇ ਉਸਦੇ ਰਾਜ ਮਹਲ ਨੂੰ ਖੋਖਲਾ ਕਰ ਦਿਤਾ ਸੀ। ਜੀਉ ਜੀਉ ਉਸਦੀਆਂ ਸਖਤੀਆਂ ਵਧਦੀਆਂ ਜਾਂਦੀਆਂ ਲੋਕ ਉਸਤੋ ਦੂਰ ਹੁੰਦੇ ਚਲੇ ਗਏ। ਇਨਸਾਫ਼ ਪਸੰਦ ਤੇ ਧਰਮੀ ਮੁਸਲਮਾਨ ਉਸ ਨੂੰ ਪਸੰਦ ਨਹੀ ਸੀ ਕਰਦੇ। ਇਰਾਨ ਦਾ ਬਾਦਸ਼ਾਹ ਸ਼ਾਹ ਅਬਾਸ ਉਸ ਨੂੰ ਨਫਰਤ ਕਰਦਾ ਸੀ। ਇਸ ਸਦੀ ਦੇ ਵਿਦਵਾਨ ਮੋਲਾਨਾ ਅਬਦੁਲ ਕਲਾਮ ਅਜਾਦ ਲਿਖਦਾ ਹੈ, " ਅਸੀਂ ਔਰੰਗਜ਼ੇਬ ਦੀ ਕੀਤੀ ਹਰ ਸਖਤੀ ਦਾ ਉਤਰ ਸ਼ਾਇਦ ਦੇ ਸਕੀਏ ਪਰ ਸਰਮਦ ਜੇਹੇ ਫਕੀਰ

(**ਬਾਕੀ ਸਫਾ 8 'ਤੇ**)

# ਗੁਰੂ ਸਾਹਿਬ ਦਾ ਤੇਜ਼ ਪ੍ਰਤਾਪ, ਅਣਖ, ਦਲੇਰੀ ਤੇ ਚੜ੍ਹਦੀ ਕਲਾ

ਨੂੰ ਕਿਓਂ ਕਤਲ ਕੀਤਾ ਇਸ ਦਾ ਕੋਈ ਉੱਤਰ ਨਹੀ। ਦਖਣ ਦੀਆਂ ਰਿਆਸਤਾਂ ਬੀਜਾਪੁਰ ਗੋਲਕੁੰਡਾ ਤੇ ਮਰਹਟਿਆਂ ਨੇ ਉਸਦੀ ਨੀਂਦ ਹਰਾਮ ਕਰ ਦਿਤੀ। ਦਖਣ ਵਿਚ ਖਾਲੀ ਉਸਦੀ ਸਰੀਰਕ ਕਬਰ ਨਹੀਂ ਸੀ ਸਗੋਂ ਮੁਗਲ ਸਮਰਾਜ ਦੀ ਕਬਰ ਬਣੀ। ਜਦ ਉਸ ਨੂੰ ਹੋਸ਼ ਆਇਆ ਤਾਂ ਬਹੁਤ ਦੇਰ ਹੋ ਚੁਕੀ ਸੀ। ਉਸਨੇ ਸਰਹੰਦ ਦੇ ਲਾਗੇ ਜਿਤਨੀ ਫੌਜ਼ ਸੀ ਵਾਪਿਸ ਬੁਲਾ ਲਿਆ। ਗੁਰੂ ਸਾਹਿਬ ਨੂੰ ਮਿਲਣ ਵਾਸਤੇ ਚਿਠੀ ਲਿਖੀ ਤੇ ਭਰੋਸਾ ਦਿਲਾਇਆ ਕੀ ਤੁਹਾਨੂੰ ਕੋਈ ਕੁਝ ਨਹੀਂ ਕਹੇਗਾ। ਗੁਰੂ ਸਾਹਿਬ ਨੇ ਉਸ ਚਿਠੀ ਦਾ ਜਵਾਬ ਦਿਤਾ ਜਿਸ ਨੂੰ ਜ਼ਫਰਨਾਮਾ ਤੇ ਗੁਰੂ ਸਾਹਿਬ ਦਾ ਫਤਿਹ -ਨਾਮਾ ਕਿਹਾ ਜਾਂਦਾ ਹੈ।

**ਜ਼ਫਰਨਾਮਾ**-ਭਾਈ ਦੇਸਾ ਦੇ ਚੁਬਾਰੇ ਵਿਚ, ਦੀਨ ਕਾਂਗੜੇ ਤੋਂ ਫ਼ਾਰਸੀ ਜ਼ੁਬਾਨ ਵਿਚ ਲਿਖਿਆ, ਜੋ ਗੁਰੂ ਸਾਹਿਬ ਦੇ ਬੁਲੰਦ ਹੋਸਲੇ, ਨਿਡਰਤਾ, ਆਤਮ ਸਨਮਾਨ, ਅਣਖ, ਦਲੇਰੀ ਤੇ ਦ੍ਰਿੜਤਾ ਦਾ ਪ੍ਰਤਖ ਪ੍ਰਮਾਣ ਹੈ। ਇਸਦੇ ।। 5 ਬੈਂਤ ਹਨ ਪਹਿਲੇ। 3 ਬੈਂਤ ਵਿਚ ਅਕਾਲ ਪੁਰਖ ਦੀ ਉਸਤਤ ਹੈ। ਫਿਰ ਓਹ ਲੜਾਈ ਸਬੰਧੀ ਗਲ ਕਰਦੇ ਹਨ ਕਿ ਕਿਸ ਤਰਹ ਤੇਰੀਆਂ ਫੋਜਾਂ ਲਖਾਂ ਦੀ ਗਿਣਤੀ ਵਿਚ ਮਖੀਆਂ ਦੇ ਝੁੰਡ ਦੀ ਤਰਹ , ਭੁਖੇ-ਤਿਹਾਏ, ਥਕੇ-ਹਾਰੇ, ਬਿਨਾ ਸਾਜੋ ਸਮਾਨ, ਸਿਰਫ ਗਿਣਤੀ ਦੇ 40 ਸਿਖਾਂ ਤੇ ਟੁਟ ਪਏ, ਆਪਣੀਆਂ ਸਾਰੀਆਂ ਕਸਮਾ -ਵਾਹਦਿਆਂ ਨੂੰ ਛਿਕੇ ਤੇ ਟੰਗ, ਚਮਕੌਰ ਦੀ ਕਚੀ ਗੜੀ ਨੂੰ ਘੇਰ ਲਿਆ। ਕਿਸ ਤਰਹ ਤੇਰਾ ਜਰਨੈਲਾ ਨੇ ਛੁਪ ਛੁਪ ਕੇ ਕੰਧਾ ਦੀ ਓਟ ਲੇਕੇ ਗੜੀ ਵਿਚ ਦਾਖਲ ਹੋਣ ਦੇ ਜਤਨ ਕੀਤੇ। 40 ਆਦਮੀ ਕੀ ਕਰ ਸਕਦੇ ਹਨ ਜਦ ਅਚਾਨਕ ਉਨ੍ਹਾ ਤੇ 10 ਲਖ ਦਾ ਲਸ਼ਕਰ ਟੁਟ ਪਏ।

ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਟਕੇ ਦਾ ਮੁਰੀਦ ਤੇ ਈਮਾਂ -ਫਿਕਨ ਕਹਿੰਦਿਆ ਲਿਖਿਆ, ਮੈਨੂੰ ਤੇਰੇ ਤੇ ਓਕਾ ਭਰੋਸਾ ਨਹੀਂ ਅਤੇ ਕਿਸੇ ਕਿਸਮ ਦਾ ਯਕੀਨ ਨਹੀਂ। ਉਸ ਉਤੇ ਭਰੋਸਾ ਵੀ ਕਿਵੇਂ ਹੋਵੇ ਜਿਸਦੇ ਬਖਸ਼ੀ, ਦੀਵਾਨ ਸਭ ਝੂਠੇ ਹੋਣ ’ ਤੇਰੀ ਕੁਰਾਨ ਦੀ ਕਸਮ ਤੇ ਜੋ ਯਕੀਨ ਕਰੇ, ਓਹ ਅਖੀਰ ਖੁਆਰ ਹੁੰਦਾ ਹੈ। ਰਹੀ ਗਲ ਮੇਰੀ, ਮੇਰੇ ਸਿਰ ਉਤੇ ਅਕਾਲ ਪੁਰਖ ਦਾ ਸਾਇਆ ਹੈ, ਮੇਰਾ ਕੋਈ ਕੁਝ ਨਹੀ ਵਿਗਾੜ ਸਕਦਾ। ਤੂੰ ਤਾਂ ਕੁਰਾਨ ਦੀ ਕਸਮ ਸਰੇਆਮ ਖਾਕੇ ਮੁਕਰ ਗਿਆਂ ਹੈ ਪਰ ਮੇਰਾ ਵਰਗਾ ਦਿਲ ਵਿਚ ਵੀ ਕਸਮ ਖਾਕੇ ਉਸਤੇ ਟਿਕਿਆ ਰਹਿੰਦਾ ਹੈ। ਮੈਨੂੰ ਨਹੀ ਸੀ ਪਤਾ ਕੀ ਅਰੰਗਜੇਬ ਕਸਮਾਂ ਤੋੜਨ ਵਾਲਾ ਕੇਵਲ ਪੈਸੇ ਦਾ ਪੀਰ ਤੇ ਬੇਈਮਾਨ ਹੈ। ਨਾ ਤੂੰ ਦੀਨ ਈਮਾਨ ਤੇ ਕਾਇਮ ਹੈ ਨਾ ਸ਼ਰਾ ਸ਼ਰੀਅਤ ਦਾ ਪਾਬੰਦ। ਨਾ ਤੇਨੂੰ ਰਬ ਦੀ ਪਹਚਾਨ ਹੈ ਨਾ ਹਜਰਤ ਮੁਹੰਮਦ ਤੇ ਭਰੋਸਾ। ਹੁਣ ਭਾਵੇਂ ਤੂੰ ਕੁਰਾਨ ਦੀਆਂ ਸੋ ਕਸਮਾ ਵੀ ਖਾਵੇਂ ਤੇਰੇ ਤੇ ਕੌਣ ਇਤਬਾਰ ਕਰੇ। ਅਜੀਬ ਹੈ ਤੇਰਾ ਇਨਸਾਫ਼, ਤੇਰਾ ਧਰਮ ਪਾਉਣ ਦਾ ਢੰਗ, ਮੇਨੂੰ ਇਕ ਵਾਰੀ ਨਹੀ ਸੋ ਵਾਰੀ ਅਫਸੋਸ ਹੈ ਇਸਤੇ। ਕੀ ਹੋਇਆ ਜੇ ਤੂੰ ਧੋਖੇ ਨਾਲ ਨਿਕੀਆ ਨਿਕੀਆਂ ਚਿੰਗਿਆਰੀਆਂ ਬੁਝਾ ਦਿਤੀਆਂ ਹਨ, ਤੇਰੀ ਕਾਹਦੀ ਬਹਾਦਰੀ, ਅਗ ਦਾ ਭਾਬੜ ਅਜ ਵੀ ਬਲਦਾ ਪਿਆ ਹੈ, ਜਿਸਦੇ ਸ਼ੋਲੇ ਇਕ ਦਿਨ ਮੁਗਲ ਸਮਰਾਜ ਦਾ ਅੰਤ ਕਰਨਗੇ।




ਸਿੰਘਾਂ ਨੇ ਜਦ ਔਰੰਗਜ਼ੇਬ ਦੇ ਹਥ ਵਿਚ ਇਹ ਕਹਿਕੇ ਜ਼ਫਰਨਾਮਾ ਪਕੜਾਇਆ ਕੀ ਗੁਰੂ ਸਾਹਿਬ ਨੇ ਤੁਹਾਡੇ ਲਈ ਇਕ ਬੜਾ ਕੀਮਤੀ ਕੁਰਾਨ ਭੇਜਿਆ ਹੈ ਤਾਂ ਉਸਨੇ ਬੜੀ ਅਕੀਦਤ ਨਾਲ ਉਸਨੂੰ ਸਿਰ ਨਿਵਾ ਕੇ ਖੋਲਿਆ ਤੇ ਜਦ ਪੜਿਆ, ਉਸਦਾ ਰੰਗ ਪੀਲਾ ਪੇ ਗਿਆ, ਚੇਹਰਾ ਦੀਆਂ ਹਵਾਈਆਂ ਉਡ ਗਈਆਂ ਉਸ ਨੂੰ ਆਪਣੇ, ਅਹਿਲਕਾਰਾਂ ਦੀਆਂ ਵਧੀਕੀਆਂ ਤੇ ਗਲਤ ਨੀਤੀਆਂ ਦਾ ਪਤਾ ਚਲਿਆ। ਉਸਦੀ ਆਤਮਾ ਝਨਝੋਰ ਉਠੀ ਜਿਸਦਾ ਉਲੇਖ ਉਸਦੇ ਵਸੀਅਤ ਨਾਮੇ ਵਿਚ ਸਾਫ਼ ਨਜਰ ਆਓਂਦਾ ਹੈ ” ਮੈ ਦੁਨਿਆ ਵਿਚ ਖਾਲੀ ਹਥ ਆਇਆ ਸੀ, ਪਾਪਾਂ ਦੀ ਪੰਡ ਲੇਕੇ ਜਾ ਰਿਹਾਂ ਹਾਂ ਮੈ ਇਤਨਾ ਪਾਪ ਕਰ ਚੁਕਾ ਹਾਂ ਕੀ ਪਰਮਾਤਮਾ ਨੂੰ ਮੂੰਹ ਦਿਖਾਣ ਜੋਗਾ ਨਹੀ ਰਿਹਾ “। ਭਾਈ ਦਾਇਆ ਸਿੰਘ ਜੀ ਨੂੰ ਸ਼ਾਹੀ ਸਨਮਾਨਾ ਨਾਲ ਸੁਰਖਿਆ ਦਾ ਪਰਵਾਨਾ ਦੇਕੇ ਭੇਜਿਆ। ਉਸਨੇ ਆਪਣੀ ਕੀਤੀ ਤੇ ਪਛਤਾਵਾ ਜਹਿਰ ਕਰਦਿਆਂ ਆਪਣੇ ਅਹਿਲਕਾਰਾਂ ਨੂੰ ਹੁਕਮਨਾਮਾ ਭੇਜਿਆ ਕਿ ਗੁਰੂ ਸਾਹਿਬ ਜਿਥੇ ਵੀ ਰਹਿਣ, ਜੋ ਵੀ ਕਰਨ ਉਸ ਵਿਚ ਦਖਲ ਅੰਦਾਜੀ ਨਹੀ ਹੋਣੀ ਚਾਹੀਦੀ। ਇਹਨਾ ਹੁਕਮਾ ਤੇ ਅਮਲ ਹੋਣਾ ਵੀ ਸ਼ੁਰੂ ਹੋ ਗਿਆ। ਉਸਨੇ ਗੁਰੂ ਸਾਹਿਬ ਵਲ ਵੀ ਇਕ ਚਿਠੀ ਭੇਜੀ ਜਿਸ ਵਿਚ ਉਸਨੇ ਗੁਰੂ ਸਾਹਿਬ ਨੂੰ ਕਸਮਾਂ ਤਰਲਿਆਂ ਨਾਲ ਸਦਿਆ ਤੇ ਕਿਹਾ ਕਿ, ” ਮੈ ਤੁਹਾਡੇ ਕੋਲ ਖੁਦ ਚਲ ਕੇ ਆਉਂਦਾ ਪਰ ਮਜਬੂਰ ਹਾਂ ਬਿਮਾਰੀ ਮੈਨੂੰ ਇਜਾਜ਼ਤ ਨਹੀਂ ਦੇ ਰਹੀ “। ਗੁਰੂ ਸਾਹਿਬ ਨੇ ਉਸਦੀ ਬਿਮਾਰੀ ਦਾ ਸੁਣਕੇ ਸਭ ਕੁਝ ਭੁਲਾ ਕੇ ਜਾਣ ਦੀ ਤਿਆਰੀ ਕਰ ਲਈ ਪਰ ਉਹ ਅਜੇ ਰਾਹ ਵਿਚ ਹੀ ਸਨ ਕੀ ਔਰੰਗਜ਼ੇਬ ਦੀ ਮੋਤ ਦੀ ਖਬਰ ਆ ਗਈ, ਪਛਤਾਵੇ ਦੀ ਅਗ ਵਿਚ ਸੜਦਾ ਤੇ ਗੁਰੂ ਸਾਹਿਬ ਦੀਆਂ ਫਿਟਕਾਰਾਂ ਦੀ ਤਾਬ ਨਾ ਝਲਦਾ ਸ਼ਹਿਨਸ਼ਾਹ ਔਰੰਗਜੇਬ 1707 ਈਸਵੀ ਵਿਚ ਬਿਨਾਂ ਆਪਣੇ ਗੁਨਾਹ ਬਖ਼ਸ਼ਾਏ ਇਸ ਦੁਨਿਆ ਤੋ ਕੂਚ ਕਰ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਕਾਫੀ ਚਿਰ ਗੁਰੂ ਸਾਹਿਬ ਦੀਨੇ ਰਹੇ। ਇਥੇ ਸੰਗਤਾਂ ਦੀਆ ਰੋਣਕਾਂ ਵੀ ਲਗਦੀਆਂ, ਓਹ ਘੋੜ ਸਵਾਰੀ ਵੀ ਕਰਦੇ, ਸ਼ਿਕਾਰ ਵੀ ਖੇਡਣ ਜਾਂਦੇ। ਉਨ੍ਹਾ ਨੇ ਚੋਖੇ ਬਹਾਦੁਰ ਸਿਪਾਹੀ ਤਨਖਾਹਦਾਰ ਵੀ ਭਰਤੀ ਕਰ ਲਏ। ਗੁਰੂ ਸਾਹਿਬ ਕੋਲ ਫੌਜ਼ ਤੇ ਸ਼ਸ਼ਤਰ ਵੀ ਇਕਠੇ ਹੋ ਗਏ। ਕਾਫੀ ਸਿੰਘ ਜੋ ਆਪਜੀ ਵਾਸਤੇ ਹਰ ਕੁਰਬਾਨੀ ਦੇਣ ਨੂੰ ਤਿਆਰ ਸੀ। ਵਜ਼ੀਰ ਖਾਨ ਦੀਆ ਫੌਜਾਂ ਅਜੇ ਵੀ ਪਿਛਾ ਕਰ ਰਹੀਆਂ ਸਨ। ਦੀਨੇ ਵਿਚ ਗੁਰੂ ਸਾਹਿਬ ਲੜਨਾ ਨਹੀ ਸੀ ਚਾਹੁੰਦੇ। ਵਸੋਂ ਤੋ ਦੂਰ ਅਗਾਹ ਜੰਗਲ ਵਿਚ ਕਿਸੇ ਢੁਕਵੀਂ ਜਗਹ ਤੇ ਲੜਨ ਦਾ ਫੈਸਲਾ ਕੀਤਾ।

ਦੀਨੇ ਤੋਂ ਜਾਕੇ ਬੁਰਜ ਵਿਚ ਜਾ ਡੇਰਾ ਲਾਇਆ। ਸ਼ਰਧਾਲੂਆਂ ਦੀ ਇਥੇ ਵੀ ਕੋਈ ਕਮੀ ਨਹੀ ਸੀ। ਜਦ ਜਵਾਨੀਆਂ ਦੀ ਮੰਗ ਕੀਤੀ ਜੋ ਸਿਰ ਤਲੀ ਤੇ ਧਰ ਕੇ ਧਰਮ ਲਈ ਸ਼ਹੀਦ ਹੋਣਾ ਜਾਣਦੇ ਹੋਣ ਤਾਂ ਬਹੁਤ ਸਾਰੇ ਜਵਾਨ ਇਸ ਧਰਮ ਯੁਧ ਵਿਚ ਸ਼ਾਮਲ ਹੋਣ ਲਈ ਆ ਗਏ। ਗੁਰੂ ਸਾਹਿਬ ਜਲਾਲ -ਭਗਤਾ ਆਦਿ ਪਿੰਡਾਂ ਤੋ ਹੁੰਦੇ ਕਪੂਰੇ ਪਹੁੰਚੇ। ਇਥੇ ਇਕ ਥਾਂ ਢਾਬ ਦੇ ਵਿਚਕਾਰ ਉਚੀ ਥਾਂ ਸੀ। ਕਪੂਰੇ ਨੂੰ ਕਿਹਾ ਸਾਨੂੰ ਇਸ ਗੜੀ ਵਿਚ ਮੋਰਚਾ ਲਗਾਕੇ ਵੈਰੀਆਂ ਨਾਲ ਦੋ ਹਥ ਕਰ ਲੇਣ ਦਿਉ , ਹਾਲਾਕਿ ਉਸਦੀ ਪੂਰੀ ਹਮਦਰਦੀ ਗੁਰੂ ਸਾਹਿਬ ਨਾਲ ਸੀ ਪਰ ਹਕੂਮਤ ਦੇ ਡਰ ਤੋਂ ਮਨਾ ਕਰ ਦਿਤਾ ਤੇ ਕਿਹਾ ਤੁਰਕ ਮੈਨੂੰ ਮਾਰ ਦੇਣਗੇ ਤਾਂ ਗੁਰੂ ਸਾਹਿਬ ਨੇ ਹਸਕੇ ਕਿਹਾ, ” ਕਪੂਰਿਆ ਤੇਨੂੰ ਤੁਰਕਾਂ ਨੇ ਫਿਰ ਵੀ ਨਹੀ ਛਡਣਾ। ਗੁਰੂ ਸਾਹਿਬ ਦਾ ਇਹ ਵਾਕ ਸਚ ਹੋਇਆ ਜਦ ਕਪੂਰੇ ਦੇ ਗੁਆਂਢੀ ਈਸਾ ਖਾਨ ਨੇ ਕਪੂਰੇ ਨੂੰ ਲੁਟਿਆ ਤੇ ਫਾਹੇ ਦੇ ਦਿਤਾ।

ਉਥੋਂ ਢਿਲਵਾਂ ਪਹੁੰਚੇ ਜਿਥੇ ਭਾਈ ਸਾਧੂ ਕੋਲ ਜੋ ਪ੍ਰਿਥੀਏ ਦੀ ਔਲਾਦ ਵਿਚੋਂ ਸੀ ਮਿਲੇ ਓਹ ਗੁਰੂ ਸਾਹਿਬ ਵਾਸਤੇ ਚਿਟੇ ਬਸਤਰ ਲੈਕੇ ਆਇਆ। ਨੀਲੇ ਬਸਤਰ ਗੁਰੂ ਸਾਹਿਬ ਨੇ ਲੀਰਾਂ ਕਰ ਕਰਕੇ ਅਗ ਵਿਚ ਸੁਟੀ ਗਏ, ਕਹਿੰਦੇ ਗਏ ਮੁਗਲ ਰਾਜ ਸੜ ਰਿਹਾ ਹੈ। “ਨੀਲ ਬਸਤਰ ਲੈ ਕਪੜੇ ਫਾਰੇ ਤੁਰਕ ਪਠਾਣੀ ਅਮਲ ਗਿਆ ‘ ਗੁਰੂ ਸਾਹਿਬ ਦੀ ਆਪਣੀ ਚੋਂਣ ਤੇ ਚੋਧਰੀ ਕਪੂਰੇ ਤੇ ਭਾਈ ਕੋਲ ਦੀ ਸਲਾਹ ਅਨੁਸਾਰ ਓਨ੍ਹਾ ਨੇ ਖਿਦਰਾਣੇ ਦੀ ਢਾਬ ਤੇ ਮੁਕਾਬਲਾ ਕਰਨਾ ਠੀਕ ਸਮਝਿਆ ਜਿਸਦੇ ਕਈ ਮੁਖ ਕਾਰਣ ਸੀ। ਸਿਰਫ ਇਥੇ ਹੀ ਪਾਣੀ ਸੀ ਤੇ ਅਗੇ ਕੋਹਾਂ ਦੂਰ ਦੂਰ ਤਕ ਖੁਲੀ ਓਜਾੜ ਤੇ ਜੰਗਲ ਬੀਆਬਾਨ ਸੀ ਤੇ ਇਸ ਤੇ ਗੁਰੂ ਸਾਹਿਬ ਦਾ ਕਬਜਾ ਸੀ। ਚਾਰ ਚੁਫੇਰੇ ਕੰਡਿਆਲੀਆਂ ਝਾੜੀਆਂ ਨੇ ਗੁਰੂ ਦੇ ਸਿੰਘ ਸੂਰਬੀਰਾਂ ਨੂੰ ਲੋੜੀਂਦੀ ਓਟ ਪ੍ਰਦਾਨ ਕੀਤੀ। ਗਰਮੀ ਦਾ ਮੋਸਮ ਹੋਣ ਕਰਕੇ ਰੇਤੀਲੀ ਭੂਮੀ ਦੇ ਉਡਣ ਵਾਲੇ ਰੇਤੇ ਨੇ ਵੇਰੀਆਂ ਨੂੰ ਅਖਾਂ ਨਾ ਪੁਟਣ ਦਿਤੀਆਂ ਤੇ ਥੋੜੇ ਹੀ ਸਮੇ ਵਿਚ ਦੁਸ਼ਮਣ ਤੋਬਾ-ਤੋਬਾ ਪੁਕਾਰ ਉਠੇ। ਗਰਮੀ ਦੀ ਰੁਤ ਤੇ ਲਾਗੇ ਚਾਗੇ ਕੋਈ ਹੋਰ ਜਲ-ਸੋਮਾ ਨਾ ਹੋਣਾ ਵੀ ਵੇਰੀਆਂ ਲਈ ਘਾਤਕ ਸਿਧ ਹੋਇਆ ਤੇ ਉਨ੍ਹਾ ਨੇ ਪਿਛੇ ਹਟ ਆਪਣੀਆ ਜਾਨਾ ਬਚਾਓਣ ਨੂੰ ਤਰਜੀਹ ਦਿਤੀ। ਚਾਹੇ ਸਿੰਘ ਗੁਰੂ ਸਾਹਿਬ ਵਲੋਂ ਬਖਸ਼ੀ ਸੂਰਬੀਰਤਾ ਦੇ ਕਾਰਣ ਹੀ ਲੜਾਈ ਜਿਤੇ ਪਰ ਜਗਾ ਦੀ ਚੋਣ ਨੇ ਵੀ ਇਸ ਜਿਤ ਵਿਚ ਬਹੁਤ ਵਡਾ ਹਿਸਾ ਪਾਇਆ ਜਿਸ ਵਿਚ ਗੁਰੂ ਸਾਹਿਬ ਮਾਹਿਰ ਸਨ।

**ਮੁਕਤਸਰ ਦੀ ਜੰਗ**-ਢਿਲਵਾਂ ਕਲਾ ਤੋਂ ਵਿਦਾ ਹੋਕੇ ਜੈਤੋਂ ਪਹੁੰਚੇ। ਇਥੋ ਖਬਰ ਮਿਲੀ ਸਰਹੰਦ ਦਾ ਸੂਬਾ ਫੌਜ਼ ਲੇਕੇ ਵਾਹੋ -ਦਾਹੀ ਆ ਰਿਹਾ ਹੈ। ਗੁਰੂ ਸਾਹਿਬ ਜੈਤੋ -ਸੁਨਿਆਰ, ਰਾਮਿਆਣੇ ਹੁੰਦੇ ਖਿਦਰਾਣੇ ਵਲ ਨੂੰ ਤੁਰ ਪਏ। ਅਜੇ ਓਹ ਰੁਮਿਆਣੇ ਤੇ ਖਿਦਰਾਣੇ ਦੇ ਵਿਚਕਾਰ ਹੀ ਸਨ ਕੀ ਮਾਝੇ ਦੇ ਸਿੰਘਾਂ ਦੇ ਜਥੇ ਜੋ ਪਿੰਡ ਦੇ ਚੋਉਧਰੀਆਂ ਤੇ ਮਸੰਦਾ ਨੇ ਭੇਜਿਆ ਸੀ ਨਾਲ ਮੇਲ ਹੋਇਆ। ਜਥੇ ਨੇ ਸ਼ਰਤ ਰਖੀ ਕੀ ਤੁਸੀਂ ਜੰਗ ਕਰਨੇ ਛਡ ਦਿਓ ਤੇ ਔਰੰਗਜ਼ੇਬ ਨਾਲ ਸੁਲਹ ਕਰ ਲਉ ਤਾਂ ਗੁਰੂ ਸਾਹਿਬ ਨੇ ਕਿਹਾ ਕੀ ਹੁਣ ਸੁਲਹ ਨਹੀ ਹੋ ਸਕਦੀ ਜਦ ਸਭ ਕੁਝ ਖਤਮ ਹੋ ਗਿਆ ਸਾਰਾ ਪਰਿਵਾਰ ਸ਼ਹੀਦ ਹੋ ਗਿਆ ਹੈ, ਪਿਆਰੇ ਸਿਖ ਸ਼ਹੀਦ ਹੋ ਗਏ ਹਨ ਪਹਿਲੇ ਤੁਸੀਂ ਕਿਥੇ ਸੀ। ਇਹ ਸੰਗਤਾਂ ਬੇਦਾਵਾ ਦੇਕੇ ਵਾਪਿਸ ਜਾ ਰਹੀਆਂ ਸਨ। ਇਥੇ ਹੀ ਮਾਈ ਭਾਗੋ ਦੀ ਅਗਵਾਈ ਹੇਠ ਓਹ 40 ਸਿਖ ਜੋ ਆਨੰਦਪੁਰ ਸਾਹਿਬ ਵਿਚ ਬੇਦਾਵਾ ਦੇ ਕੇ ਚਲੇ ਗਏ ਸੀ, ਮਾਫ਼ੀ ਮੰਗਣ ਲਈ ਵਾਪਿਸ ਆ ਰਹੇ ਸੀ। ਰਸਤੇ ਵਿਚ ਉਨ੍ਹਾ ਨੂੰ ਪਤਾ ਲਗਾ ਕਿ ਸੂਬਾ ਸਰਹੰਦ ਦੀਆ ਫੌਜਾਂ ਵਾਹੋ-ਦਾਹੀ ਪਿਛੇ ਆ ਰਹੀਆਂ ਸਨ। ਉਹ ਮਰਦੇ ਦਮ ਤਕ ਗੁਰੂ ਦਾ ਸਾਥ ਦੇਣ ਦਾ ਫੈਸਲਾ ਕਰ ਚੁਕੇ ਸੀ। ਓਨ੍ਹਾ ਨੇ ਸੂਬਾ ਸਰਹੰਦ ਨੂੰ ਰਾਹ ਵਿਚ ਰੋਕਣ ਦਾ ਫੈਸਲਾ ਕਰ ਲਿਆ ਤਾਕਿ ਓਹ ਗੁਰੂ ਸਾਹਿਬ ਤਕ ਨਾ ਪਹੁੰਚ ਸਕਣ। ਆਪਣੀਆਂ ਚਾਦਰਾਂ ਤੇ ਹੋਰ ਕਪੜੇ ਦਰਖਤਾਂ ਉਤੇ ਟੰਗ ਦਿਤੇ ਤਕਿ ਦੂਰੋਂ ਲਗੇ ਕੀ ਕੋਈ ਫੌਜ਼ ਤੰਬੂ ਤਾਣੇ ਡੇਰਾ ਲਗਾਕੇ ਬੈਠੀ ਹੈ। ਆਪ ਓਹ ਝਾੜੀਆਂ ਪਿਛੇ ਐਸੇ ਟਿਕਾਣਿਆ ਤੇ ਬੇਠ ਗਏ ਜਿਥੋਂ ਆਸਾਨੀ ਨਾਲ ਅਉਣ ਵਾਲੀ ਫੌਜ਼ ਤੇ ਹਮਲਾ ਕਰ ਸਕਣ। ਜਦੋਂ ਵਜ਼ੀਰ ਖਾਨ ਦੀ ਫੌਜ਼ ਮਾਰ ਹੇਠ ਪਹੁੰਚੀ ਤਾਂ ਸਿੰਘਾਂ ਨੇ ਗੋਲੀਆਂ ਤੇ ਤੀਰਾਂ ਨਾਲ ਸਵਾਗਤ ਕੀਤਾ। ਬੇਅੰਤ ਦੁਸ਼ਮਨਾ ਨੂੰ ਮੋਤ ਦੇ ਘਾਟ ਉਤਾਰ ਦਿਤਾ। ਜਦ ਤਕ ਸਿੰਘਾਂ ਕੋਲ ਦਾਰੂ ਸਿਕਾ ਰਿਹਾ ਵੇਰੀਆਂ ਨੂੰ ਢੁਕਣ ਨਹੀਂ ਦਿਤਾ ਜਦੋਂ ਖਤਮ ਹੋ ਗਿਆ ਤੇ ਓਹ 5-5 ਦੇ ਜਥਿਆਂ ਵਿਚ ਆਕੇ ਸ਼ੇਰਾਂ ਵਾਂਗ ਟੁਟ ਪਏ। ਗੁਰੂ ਸਾਹਿਬ ਨੇ ਜਦੋਂ ਮ੍ਝੇਲਾਂ ਨੂੰ ਇਸਤਰਾ ਲੜਦਿਆਂ ਦੇਖਿਆ ਤਾਂ ਮਦਤ ਲਈ ਫੌਜ਼ ਭੇਜ ਦਿਤੀ ਤੇ ਆਪ ਉਤੋਂ ਤੀਰ ਛਡਦੇ ਗਏ। ਮ੍ਝੇਲਾਂ ਦੇ ਹੋਸ੍ਲੇ ਵਧ ਗਏ, ਓਹ ਇਸ ਦਲੇਰੀ ਨਾਲ ਲੜੇ ਕਿ ਦੁਸ਼੍ਮਨਾ ਦੀ ਹੋਸ਼ ਟਿਕਾਣੇ ਆ ਗਈ ਤੇ ਲੜਦੇ ਲੜਦੇ ਸਭ ਸ਼ਹੀਦ ਹੋ ਗਏ।

ਕਈ ਮੀਲਾਂ ਦਾ ਸਫਰ, ਓਤੋ ਐਸਾ ਮੁਕਾਬਲਾ, ਗਰਮੀ ਦੀ ਰੁਤ, ਵੈਰੀ ਤ੍ਰੇਹ ਨਾਲ ਹੋਉਕਣ ਲਗ ਪਏ। ਜਿਥੇ ਗੁਰੂ ਸਾਹਿਬ ਦਾ ਕਬਜਾ ਸੀ ਉਥੇ ਪਾਣੀ ਚਾਰੋਂ ਤਰਫੋਂ ਇਕਠਾ ਹੁੰਦਾ ਸੀ ਤੇ ਲੋਕਾਂ ਦੀਆਂ ਸਾਲ ਭਰ ਦੀਆਂ ਜਰੂਰਤਾਂ ਪੂਰੀਆਂ ਕਰਦਾ ਸੀ। ਚੋਧਰੀ ਕਪੂਰੇ ਜਿਸਦੀ ਹਮਦਰਦੀ ਗੁਰੂ ਸਾਹਿਬ ਨਾਲ ਸੀ ਪਰ ਆਇਆ ਓਹ ਵਜੀਰ ਖਾਨ ਦੀ ਫੌਜ਼ ਨਾਲ ਸੀ, ਨੇ ਦਸਿਆ ਕੀ ਅਗੇ 30 ਮੀਲ ਦੀ ਦੂਰੀ ਤਕ ਪਾਣੀ ਨਹੀ ਹੈ ਹਾਂ ਪਿਛੇ। 0 ਮੀਲ ਦੀ ਦੂਰੀ ਤੇ ਪਾਣੀ ਮਿਲ ਜਾਏਗਾ। ਹੋਰ ਲੜਨ ਦੀ ਹਿੰਮਤ ਉਨ੍ਹਾ ਵਿਚ ਨਹੀਂ ਸੀ ਸੋ ਪਿਛੇ ਪਰਤਣਾ ਹੀ ਠੀਕ ਸਮਝਿਆ। ਗੁਰੂ ਸਾਹਿਬ ਦੀ ਜਿਤ ਹੋਈ .। ਅਕਾਲ ਪੁਰਖ ਦੀ ਜਿਤ ਹੋਈ। ਗੁਰੂ ਸਾਹਿਬ ਢਾਬ ਤੇ ਥਲੇ ਆਏ। ਅਕਾਲ ਪੁਰਖ ਦਾ ਧੰਨਵਾਦ ਕੀਤਾ। ਇਕ ਇਕ ਸਹੀਦ ਸਿਖ ਨੂੰ, ਮੇਰਾ ਪੰਜ ਹਜ਼ਾਰੀ, ਮੇਰਾ ਦਸ ਹਜ਼ਾਰੀ ਕਹਿਕੇ ਨਿਵਾਜਿਆ। ਇਕ ਇਕ ਨੂੰ ਆਪਣੀ ਗੋਦੀ ਵਿਚ ਲਿਆ, ਮੂੰਹ ਸਾਫ਼ ਕੀਤਾ, ਅਸੀਸਾਂ ਦਿਤੀਆ। ਅਖੀਰ ਮਹਾਂ ਸਿੰਘ ਕੋਲ ਆਏ। ਉਸਦਾ ਸਵਾਸ ਚਲ ਰਿਹਾ ਸੀ, ਮੂੰਹ ਵਿਚ ਪਾਣੀ ਪਾਇਆ। ਜਦ ਉਸਨੂੰ ਥੋੜੀ ਹੋਸ਼ ਆਈ, ਗੁਰੂ ਸਾਹਿਬ ਨੇ ਕਿਹਾ “ਕੁਝ ਮੰਗ ਲੈ ” ਮੇਰਾ ਸਿਰ ਤੁਹਾਡੀ ਗੋਦੀ ਵਿਚ ਹੈ ਇਸਤੋਂ ਵਧ ਮੈਨੂੰ ਕੀ ਚਾਹੀਦਾ ਹੈ ? ਗੁਰ ਸਾਹਿਬ ਨੇ ਫਿਰ ਕਿਹਾ ਸਿਖਾ ਕੁਝ ਮੰਗ ਲੈ ਤਾਂ ਮਹਾਂ ਸਿੰਘ ਨੇ ਕਿਹਾ ਜੇ ਤੁਸੀਂ ਤਰੁਠੇ ਹੋ ਤਾਂ ਜੇਹੜਾ ਬੇਦਾਵਾ ਅਸੀਂ ਦੇਕੇ ਆਏ ਸੀ ਉਸ ਨੂੰ ਫਾੜ ਦਿਉ। ਗੁਰੂ ਸਾਹਿਬ ਨੇ ਝਟ ਕਮਰਕਸੇ ਵਿਚੋਂ ਬੇਦਾਵਾ ਕਢਿਆ ਤੇ ਫਾੜ ਦਿਤਾ ਤੇ ਕਹਿਣ ਲਗੇ, ” ਬੇਦਾਵਾ ਤਾ ਤੁਸਾਂ ਨੇ ਦਿਤਾ ਸੀ ਅਸਾਂ ਨੇ ਤਾ ਕਦੀ ਤੁਹਾਨੂੰ ਆਪਣੇ ਆਪ ਤੋਂ ਅੱਲਗ ਨਹੀ ਕੀਤਾ। ਫਿਰ ਓਹ ਮਾਈ ਭਾਗੋ ਕੋਲ ਗਏ ਜੋ ਬੁਰੀ ਤਰਹ ਜਖਮੀ ਹੋ ਚੁਕੀ ਸੀ ਪਰ ਜਿੰਦਾ ਸੀ। ਗੁਰੂ ਸਾਹਿਬ ਨੇ ਆਪਣੀ ਨਿਗਰਾਨੀ ਹੇਠ ਉਸਦਾ ਇੱਲਾਜ਼ ਕਰਵਾਇਆ। ਉਸਦੇ ਪਤੀ ਤੇ ਦੋਨੋ ਭਰਾ ਇਸ ਜੰਗ ਵਿਚ ਸ਼ਹੀਦ ਹੋ ਚੁਕੇ ਸਨ। ਓਹ ਵਾਪਿਸ ਨਹੀ ਗਈ ਤੇ ਅਮ੍ਰਿਤ ਛਕਕੇ ਕੇ ਆਖਰੀ ਸਾਹ ਤਕ ਗੁਰੂ ਘਰ ਦੀ ਸੇਵਾ ਕਰਦੀ ਰਹੀ। ਸ਼ਹੀਦਾਂ ਦਾ ਸਸਕਾਰ ਕਰਕੇ ਇਨ੍ਹਾ ਨੂੰ ਮੁਕਤੀ ਦਾ ਆਸ਼ੀਰਵਾਦ ਦਿਤਾ। ਇਸ ਜਗਹ ਦਾ ਨਾਂ ਗੁਰੂ ਸਾਹਿਬ ਨੇ ਆਪ ਮੁਕਤਸਰ ਰਖ਼ਿਆ।

ਯਾ ਤੇ ਨਾਮ ਮੁਕਤਿਸਰ ਹੋਆ।।
ਜੋ ਮਜਹਿ ਤਿਨ ਹੀ ਅਘ ਖੋਆ।।
ਆਸ ਮਹਿਮਾ ਸ੍ਰੀ ਮੁਖ ਤੇ ਕਹੀ।।
ਸੋ ਅਬ ਪ੍ਰਗਟ ਜਗਤ ਮੈ ਸਹੀ।।

ਇਸ ਜੰਗ ਤੋ ਬਾਦ ਇਹ ਜਗਹ ਸਿਖ ਇਤਿਹਾਸ ਵਿਚ ਇਕ ਇਤਿਹਾਸਿਕ ਤੇ ਅਧਿਆਤਮਿਕ ਜਗਹ ਦੀ ਤੋਰ ਤੇ ਜਿਥੇ 40 ਮੁਕਤਿਆਂ ਦੇ ਸਿਖੀ ਸਿਦਕ ਦਾ ਅਥਾਹ ਸੋਮਾ ਹੈ , ਹਮੇਸ਼ਾ ਲਈ ਅਮਰ ਹੋ ਗਈ ਇਸ ਬਾਰੇ ਇਕ ਸ਼ਾਇਰ ਨੇ ਲਿਖਿਆ ਹੈ :

ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਹੈ ਕਾਅਬਾ।
ਸ਼ਹੀਦੋਂ ਕੀ ਖਾਕ ਪੈ ਤੋ ਖੁਦਾ ਖੁਦ ਭੀ ਕੁਰਬਾਨ ਹੋਤਾ ਹੈ।।

ਮੁਕਤਸਰ ਦੀ ਜੰਗ ਗੁਰੂ ਸਾਹਿਬ ਦੀ ਮੁਗਲ ਹਕੂਮਤ ਨਾਲ ਆਖਰੀ ਜੰਗ ਸੀ। ਇਹ ਜੰਗ ਦੁਨਿਆ ਦੇ ਇਤਿਹਾਸ ਵਿਚ ਸਮੂਹਕ ਸ਼ਹਾਦਤ, ਅਸਾਵੀਂ ਟਕਰ ਤੇ ਜਿਤ ਦੀ ਅਦੁਤੀ ਮਿਸਾਲ ਹੈ। ਜਿਸ ਵਿਚ 40 ਸਿਖਾਂ ਨੇ 500 ਸਾਲ ਪੁਰਾਣੇ ਸਮਰਾਜ ਦੀ ਭਾਰੀ ਗਿਣਤੀ ਦੀ ਫੌਜ਼ ਦਾ ਰਾਹ ਰੋਕ ਲਿਆ ਤੇ ਉਸ ਨੂੰ ਆਪਣੇ ਮਕਸਦ ਵਿਚ ਕਾਮਯਾਬ ਨਹੀ ਹੋਣ ਦਿਤਾ।

ਮੁਕਤਸਰ ਤੋਂ ਪਿੰਡ ਸਰਨ ਹੁੰਦੇ ਨਾਥੋਨਾ ਆ ਗਏ। ਇਥੇ ਗੁਰੂ ਸਾਹਿਬ ਨੂੰ ਡੇਰਾ ਨਹੀਂ ਕਰਨ ਦਿਤਾ ਗਿਆ। ਨਾਥੋਨਾ ਤੋ ਗੁਪਤ੍ਸਰ ਪਹੁੰਚੇ ਜਿਥੇ ਨੋਕਰਾਂ ਨੇ ਤਨਖਾਹਾਂ ਮੰਗੀਆਂ। ਗੁਰੂ ਸਾਹਿਬ ਨੇ ਆਪਣੀ ਮਜਬੂਰੀ ਦਸੀ। ਫਿਰ ਛਤੀਆਣਾ ਆਏ। ਇਥੇ ਫਕੀਰ ਇਬ੍ਰਾਹਿਮ ਜੋ ਬੜੀ ਕਰਨੀ ਵਾਲਾ ਫਕੀਰ ਸੀ, ਇਨਾਂ ਦਾ ਸ਼ਰਧਾਲੂ ਬਣ ਗਿਆ ਤੇ ਆਖਰੀ ਉਮਰ ਤਕ ਗੁਰੂ ਸਹਿਬ ਦੀ ਹਜ਼ੂਰੀ ਵਿਚ ਰਿਹਾ।

ਜਦੋਂ ਗੁਰੂ ਸਾਹਿਬ ਲਖੀ ਜੰਗਲ ਪਹੁੰਚੇ ਤਾਂ ਤਨਖਾਹਦਾਰਾਂ ਨੇ ਗੁਰੂ ਸਾਹਿਬ ਦੇ ਘੋੜੇ ਦੀ ਲਗਾਮ ਪਕੜ ਲਈ ਕਿ ਅਗੇ ਅਸੀਂ ਤਾਂ ਜਾਣ ਦਿਆਂਗੇ ਸਾਡਾ ਲੇਖਾ ਨਿਬੇੜੋਗੇ। ਗੁਰੂ ਸਾਹਿਬ ਨੇ ਕਿਹਾ ਕੀ ਅਜ ਕਲ ਮਾਇਆ ਦੀ ਤੋਟ ਹੈ, ਅਕਾਲ ਪੁਰਖ ਜਲਦੀ ਹੀ ਕੁਝ ਕਰੇਗਾ, ਪਰ ਓਹ ਨਾ ਮੰਨੇ। ਗੁਰੂ ਸਾਹਿਬ ਨੇ ਕਿਹਾ ਕੀ ਇਕ ਪਾਸੇ ਮੈ ਤੇ ਦੂਜੇ ਪਾਸੇ ਮਾਇਆ, ਸਿਖੀ ਚਾਹੀਦੀ ਹੈ ਜਾਂ ਮਾਇਆ ਤਾਂ ਉਨਾ ਨੇ ਕਿਹਾ ਸਿਖ ਤੇ ਅਸੀਂ ਹਾਂ ਮਾਇਆ ਦੇ ਦਿਉ। ਇਨੇ ਨੂੰ ਇਕ ਸਿਖ ਮੋਹਰਾਂ ਦੀ ਛਟ ਲੇਕੇ ਆ ਗਿਆ। ਸਭ ਨੂੰ ਮੋਹਰਾਂ ਵੰਡ ਦਿਤੀਆ ਗਈਆਂ। ਓਹਨਾਂ ਦਾ ਮੋਹਰੀ ਸੀ ਓਸ ਕੋਲੋਂ ਪੁਛਿਆ ਤੈਨੂੰ ਕਿਸ ਹਿਸਾਬ ਨਾਲ ਤਨਖਾਹ ਚਾਹੀਦੀ ਹੈ ਤਾਂ ਉਸਨੇ ਕਿਹਾ ਕਿ ਮੈਨੂੰ ਤਾਂ ਸਿਖੀ ਚਾਹੀਦੀ ਹੈ। ਸਿਖੀ ਦਾ ਦਾਨ ਦੇਕੇ ਆਪਣੇ ਚਰਨਾ ਵਿਚ ਨਿਵਾਸ ਬਖਸ਼ੋ। ਗੁਰੂ ਸਾਹਿਬ ਨੇ ਉਸਨੂੰ ਆਸ਼ੀਰਵਾਦ ਦਿਤਾ ਤੇ ਕਿਹਾ, “ਤੂੰ ਸਿਖੀ ਦੀ ਜੜ ਮਾਲਵੇ ਵਿਚ ਰਖ ਲਈ ਹੈ“।

ਲਖੀ ਜੰਗਲ ਦੇ ਜਦ ਸੁੰਦਰ ਨਜ਼ਾਰੇ ਦੇਖੇ ਤਾਂ ਕੁਝ ਦੇਰ ਇਥੇ ਠਹਿਰਨ ਦਾ ਫੈਸਲਾ ਕਰ ਲਿਆ। ਚਿਰਾਂ ਤੋ ਵਿਛੜੇ ਸਿਖ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾ ਗੁਰੂ ਸਾਹਿਬ ਦੇ ਦਰਸ਼ਨ ਲਈ ਅਉਣ ਲਗ ਪਈਆਂ, ਕਵੀ ਤੇ ਢਾਡੀ ਜੋ ਆਨੰਦਪੁਰ ਛੋੜਨ ਤੋ ਬਾਅਦ ਵਿਛੜ ਗਏ ਮੁੜ ਆ ਜੁੜੇ। ਕੀਰਤਨ, ਦਰਬਾਰ, ਕਥਾ ਵਖਿਆਨ ਤੇ ਕਵੀ ਦਰਬਾਰ ਲਗਣ ਲਗ ਪਏ। ਮੁੜ ਕੇ ਓਹੀ ਰੋਣਕਾ ਜੋ ਕਦੀ ਆਨੰਦਪੁਰ ਸਾਹਿਬ ਵਿਚ ਸਨ। ਪਰ ਵਕਤ ਤੇ ਹਾਲਤ ਬਦਲ ਚੁਕੇ ਸਨ। ਇਥੇ ਕੁਝ ਦੇਰ ਠਹਿਰ ਕੇ ਪ੍ਰਚਾਰ ਕਰਦੇ ਕਰਦੇ ਸਾਬੋਂ ਕੀ ਤਲਵੰਡੀ ਜਾ ਪਹੁੰਚੇ ਇਥੇ ਹੋਰ ਸੰਗਤਾਂ ਦੇ ਨਾਲ ਨਾਲ ਉਨਾਂ ਦਾ ਪਰਿਵਾਰ ਵੀ ਆ ਪਹੁੰਚਿਆ। ਮਾਤਾ ਸੁੰਦਰੀ ਨੇ ਬਚਿਆਂ ਨੂੰ ਉਨ੍ਹਾ ਨਾਲ ਨਾ ਦੇਖਕੇ ਪੁਛਿਆ, ” ਬਚੇ ਨਹੀਂ ਦਿਸਦੇ ਪਏ ਕਿਥੇ ਹਨ ? ਤਾ ਗੁਰੂ ਸਾਹਿਬ ਨੇ ਖਾਲਸੇ ਵਲ ਸੰਬੋਧਨ ਕਰਕੇ ਕਿਹਾ:

ਇਨ ਪੁਤ੍ਰਨ ਕੇ ਸੀਸ ਪੈ ਵਾਰ ਦੀਆ ਸੁਤ ਚਾਰ
ਚਾਰ ਮੁਏ ਤੋ ਕਿਆ ਹੁਆ ਜੀਵਤ ਕਈ ਹਜ਼ਾਰ

## ਜਥੇਦਾਰ ਦਰਸ਼ਨ ਸਿੰਘ ਮੰਡ

## ਸੀਨੀਅਰ ਅਕਾਲੀ ਆਗੂ

# ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

## ਸ. ਅਰਸ਼ਦੀਪ ਸਿੰਘ ਸਮਰਾ

### ਮੁੱਖ ਸੰਪਾਦਕ

### ਅੱਜ ਦੀ ਆਵਾਜ਼



# ਖਾਲਸਾ ਮੇਰਾ ਰੂਪ ਹੈ ਖਾਸ । ਖਾਲਸੇ ਮੈ ਹਓ ਕਰਯੋਂ ਨਿਵਾਸ ।



ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

## ਜਥੇਦਾਰ ਦਲੀਪ ਸਿੰਘ ਚਕਰ

### ਕਨਵੀਨਰ

### ਇੰਟਰਨੈਸ਼ਨਲ ਪੰਥਕ ਦਲ

# ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

## ਹਰਚੰਦ ਸਿੰਘ ਚਕਰ

ਪ੍ਰਧਾਨ,

ਇੰਟਰਨੈਸ਼ਨਲ ਪੰਥਕ ਦਲ



# ਖਾਲਸਾ ਮੇਰਾ ਰੂਪ ਹੈ ਖਾਸ । ਖਾਲਸੇ ਮੈ ਹਓ ਕਰਯੋਂ ਨਿਵਾਸ ।



ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

## ਭਾਈ ਸਤਵੰਤ ਸਿੰਘ

ਸਪੁੱਤਰ

## ਸ਼ਹੀਦ ਭਾਈ ਕੇਹਰ ਸਿੰਘ

# ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--★ ਗੁਰੂ ਪੰਥ ਦਾ ਸੇਵਾਦਾਰ ★--

## ਭਾਈ ਜਗਤਾਰ ਸਿੰਘ ਰੋਡੇ

ਮੈਂਬਰ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ



# ਖਾਲਸਾ ਮੇਰਾ ਰੂਪ ਹੈ ਖਾਸ । ਖਾਲਸੇ ਮੈ ਹਉ ਕਰਯੋਂ ਨਿਵਾਸ ।



ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

## ਭਾਈ ਗੁਰਦੀਪ ਸਿੰਘ ਬਠਿੰਡਾ

ਪ੍ਰਧਾਨ

## ਯੂਨਾਈਟਿਡ ਅਕਾਲੀ ਦਲ

# ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

## ਬਾਬਾ ਨਛੱਤਰ ਸਿੰਘ ਜੀ

### ਭੈਣੀ ਮੱਸਾ ਸਿੰਘ

### ਪ੍ਰਧਾਨ, ਆਸਟਰੀਆ (ਯੂਰਪ)



# ਖਾਲਸਾ ਮੇਰਾ ਰੂਪ ਹੈ ਖਾਸ। ਖਾਲਸੇ ਮੈ ਹਓ ਕਰਯੋਂ ਨਿਵਾਸ।



ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

## ਜਥੇਦਾਰ ਰਣਧੀਰ ਸਿੰਘ

ਪ੍ਰਧਾਨ

ਇੰਟਰਨੈਸ਼ਨਲ ਪੰਥਕ ਦਲ

ਸੰਗਰੂਰ

# ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

## ਜਥੇਦਾਰ ਬੂਟਾ ਸਿੰਘ ਰਣਸੀਂਹ

ਸੀਨੀਅਰ ਆਗੂ

(ਯੂਨਾਈਟਿਡ ਅਕਾਲੀ ਦਲ)



# ਖਾਲਸਾ ਮੇਰਾ ਰੂਪ ਹੈ ਖਾਸ । ਖਾਲਸੇ ਮੈ ਹਓ ਕਰਯੋਂ ਨਿਵਾਸ ।



ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

# ਸੰਤ ਬਾਬਾ ਜਤਿੰਦਰ ਸਿੰਘ

## ਗੋਬਿੰਦਬਾਗ ਵਾਲੇ

ਕਾਰਜਕਾਰੀ ਪ੍ਰਧਾਨ

ਇੰਟਰਨੈਸ਼ਨਲ ਪੰਥਕ ਦਲ

# ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--⋆ ਗੁਰੂ ਪੰਥ ਦਾ ਸੇਵਾਦਾਰ ⋆--

## ਹਰਕ੍ਰਿਸ਼ਨ ਸਿੰਘ ਕੋਠੇਜੀਵਾ

ਪ੍ਰਧਾਨ ਦਿਹਾਤੀ

ਜ਼ਿਲ੍ਹਾ ਲੁਧਿਆਣਾ



# ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



★ ਗੁਰੂ ਪੰਥ ਦਾ ਸੇਵਾਦਾਰ ★

## ਪਰਗਟ ਸਿੰਘ ਬਲਜੀਤ ਕੌਰ ਅਤੇ ਪਰਿਵਾਰ



# ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਲੋਕਾਈ ਨੂੰ ਕੋਟਿਨ-ਕੋਟਿ ਮੁਬਾਰਕਾਂ ਦਿੰਦੇ ਹਾਂ।**

ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦੁਨੀਆਂ ਵਿੱਚ ਹੱਕ-ਸੱਚ ਤੇ ਇਨਸਾਨੀਅਤ ਪਹਿਰਾ ਦੇਣ ਵਾਲੇ ਸਿੱਖ ਧਰਮ ਦੇ ਦਸਵੇਂ ਮਹਾਨ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੰਦੇ ਹਾਂ।



--✶ ਗੁਰੂ ਪੰਥ ਦਾ ਸੇਵਾਦਾਰ ✶--

# ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ



ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7l

International Daily Newspaper & WEB TV

awazeqaumtvpunjab@gmail.com

ਸ਼ਨੀਵਾਰ, 27 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੩ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਭਾਰਤ 'ਚ 16 ਸਾਲਾਂ ਤੋਂ ਘੱਟ ਉਮਰ ਦੇ ਨਿਆਣਿਆਂ 'ਤੇ ਲੱਗੇ ਸੋਸ਼ਲ ਮੀਡੀਆ 'ਤੇ ਪਾਬੰਦੀ : ਹਾਈਕੋਰਟ

**ਮਦੁਰਾਈ, 26 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਮਦਰਾਸ ਹਾਈ ਕੋਰਟ ਦੇ ਮਦੁਰਾਈ ਬੈਂਚ ਨੇ ਫ਼ੈਸਲਾ ਸੁਣਾਇਆ ਹੈ ਕਿ ਕੇਂਦਰ ਸਰਕਾਰ ਬੱਚਿਆਂ ਵਲੋਂ ਇੰਟਰਨੈੱਟ ਦੀ ਵਰਤੋਂ ਨਿਯਮਤ ਕੀਤੇ ਜਾਣ ਨੂੰ ਲੈ ਕੇ ਇੱਕ ਅਜਿਹਾ ਕਾਨੂੰਨ ਬਣਾਉਣ 'ਤੇ ਵਿਚਾਰ ਕਰ ਸਕਦੀ ਹੈ, ਜਿਵੇਂ ਆਸਟ੍ਰੇਲੀਆ ਵਿੱਚ ਲਾਗੂ ਕੀਤਾ ਗਿਆ ਹੈ। ਅਦਾਲਤ ਨੇ ਕਿਹਾ ਕਿ ਜਦੋਂ ਤੱਕ ਅਜਿਹਾ ਕਾਨੂੰਨ ਨਹੀਂ ਲਾਗੂ ਨਹੀਂ ਹੋ ਜਾਂਦਾ, ਉਦੋਂ ਤੱਕ ਰਾਜ ਅਤੇ ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਬੱਚਿਆਂ ਵਿੱਚ ਬਾਲ ਅਧਿਕਾਰਾਂ ਅਤੇ ਸੁਰੱਖਿਅਤ ਇੰਟਰਨੈੱਟ ਵਰਤੋਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਕਾਰਜ ਯੋਜਨਾ ਵਿਕਸਤ ਕਰ ਸਕਦੇ ਹਨ। ਅਦਾਲਤ ਵੱਲੋਂ ਸੁਝਾਏ ਗਏ ਢਾਂਚੇ ਦਾ ਉਦੇਸ਼ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਅਕਾਊਂਟ ਰੱਖਣ ਤੋਂ ਰੋਕਣਾ ਹੈ, ਕਿਉਂਕਿ ਨਾਬਾਲਗਾਂ ਦੇ ਨੁਕਸਾਨਦੇਹ ਆਨਲਾਈਨ ਸਮੱਗਰੀ ਦੇ ਸੰਪਰਕ ਵਿੱਚ ਆਉਣ ਦਾ ਜੋਖਮ ਹੁੰਦਾ ਹੈ। ਜਸਟਿਸ ਜੀ ਜੈਚੰਦਰਨ ਅਤੇ ਜਸਟਿਸ ਕੇ ਕੇ ਰਾਮਕ੍ਰਿਸ਼ਨਨ ਦੀ ਡਿਵੀਜ਼ਨ ਬੈਂਚ ਨੇ ਹਾਲ ਹੀ ਵਿੱਚ ਇਹ ਟਿੱਪਣੀਆਂ ਉਦੋਂ ਕੀਤੀਆਂ, ਜਦੋਂ ਪਟੀਸ਼ਨਰ ਐੱਸ ਵਿਜੇਕੁਮਾਰ ਦੀ ਨੁਮਾਇੰਦਗੀ ਕਰ ਰਹੇ ਵਕੀਲ ਕੇ ਪੀ ਐੱਸ ਪਲਾਨੀਵੇਲ ਰਾਜਨ ਨੇ ਇੱਕ ਨਵੇਂ ਆਸਟ੍ਰੇਲੀਆਈ ਕਾਨੂੰਨ ਦਾ ਹਵਾਲਾ ਦਿੱਤਾ, ਜੋ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੁਆਰਾ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾਉਂਦਾ ਹੈ।

### ਅਦਾਲਤੀ ਕੰਪਲੈਕਸ ਨੂੰ ਕਰਵਾਇਆ ਖਾਲੀ

# ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਚੰਡੀਗੜ੍ਹ, 26 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਦੇ ਸੈਕਟਰ 43 ਵਿੱਚ ਜ਼ਿਲ੍ਹਾ ਅਦਾਲਤ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਹੜਕੰਪ ਮਚ ਗਿਆ ਹੈ। ਧਮਕੀ ਮਿਲਣ 'ਤੇ ਅਦਾਲਤ ਕੰਪਲੈਕਸ ਨੂੰ ਤੁਰੰਤ ਖਾਲੀ ਕਰਵਾ ਲਿਆ ਗਿਆ। ਸਥਾਨਕ ਪੁਲਿਸ, ਸੀਨੀਅਰ ਪੁਲਿਸ ਅਧਿਕਾਰੀਆਂ, ਬੰਬ ਸਕੁਐਡ ਅਤੇ ਹੋਰ ਸੁਰੱਖਿਆ ਏਜੰਸੀਆਂ ਦੇ ਨਾਲ ਮੌਕੇ 'ਤੇ ਪਹੁੰਚ ਗਈ।ਕਿਸੇ ਨੂੰ ਵੀ ਅਦਾਲਤ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੈ; ਅਦਾਲਤ ਕੰਪਲੈਕਸ ਦੇ ਦੋਵੇਂ ਗੇਟ ਬੰਦ ਕਰ ਦਿੱਤੇ ਗਏ ਹਨ। ਪੁਲਿਸ ਨੇ ਸਾਰੇ ਪਾਸਿਆਂ ਤੋਂ ਪੂਰੇ ਕੰਪਲੈਕਸ ਨੂੰ ਸੀਲ ਕਰ ਦਿੱਤਾ ਹੈ। ਅੰਦਰ ਜਾਣ ਅਤੇ ਬਾਹਰ ਜਾਣ ਵਾਲੇ ਰਸਤਿਆਂ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਅਦਾਲਤ ਕੰਪਲੈਕਸ ਦੇ ਅੰਦਰ ਤਲਾਸ਼ੀ ਮੁਹਿੰਮ ਚੱਲ ਰਹੀ ਹੈ। ਸੂਤਰਾਂ ਅਨੁਸਾਰ ਇਹ ਧਮਕੀ ਈਮੇਲ ਰਾਹੀਂ ਆਈ ਸੀ। ਧਮਕੀ ਦੇਣ ਵਾਲੇ ਨੇ ਡਰੋਨ ਦੇ ਜ਼ਰੀਏ ਬੰਬ ਬਲਾਸਟ ਕਰਕੇ ਅਦਾਲਤ ਨੂੰ ਉਡਾਉਣ ਦੀ ਧਮਕੀ ਦਿੱਤੀ ਸੀ।




**ਈਮੇਲ ਜ਼ਰੀਏ ਦਿੱਤੀ ਧਮਕੀ**-ਜ਼ਿਲ੍ਹਾ ਅਦਾਲਤ ਕੰਪਲੈਕਸ ਨੂੰ ਉਡਾਉਣ ਦੀ ਇਹ ਧਮਕੀ ਈਮੇਲ ਰਾਹੀਂ ਦਿੱਤੀ ਗਈ ਸੀ। ਬੰਬ ਸਕੁਐਡ ਪੂਰੇ ਕੰਪਲੈਕਸ ਦੀ ਪੂਰੀ ਤਰ੍ਹਾਂ ਤਲਾਸ਼ੀ ਲੈ ਰਿਹਾ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ। ਸੁਰੱਖਿਆ ਕਾਰਨਾਂ ਕਰਕੇ ਅਦਾਲਤ ਕੰਪਲੈਕਸ ਦੇ ਆਲੇ-ਦੁਆਲੇ ਭਾਰੀ ਪੁਲਿਸ ਤਾਇਨਾਤ ਕੀਤੀ ਗਈ ਹੈ। ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੂੰ ਇਸ ਸਾਲ ਤਿੰਨ ਵਾਰ ਧਮਕੀਆਂ ਮਿਲੀਆਂ ਹਨ। 22 ਮਈ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਈਮੇਲ ਰਾਹੀਂ ਬੰਬ ਦੀ ਧਮਕੀ ਮਿਲੀ, ਜਿਸ ਕਾਰਨ ਪੂਰੇ ਕੰਪਲੈਕਸ ਨੂੰ ਖਾਲੀ ਕਰਵਾ ਲਿਆ ਗਿਆ। ਠੀਕ ਇੱਕ ਹਫ਼ਤੇ ਬਾਅਦ ਹਰਿਆਣਾ ਸਿਵਲ ਸਕੱਤਰੇਤ (ਮੁੱਖ ਮੰਤਰੀ ਦਫ਼ਤਰ ਸਮੇਤ) ਨੂੰ ਫ਼ੋਨ ਰਾਹੀਂ ਬੰਬ ਦੀ ਧਮਕੀ ਮਿਲੀ। ਬਾਅਦ ਵਿੱਚ ਪੂਰੀ ਇਮਾਰਤ ਨੂੰ ਖਾਲੀ ਕਰਵਾ ਲਿਆ ਗਿਆ। ਇਸ ਦੌਰਾਨ ਚੰਡੀਗੜ੍ਹ ਤੋਂ ਮੁੰਬਈ ਜਾ ਰਹੀ ਇੰਡੀਗੋ ਦੀ ਇੱਕ ਉਡਾਣ ਨੂੰ 6 ਅਤੇ 7 ਮਈ ਨੂੰ ਬੰਬ ਦੀ ਧਮਕੀ ਮਿਲੀ, ਜਿਸ ਕਾਰਨ ਮੁੰਬਈ ਹਵਾਈ ਅੱਡੇ 'ਤੇ ਅਲਰਟ ਜਾਰੀ ਕਰ ਦਿੱਤਾ ਗਿਆ ਸੀ।

## ਪੰਜਾਬ ਦੇ ਰਿਟਾਇਰਡ ਆਈ. ਜੀ. ਦੇ 3 ਕਰੋੜ ਫ੍ਰੀਜ, ਠੱਗੀ ਤੋਂ ਬਾਅਦ 25 ਬੈਂਕ ਖਾਤੇ ਸੀਲ

**ਪਟਿਆਲਾ, 26 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸੇਵਾਮੁਕਤ ਪੰਜਾਬ ਇੰਸਪੈਕਟਰ ਜਨਰਲ (ਆਈ. ਜੀ.) ਅਮਰ ਸਿੰਘ ਚਾਹਲ ਨਾਲ ਜੁੜੇ ਇੱਕ ਬਹੁ-ਕਰੋੜੀ ਸਾਈਬਰ ਧੋਖਾਧੜੀ ਮਾਮਲੇ ਵਿੱਚ, ਪੁਲਿਸ ਨੇ ਹੁਣ ਤੱਕ ਲਗਭਗ 25 ਬੈਂਕ ਖਾਤਿਆਂ ਨੂੰ ਫ੍ਰੀਜ਼ ਕਰ ਦਿੱਤਾ ਹੈ ਅਤੇ 810 ਕਰੋੜ ਰੁਪਏ (ਲਗਭਗ 30 ਮਿਲੀਅਨ ਡਾਲਰ) ਵਿੱਚੋਂ ਲਗਭਗ 3 ਕਰੋੜ ਰੁਪਏ (ਲਗਭਗ 30 ਮਿਲੀਅਨ ਡਾਲਰ) ਦੇ ਲੈਣ-ਦੇਣ ਨੂੰ ਰੋਕ ਦਿੱਤਾ ਹੈ। ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਧੋਖਾਧੜੀ ਨੈੱਟਵਰਕ ਦੇ ਤਾਰ ਮਹਾਰਾਸ਼ਟਰ ਨਾਲ ਜੁੜੇ ਹੋਏ ਹਨ। ਪੁਲਿਸ ਅਧਿਕਾਰੀਆਂ ਦੇ ਅਨੁਸਾਰ, ਦੋਸ਼ੀਆਂ ਦੀ ਪਛਾਣ ਕਰ ਲਈ ਗਈ ਹੈ, ਅਤੇ ਇੱਕ ਉੱਚ-ਪੱਧਰੀ ਜਾਂਚ ਟੀਮ ਉਨ੍ਹਾਂ ਨੂੰ ਫੜਨ ਲਈ ਲਗਾਤਾਰ ਤਕਨੀਕੀ ਅਤੇ ਬੈਂਕਿੰਗ ਟ੍ਰੇਲ ਦੀ ਪਾਲਣਾ ਕਰ ਰਹੀ ਹੈ। ਪੁਲਿਸ ਨੇ ਅਜੇ ਤੱਕ ਅਮਰ ਸਿੰਘ ਚਾਹਲ ਦਾ ਬਿਆਨ ਦਰਜ ਨਹੀਂ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਡਾਕਟਰਾਂ ਤੋਂ ਇਜਾਜ਼ਤ ਮਿਲਣ ਤੋਂ ਬਾਅਦ ਐਤਵਾਰ ਨੂੰ ਹਸਪਤਾਲ ਵਿੱਚ ਉਨ੍ਹਾਂ ਦਾ ਬਿਆਨ ਦਰਜ ਕੀਤਾ ਜਾ ਸਕਦਾ ਹੈ। ਬਿਆਨ ਦਰਜ ਕਰਨ ਨਾਲ ਜਾਂਚ ਵਿੱਚ ਹੋਰ ਮਹੱਤਵਪੂਰਨ ਵੇਰਵਿਆਂ ਦਾ ਖੁਲਾਸਾ ਹੋਣ ਦੀ ਉਮੀਦ ਹੈ। ਜਾਂਚ ਏਜੰਸੀਆਂ ਨੇ ਹੁਣ ਤੱਕ ਤਿੰਨ ਮੁੱਖ ਦੋਸ਼ੀਆਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਦੇ ਬਾਰੇ ਵਿੱਚ ਦੱਸਿਆ ਜਾ ਰਿਹਾ ਹੈ ਕਿ ਉਹ ਮਹਾਰਾਸ਼ਟਰ ਤੋਂ ਹਨ। ਪੁਲਿਸ ਦਾ ਕਹਿਣਾ ਹੈ ਕਿ ਧੋਖਾਧੜੀ ਕਰਨ ਵਾਲਿਆਂ ਨੇ ਸੇਵਾਮੁਕਤ ਆਈਜੀ ਦੇ ਖਾਤੇ ਵਿੱਚੋਂ ਪੈਸੇ ਕਢਵਾਏ ਅਤੇ ਇਸਨੂੰ ਕਈ ਵੱਖ-ਵੱਖ ਖਾਤਿਆਂ ਵਿੱਚ ਟ੍ਰਾਂਸਫਰ ਕਰ ਦਿੱਤਾ ਤਾਂ ਜੋ ਰਕਮ ਦਾ ਪਤਾ ਲਗਾਉਣਾ ਮੁਸ਼ਕਲ ਹੋ ਸਕੇ। ਪੁਲਿਸ ਟੀਮਾਂ ਨੂੰ ਇਹ ਵੀ ਜਾਣਕਾਰੀ ਮਿਲੀ ਹੈ ਕਿ ਪੂਰੇ ਸਾਈਬਰ ਧੋਖਾਧੜੀ ਨੈੱਟਵਰਕ ਵਿੱਚ ਘੱਟੋ-ਘੱਟ 10 ਲੋਕਾਂ ਦੀ ਸ਼ਮੂਲੀਅਤ ਹੈ। ਧੋਖਾਧੜੀ ਕਰਨ ਵਾਲਿਆਂ ਨੇ ਕਥਿਤ ਤੌਰ 'ਤੇ ਲੋਕਾਂ ਨੂੰ ਸ਼ੇਅਰ ਵਪਾਰ ਵਿੱਚ ਭਾਰੀ ਮੁਨਾਫ਼ੇ ਦਾ ਵਾਅਦਾ ਕਰਕੇ ਫਸਾਉਂਦੇ ਸੀ। ਜਾਂਚ ਵਿੱਚ



## ਡਿਜੀਟਲ ਅਰੈਸਟ ਮਾਮਲੇ 'ਚ ਈ. ਡੀ. ਦੀ ਕਾਰਵਾਈ ! ਪੰਜਾਬ ਸਣੇ 5 ਸੂਬਿਆਂ 'ਚ ਛਾਪੇ, ਔਰਤ ਨਿਕਲੀ ਮਾਸਟਰਮਾਈਂਡ

**ਚੰਡੀਗੜ੍ਹ/ਜਲੰਧਰ, 26 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਇਨਫੋਰਸਮੈਂਟ ਡਾਇਰੈਕਟੋਰੇਟ ਜਲੰਧਰ (ਈਡੀ) ਨੇ ਡਿਜ਼ੀਟਲ ਅਰੈਸਟ ਦੇ ਜ਼ਰੀਏ ਠੱਗੀ ਨਾਲ ਜੁੜੇ ਇਕ ਵੱਡੇ ਨਾਮੀ ਲਾਂਡ੍ਰਿੰਗ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਲੁਧਿਆਣਾ ਦੇ ਉਦਯੋਗਪਤੀ ਐੱਸ. ਪੀ. ਓਸਵਾਲ ਨਾਲ ਜੁੜੇ ਡਿਜ਼ੀਟਲ ਅਰੈਸਟ ਮਾਮਲੇ ਵਿਚ ਈ. ਡੀ. ਨੇ ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ ਅਤੇ ਆਸਾਮ ਵਿਚ ਇਕੱਠੇ 11 ਸਥਾਨਾਂ 'ਤੇ ਤਲਾਸ਼ੀ ਮੁਹਿੰਮ ਚਲਾਈ। ਤਲਾਸ਼ੀ ਦੌਰਾਨ ਕਈ ਅਪਰਾਧਕ ਦਸਤਾਵੇਜ਼, ਡਿਜ਼ੀਟਲ ਡਿਵਾਈਸਾਂ ਅਤੇ ਹੋਰ ਸਬੂਤ ਬਰਾਮਦ ਕੀਤੇ ਗਏ ਅਤੇ ਜ਼ਬਤ ਕੀਤੇ ਗਏ। ਛਾਪੇਮਾਰੀ ਮਾਸਟਰਮਾਈਂਡ ਰੂਮੀ ਕਲਿਤਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਕੀਤੀ ਗਈ। ਈ. ਡੀ. ਨੇ ਲੁਧਿਆਣਾ ਦੇ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਵਿੱਚ ਬੀ. ਐੱਨ. ਐੱਸ. ਐੱਸ. ਐਕਟ 2023 ਦੇ ਤਹਿਤ ਦਰਜ ਕੀਤੀ ਗਈ ਐੱਫ. ਆਈ. ਆਰ. ਦੇ ਆਧਾਰ 'ਤੇ ਜਾਂਚ ਸ਼ੁਰੂ ਕੀਤੀ ਸੀ। ਤਲਾਸ਼ੀ ਦੌਰਾਨ ਇਕੱਠੇ ਕੀਤੇ ਗਏ ਵੱਖ-ਵੱਖ ਅਪਰਾਧਕ ਸਬੂਤਾਂ ਤੋਂ ਪਤਾ ਲੱਗਾ ਕਿ ਅਪਰਾਧ ਦੀ ਕਮਾਈ ਦੇ ਡਾਇਵਰਜ਼ਨ ਅਤੇ ਲੇਅਰਿੰਗ ਵਿੱਚ ਉਸ ਦੀ ਡੂੰਘੀ ਸ਼ਮੂਲੀਅਤ ਸੀ। ਤਲਾਸ਼ੀ ਦੌਰਾਨ ਰੂਮੀ ਕਲਿਤਾ ਨੂੰ 23 ਦਸੰਬਰ 2025 ਨੂੰ ਪੀ. ਐੱਮ. ਐੱਲ. ਏ. ਦੇ ਉਪਬੰਧਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਅਦ ਵਿੱਚ ਇਸੇ ਗਿਰੋਹ ਨਾਲ ਜੁੜੇ 9 ਹੋਰ ਐੱਫ. ਆਈ. ਆਰਜ਼. ਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਗਿਆ ਸੀ। ਈ. ਡੀ. ਦੀ ਜਾਂਚ ਵਿੱਚ ਖ਼ੁਲਾਸਾ ਹੋਇਆ ਕਿ ਐੱਸ. ਪੀ. ਓਸਵਾਲ ਦੀ ਵਰਚੁਅਲ ਗ੍ਰਿਫ਼ਤਾਰੀ ਦੌਰਾਨ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਅਧਿਕਾਰੀਆਂ ਦੇ ਰੂਪ ਵਿੱਚ ਧੋਖਾਧੜੀ ਕਰਨ ਵਾਲਿਆਂ ਨੇ ਜਾਅਲੀ ਸਰਕਾਰੀ ਅਤੇ ਨਿਆਂਇਕ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਉਸ ਨੂੰ 7 ਕਰੋੜ ਰੁਪਏ ਵੱਖ-ਵੱਖ ਖਾਤਿਆਂ ਵਿੱਚ ਟਰਾਂਸਫਰ ਕਰਨ ਲਈ ਮਜਬੂਰ ਕੀਤਾ ਸੀ। ਬਾਅਦ ਵਿੱਚ ਇਸ 'ਚੋਂ 5.24 ਕਰੋੜ ਰੁਪਏ ਬਰਾਮਦ ਕੀਤੇ ਗਏ ਅਤੇ ਵਾਪਸ ਭੇਜ ਦਿੱਤੇ ਗਏ। ਬਾਕੀ ਫੰਡ ਵੱਖ-ਵੱਖ ਸੰਸਥਾਵਾਂ ਅਤੇ ਵਿਅਕਤੀਆਂ (ਮਜ਼ਦੂਰਾਂ/ਡਿਲੀਵਰੀ ਬੁਆਇਜ਼) ਦੇ ਨਾਮ 'ਤੇ ਬਣਾਏ ਗਏ ਵੱਖ-ਵੱਖ ਜਾਅਲੀ ਖਾਤਿਆਂ ਵਿੱਚ ਟਰਾਂਸਫਰ ਕੀਤੇ ਗਏ, ਜਿਨ੍ਹਾਂ ਨੂੰ ਜਾਂ ਤਾਂ ਹੋਰ ਅੱਗੇ ਡਾਇਵਰਟ ਕਰ ਦਿੱਤਾ ਗਿਆ ਜਾਂ ਤੁਰੰਤ ਨਕਦੀ ਵਿੱਚ ਕੱਢਵਾ ਲਿਆ ਗਿਆ। ਜਾਂਚ ਦੌਰਾਨ ਇਹ ਵੀ ਖ਼ੁਲਾਸਾ ਹੋਇਆ ਕਿ ਪੀੜਤਾਂ ਤੋਂ ਧੋਖਾਧੜੀ ਕੀਤੀ ਗਈ ਰਕਮ ਨੂੰ ਤੁਰੰਤ ਵਿਅਕਤੀਆਂ ਦੇ ਇਕ ਸਮੂਹ ਦੁਆਰਾ ਵੱਖ-ਵੱਖ ਜਾਅਲੀ ਖਾਤਿਆਂ ਵਿੱਚ ਭੇਜ ਦਿੱਤਾ ਗਿਆ ਸੀ। ਇਨ੍ਹਾਂ ਖਾਤਿਆਂ ਦੇ ਵੇਰਵਿਆਂ ਦੀ ਵਰਤੋਂ ਰੂਮੀ ਕਲਿਤਾ ਦੁਆਰਾ ਧੋਖਾਧੜੀ ਕੀਤੇ ਪੈਸੇ ਦੇ ਇਕ ਨਿਸ਼ਚਿਤ ਫ਼ੀਸਦੀ ਦੇ ਬਦਲੇ ਵਿੱਚ ਕੀਤੀ ਜਾ ਰਹੀ ਸੀ, ਜੋ ਉਸ ਨੂੰ ਉਸ ਦੇ ਹਿੱਸੇ ਵਜੋਂ ਦਿੱਤਾ ਜਾਣਾ ਸੀ। ਸੀ. ਜੇ. ਐੱਮ. ਕੋਰਟ ਕਾਮਰੂਪ (ਐੱਮ) ਗੋਹਾਟੀ ਵੱਲੋਂ ਉਨ੍ਹਾਂ ਦੀ 4 ਦਿਨਾਂ ਦੀ ਟ੍ਰਾਂਜਿਟ ਰਿਮਾਂਡ ਮਨਜ਼ੂਰ ਕੀਤੀ ਗਈ ਸੀ। ਇਸ ਦੇ ਬਾਅਦ ਉਨ੍ਹਾਂ ਨੂੰ ਜਲੰਧਰ ਸਥਿਤ ਸਪੈਸ਼ਲ ਕੋਰਟ ਪੀ. ਐੱਮ. ਐੱਲ. ਏ. ਦੇ ਸਾਹਮਣੇ ਪੇਸ਼ ਕੀਤਾ ਗਿਆ, ਜਿਸ ਨੇ ਦੋਸ਼ੀ ਨੂੰ 10 ਦਿਨਾਂ ਦੀ ਹਿਰਾਸਤ ਈਡੀ ਨੂੰ 2 ਜਨਵਰੀ 2026 ਤੱਕ ਲਈ ਸੌਂਪ ਦਿੱਤੀ।




## ਫਿਰੋਜ਼ਪੁਰ ਦੇ ਨਿੱਕੇ ਸੇਵਾਦਾਰ ਸ਼ਰਵਣ ਸਿੰਘ ਨੂੰ ਕੌਮੀ ਬਾਲ ਅਵਾਰਡ 2025, ਰਾਸ਼ਟਰਪਤੀ ਦਰੌਪਦੀ ਮੁਰਮੂ ਵੱਲੋਂ ਸਨਮਾਨ, ਸਰਹੱਦ 'ਤੇ ਫੌਜੀਆਂ ਲਈ ਕੀਤੀ ਨਿਸ਼ਕਾਮ ਸੇਵਾ ਬਣੀ ਮਿਸਾਲ






**ਫਿਰੋਜ਼ਪੁਰ, 26 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਫਿਰੋਜ਼ਪੁਰ ਜ਼ਿਲ੍ਹੇ ਲਈ ਮਾਣ ਦੀ ਗੱਲ ਹੈ ਕਿ ਇੱਥੋਂ ਦੇ ਚੌਥੀ ਕਲਾਸ ਵਿੱਚ ਪੜ੍ਹਨ ਵਾਲੇ ਨਿੱਕੇ ਬੱਚੇ ਸ਼ਰਵਣ ਸਿੰਘ ਨੂੰ ਰਾਸ਼ਟਰਪਤੀ ਭਾਰਤ ਦਰੌਪਦੀ ਮੁਰਮੂ ਵੱਲੋਂ ਕੌਮੀ ਬਾਲ ਅਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ ਹੈ। ਸ਼ਰਵਣ ਸਿੰਘ ਨੂੰ ਇਹ ਮਾਣਯੋਗ ਅਵਾਰਡ ਉਸ ਦੀ ਨਿਸ਼ਕਾਮ ਸਮਾਜਿਕ ਸੇਵਾ ਅਤੇ ਦੇਸ਼ਭਗਤੀ ਭਾਵਨਾ ਲਈ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਭਾਰਤ-ਪਾਕਿਸਤਾਨ ਸਰਹੱਦ 'ਤੇ ਫਿਰੋਜ਼ਪੁਰ ਖੇਤਰ ਵਿੱਚ ਆਪ੍ਰੇਸ਼ਨ ਸਿੰਧੂਰ ਦੌਰਾਨ, ਜਦੋਂ ਫੌਜੀ ਜਵਾਨ ਮੁਸ਼ਕਲ ਹਾਲਾਤਾਂ ਵਿੱਚ ਦੇਸ਼ ਦੀ ਰੱਖਿਆ ਕਰ ਰਹੇ ਸਨ, ਉਸ ਸਮੇਂ ਨਿੱਕਾ ਸ਼ਰਵਣ ਸਿੰਘ ਆਪਣੀ ਉਮਰ ਤੋਂ ਕਈ ਗੁਣਾ ਵੱਡੀ ਸੋਚ ਅਤੇ ਹੌਸਲੇ ਨਾਲ ਫੌਜੀ ਭਰਾਵਾਂ ਦੀ ਸੇਵਾ ਵਿੱਚ ਜੁਟਿਆ ਰਿਹਾ। ਉਸ ਨੇ ਸਰਹੱਦ 'ਤੇ ਡਿਊਟੀ ਨਿਭਾ ਰਹੇ ਜਵਾਨਾਂ ਲਈ ਲੱਸੀ, ਦੁੱਧ ਅਤੇ ਸਾਫ਼ ਪੀਣ ਵਾਲਾ ਪਾਣੀ ਪਹੁੰਚਾਉਣ ਦੀ ਸੇਵਾ ਨਿਰੰਤਰ ਕੀਤੀ।

**ਨਿੱਕੀ ਉਮਰ, ਵੱਡਾ ਜਜ਼ਬਾ :** ਸ਼ਰਵਣ ਸਿੰਘ ਦੀ ਇਹ ਸੇਵਾ ਕਿਸੇ ਸਵਾਰਥ ਜਾਂ ਸ਼ੋਹਰਤ ਲਈ ਨਹੀਂ ਸੀ, ਸਗੋਂ ਦੇਸ਼ ਲਈ ਕੁਝ ਕਰਨ ਦੀ ਸੱਚੀ ਭਾਵਨਾ ਨਾਲ ਭਰੀ ਹੋਈ ਸੀ। ਕੜਕਦੀ ਗਰਮੀ ਅਤੇ ਔਖੇ ਹਾਲਾਤਾਂ ਦੇ ਬਾਵਜੂਦ ਉਹ ਹਰ ਰੋਜ਼ ਫੌਜੀਆਂ ਲਈ ਰਿਫਰੈਸ਼ਮੈਂਟ ਲੈ ਕੇ ਪਹੁੰਚਦਾ ਰਿਹਾ, ਜਿਸ ਨਾਲ ਜਵਾਨਾਂ ਦਾ ਹੌਸਲਾ ਵੀ ਵਧਿਆ।

ਆਵਾਜ਼ਿ ਕੌਮ
AWAZE QAUM
International Newspaper & WEB TV

**ਦੇਸ਼ ਭਰ ਵਿੱਚ ਹੋਈ ਸਰਾਹਨਾ :** ਸ਼ਰਵਣ ਸਿੰਘ ਦੀ ਇਸ ਮਿਸਾਲੀ ਸੇਵਾ ਨੇ ਨਾ ਸਿਰਫ਼ ਫੌਜ ਅਤੇ ਸਥਾਨਕ ਪ੍ਰਸ਼ਾਸਨ ਦਾ ਧਿਆਨ ਖਿੱਚਿਆ, ਸਗੋਂ ਦੇਸ਼ ਪੱਧਰ 'ਤੇ ਵੀ ਉਸ ਦੀ ਪ੍ਰਸ਼ੰਸਾ ਹੋਈ। ਇਸੇ ਕਾਰਨ ਕੇਂਦਰ ਸਰਕਾਰ ਵੱਲੋਂ ਉਸ ਨੂੰ ਕੌਮੀ ਬਾਲ ਅਵਾਰਡ 2025 ਲਈ ਚੁਣਿਆ ਗਿਆ।

**ਪਰਿਵਾਰ ਅਤੇ ਇਲਾਕੇ 'ਚ ਖੁਸ਼ੀ ਦੀ ਲਹਿਰ :** ਸ਼ਰਵਣ ਸਿੰਘ ਨੂੰ ਮਿਲੇ ਇਸ ਸਨਮਾਨ ਤੋਂ ਬਾਅਦ ਉਸ ਦੇ ਪਰਿਵਾਰ, ਸਕੂਲ ਅਤੇ ਪੂਰੇ ਫਿਰੋਜ਼ਪੁਰ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਲੋਕਾਂ ਦਾ ਕਹਿਣਾ ਹੈ ਕਿ ਸ਼ਰਵਣ ਵਰਗੇ ਬੱਚੇ ਦੇਸ਼ ਦਾ ਭਵਿੱਖ ਹਨ, ਜੋ ਛੋਟੀ ਉਮਰ ਵਿੱਚ ਹੀ ਮਨੁੱਖਤਾ ਅਤੇ ਦੇਸ਼ਸੇਵਾ ਦੀ ਮਿਸਾਲ ਕਾਇਮ ਕਰ ਰਹੇ ਹਨ।

**ਨਵੀਂ ਪੀੜ੍ਹੀ ਲਈ ਪ੍ਰੇਰਣਾ :** ਸ਼ਰਵਣ ਸਿੰਘ ਦੀ ਕਹਾਣੀ ਅੱਜ ਦੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਹੈ ਕਿ ਸੱਚੀ ਨੀਅਤ ਅਤੇ ਸੇਵਾ ਭਾਵਨਾ ਨਾਲ ਕੀਤਾ ਗਿਆ ਕੰਮ ਕਦੇ ਵੀ ਛੋਟਾ ਨਹੀਂ ਹੁੰਦਾ। ਉਸ ਨੇ ਸਾਬਤ ਕਰ ਦਿੱਤਾ ਹੈ ਕਿ ਦੇਸ਼ ਦੀ ਸੇਵਾ ਕਰਨ ਲਈ ਉਮਰ ਦੀ ਕੋਈ ਹੱਦ ਨਹੀਂ ਹੁੰਦੀ।

# ਸਿੱਖ ਕ੍ਰਿਸਮਸ ਨਹੀਂ, ਸ਼ਹੀਦੀ ਹਫ਼ਤਾ ਮਨਾਉਂਦੇ ਹਨ

ਇਸ ਹਫ਼ਤੇ ਜਿੱਥੇ ਹਰ ਪਾਸੇ ਕ੍ਰਿਸਮਸ ਦੀ ਧੂਮ ਹੈ, ਉਥੇ ਹੀ ਸਿੱਖ ਭਾਈਚਾਰੇ ਦੇ ਲੋਕ ਇਸਨੂੰ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰੇ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਦੱਸ ਰਹੇ ਹਾਂ। - ਸਿਮਰਨਜੀਤ ਸਿੰਘ




**ਇਸ ਦਿਨ** ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ 'ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ। ••




**ਆਨੰਦਪੁਰ** ਸਾਹਿਬ ਦਾ ਕਿਲਾ ਛੱਡ ਕੇ ਗੁਰੂ ਸਾਹਿਬ ਜਦੋਂ ਪਰਿਵਾਰ ਸਮੇਤ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਵਿਛੜ ਗਿਆ। ਵਿਛੜਨ ਤੋਂ ਬਾਅਦ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਪਹੁੰਚ ਗਏ। ਉਥੇ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸੇਵਕ ਰਹਿ ਚੁੱਕਾ ਗੰਗੂ ਨਾਮਕ ਬ੍ਰਾਹਮਣ ਆਪਣੇ ਨਾਲ ਲੈ ਗਿਆ, ਪਰ ਉਸਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਇਸਦੀ ਸੂਚਨਾ ਦੇ ਦਿੱਤੀ। ਫਿਰ ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਕੈਦ ਕਰ ਲਿਆ। ••




**ਇਸ ਦਿਨ** ਚਮਕੌਰ ਦਾ ਯੁੱਧ ਹੋਇਆ, ਜਿਸ ਵਿੱਚ ਮੁਗਲਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਆਹਮਣੇ-ਸਾਹਮਣੇ ਸੀ। ਅਜਿਹਾ ਕਿਹ ਜਾਂਦਾ ਹੈ ਕਿ ਮੁਗਲਾਂ ਦੀ ਸੈਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੀ ਜਦਕਿ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। ਇਸਦੇ ਬਾਵਜੂਦ ਉਨ੍ਹਾਂ ਨੇ ਬਹਾਦਰੀ ਦਿਖਾਉਂਦੇ ਹੋਏ ਮੁਗਲਾਂ ਨਾਲ ਲੋਹਾ ਲਿਆ। ਯੁੱਧ ਵਿੱਚ ਆਪਣੇ ਸੈਨਿਕਾਂ ਨੂੰ ਸ਼ਹੀਦ ਹੁੰਦੇ ਦੇਖ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਉਹ ਯੁੱਧ ਵਿੱਚ ਜਾ ਕੇ ਕੌਮ ਦੇ ਲਈ ਲੜਨਾ ਚਾਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਗਿਆ ਦਿੰਦੇ ਹੋਏ ਯੁੱਧ ਵਿੱਚ ਉਤਾਰਿਆ, ਜਿਸ ਵਿੱਚ ਉਨ੍ਹਾਂ ਨੇ ਇੱਕ ਦੇ ਬਾਅਦ ਇੱਕ ਮੁਗਲ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਰਮਿਆਨ ਉਹ ਖ਼ੁਦ ਵੀ ਸ਼ਹੀਦ ਹੋ ਗਏ। ਵੱਡੇ ਭਰਾ ਨੂੰ ਯੁੱਧ ਵਿੱਚ ਸ਼ਹੀਦ ਹੁੰਦਾ ਦੇਖ ਬਾਬਾ ਜੁਝਾਰ ਸਿੰਘ ਵੀ ਪਿਤਾ ਜੀ ਦੀ ਆਗਿਆ ਲੈ ਕੇ ਯੁੱਧ ਵਿੱਚ ਉਤਰੇ ਅਤੇ ਉਨ੍ਹਾਂ ਨੇ ਵੀ ਮੁਗਲੀਆ ਸੈਨਾ ਨਾਲ ਲੋਹਾ ਲਿਆ। ਛੋਟੀ ਜਿਹੀ ਉਮਰ ਵਿੱਚ ਉਨ੍ਹਾਂ ਨੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਉਹ ਵੀ ਸ਼ਹੀਦ ਹੋ ਗਏ। ਇਹ ਪੂਰਾ ਨਜ਼ਾਰਾ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਕਿਲੇ ਤੋਂ ਦੇਖ ਰਹੇ ਸਨ। ••





**ਸ੍ਰੀ ਗੁਰੂ** ਗੋਬਿੰਦ ਸਿੰਘ ਜੀ ਇਸ ਯੁੱਧ ਵਿੱਚ ਜਾਣਾ ਚਾਹੁੰਦੇ ਸਨ ਪਰ ਹੋਰ ਸਿੱਖਾਂ ਨੇ ਆਪਣੇ ਅਧਿਕਾਰਾਂ ਦਾ ਇਸਤੇਮਾਲਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਉਥੋਂ ਜਾਣ ਲਈ ਕਿਹਾ। ਗੁਰੂ ਸਾਹਿਬ ਇਸਨੂੰ ਮੰਨਣ ਨੂੰ ਤਿਆਰ ਨਹੀਂ ਸਨ ਪਰ ਹੋਰ ਸਿੱਖਾਂ ਦੇ ਅੱਗੇ ਉਨ੍ਹਾਂ ਨੂੰ ਮਜਬੂਰ ਹੋ ਕੇ ਉਥੋਂ ਜਾਣਾ ਪਿਆ। ਇਸ ਦਰਮਿਆਨ ਉਥੇ ਬਚੇ ਸਿੱਖਾਂ ਨੇ ਮੁਗਲੀਆ ਸੈਨਾ ਨਾਲ ਯੁੱਧ ਕੀਤਾ ਅਤੇ ਲੜਦੇ-ਲੜਦੇ ਸ਼ਹੀਦ ਹੋ ਗਏ। ••




**ਜਦੋਂ ਸ੍ਰੀ** ਗੁਰੂ ਗੋਬਿੰਦ ਸਿੰਘ ਜੀ ਇੱਕ ਪਿੰਡ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਬੀਬੀ ਹਰਸ਼ਰਨ ਕੌਰ ਮਿਲੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਦਰਸ਼ ਮੰਨਦੀ ਸੀ। ਉਨ੍ਹਾਂ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ, ਤਦ ਉਨ੍ਹਾਂ ਦੀ ਸ਼ਹੀਦੀ ਬਾਰੇ ਪਤਾ ਲੱਗਾ। ਇਹ ਸੁਣ ਕੇ ਬੀਬੀ ਹਰਸ਼ਰਨ ਕੌਰ ਤੁਰੰਤ ਚਮਕੌਰ ਪਹੁੰਚੀ, ਜਿੱਥੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਦੇਖਿਆ। ਮੁਗਲ ਚਾਹੁੰਦੇ ਸਨ ਕਿ ਇਨ੍ਹਾਂ ਦਾ ਅੰਤਿਮ ਸੰਸਕਾਰ ਨਾ ਕੀਤਾ ਜਾ ਸਕੇ ਅਤੇ ਚੀਲਾਂ, ਗਿੱਧ ਇਨ੍ਹਾਂ ਨੂੰ ਖਾਣ, ਪਰ ਬੀਬੀ ਹਰਸ਼ਰਨ ਕੌਰ ਨੇ ਉਥੇ ਪਹੁੰਚ ਕੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ। ਇਹ ਸਭ ਮੁਗਲ ਸੈਨਾ ਨੇ ਦੇਖ ਲਿਆ। ਉਨ੍ਹਾਂ ਨੇ ਬੀਬੀ ਹਰਸ਼ਰਨ ਕੌਰ ਨੂੰ ਗੁਰੂ ਸਾਹਿਬ ਬਾਰੇ ਪੁੱਛਿਆ ਪਰ ਉਨ੍ਹਾਂ ਕੁਝ ਨਹੀਂ ਦੱਸਿਆ, ਇਸ ਤੋਂ ਬਾਅਦ ਮੁਗਲਾਂ ਨੇ ਉਨ੍ਹਾਂ ਨੂੰ ਵੀ ਅੱਗ ਵਿੱਚ ਧਕੇਲ ਦਿੱਤਾ ਅਤੇ ਉਹ ਸ਼ਹੀਦ ਹੋ ਗਈ। ••




**ਮਾਤਾ ਗੁਜਰੀ** ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਨੇ ਕੈਦ ਕਰ ਲਿਆ ਸੀ। ਇਸ ਦਿਨ ਉਸਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਸੀ, ਜਿੱਥੇ ਵਜੀਰ ਖਾਨ ਨ ਛੋਟੇ ਸਾਹਿਬਜ਼ਾਦਿਆਂ ਨੂੰ ਬੇਹੱਦ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ, ਪਰ ਛੋਟੇ ਸਾਹਿਬਜ਼ਾਦਿਆਂ ਨੇ ਬਹਾਦਰੀ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ 'ਅਸੀਂ ਗੋਬਿੰਦ ਸਿੰਘ ਦੇ ਬੇਟੇ ਹਾਂ। ਮਰ ਜਾਵਾਂਗੇ ਪਰ ਧਰਮ ਨਹੀਂ ਤਿਆਗਾਂਗੇ।' ਇਸ ਦੌਰਾਨ ਉਨ੍ਹਾਂ ਨੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਗਾਏ, ਜਿਸਨੂੰ ਸੁਣ ਕੇ ਵਜ਼ੀਰ ਖਾਂ ਅਤੇ ਹੋਰ ਲੋਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਅਗਲੇ ਦਿਨ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਕਲ ਜਾਂ ਤਾਂ ਧਰਮ ਪਰਿਵਰਤਨ ਕਰੋ ਜਾਂ ਮਰਨ ਲਈ ਤਿਆਰ ਰਹੋ। ••





**ਠੰਡੇ ਬੁਰਜ** ਵਿੱਚ ਕੈਦ ਸਾਹਿਬਜ਼ਾਦਿਆਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੱਦ ਪਿਆਰ ਨਾਲ ਤਿਆਰ ਕਰਕੇ ਦੋਬਾਰਾ ਸੂਬੇ ਦੀ ਕਚਹਿਰੀ ਵਿੱਚ ਭੇਜਿਆ। ਇੱਥੇ ਇੱਕ ਵਾਰ ਫਿਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਫਿਰ ਮਨਾ ਕਰ ਦਿੱਤਾ। ਇੱਕ ਵਾਰ ਫਿਰ ਜੈਕਾਰੇ ਲੱਗਣ ਲੱਗੇ। ਇਹ ਸੁਣ ਵਜ਼ੀਰ ਖ਼ਾਨ ਤਿਲਮਿਲਾ ਉੱਠਿਆ ਅਤੇ ਉਸਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਇਹ ਸੁਣਕੇ ਵੀ ਛੋਟੇ ਸਾਹਿਬਜਦਿਆਂ ਦਾ ਹੌਸਲਾ ਨਹੀਂ ਡਗਮਗਾਇਆ। ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਕਰਵਾ ਦਿੱਤਾ। ਜਿਉਂ ਹੀ ਮਾਤਾ ਗੁਜਰੀ ਜੀ ਤੱਕ ਇਹ ਖ਼ਬਰ ਪਹੁੰਚੀ, ਉਨ੍ਹਾਂ ਨੇ ਵੀ ਪ੍ਰਾਣ ਤਿਆਗ ਦਿੱਤੇ ਅਤੇ ਇਸ ਇੱਕ ਦਿਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ••




**ਵਜ਼ੀਰ ਖ਼ਾਨ** ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਦੀਵਾਨ ਟੋਡਰ ਮੱਲ ਨੇ ਵਜ਼ੀਰ ਖ਼ਾਨ ਤੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਮੰਗੀ। ਵਜ਼ੀਰ ਖ਼ਾਨ ਨੇ ਟੋਡਰਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿੰਨੀ ਜਗ੍ਹਾ 'ਤੇ ਸੰਸਕਾਰ ਕਰਨਾ ਚਾਹੁੰਦਾ ਹੈ, ਉਨੀ ਜਗ੍ਹਾ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਦੇਵੇ। ਇਹ ਸੁਣਕੇ ਟੋਡਰਮੱਲ ਨੇ ਉਸ ਪੂਰੇ ਹਿੱਸੇ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਲੈ ਲਈ ਅਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ••

ਆਵਾਜ਼ਿ ਕੌਮ
AWAZE QAUM
International Newspaper & WEB TV

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਨਾਮ ਜਪੋ | ਕਿਰਤ ਕਰੋ | ਵੰਡ ਛਕੋ
Naam Japo | Kirat Karo | Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਸੰਤ ਗਿਆਨੀ ਗੁਰਬਚਨ ਸਿੰਘ ਜੀ
ਖਾਲ਼ਸਾ ਮੈਮੋਰੀਅਲ ਹਸਪਤਾਲ
ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784
ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ
ਮਹਿਤਾ ਚੌਂਕ, ਅੰਮ੍ਰਿਤਸਰ


ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
Ram Mandir
Sanjay Foods
Mirch Masala
HSBC
Night Pharmacy
Ladlee Direct
Chai Paani
Ross Walk Launderette
Shiva Shakti Foods
Roopkala Beauty Salon
Cossington Recreation ground
Heena Tailor
Hyderabad Wala - Leicester
Belgrave Neighbourhood Centre
Kensington St
Belgrave Health Centre
Health Centre Car Park
Milans
Brandon Street Surgery
Shiv Sagar Veg
Shri Siva
Punjabi Tarka
Shivalaya The Leicestershire Brahma...
0784 102 9416
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway Crossing, Maqsudan
Jalandhar-144 008

**Contact :**
98150-83338
70879-59639



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'





## ਸ਼ਹੀਦਾਂ ਦੀ ਯਾਦ ’ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV ’ਤੇ ਦੇਖਿਆ ਜਾ ਸਕਦਾ ਹੈ।

**ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ**

**ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)**

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਅੰਮ੍ਰਿਤ ਸੰਚਾਰ

## 27 ਦਸੰਬਰ 2025

ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਰਿਵਾਰ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਹੋਵੇਗਾ

ਸ਼ਨਿੱਚਰਵਾਰ 27 ਦਸੰਬਰ ਬਾਅਦ ਦੁਪਹਿਰ 2 ਵਜੇ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ।



ਕੱਕਾਰਾ ਦੀ ਸੇਵਾ ਗੁਰਦੁਆਰਾ ਸਾਹਿਬ ਜੀ ਵੱਲੋਂ ਭੇਟਾਂ ਰਹਿਤ ਦਿੱਤੇ ਜਾਣਗੇ।

ਅੰਮ੍ਰਿਤ ਛਕਣ ਵਾਲੀ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ 2 ਘੰਟੇ ਪਹਿਲਾਂ 12 ਵਜੇ ਪਹੁੰਚਣ ਦੀ ਕਿਰਪਾਲਤਾ ਕਰਨੀ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

# ਗੁਰਬਾਣੀ ਤੇ ਸਿੱਖੀ ਸਿਧਾਂਤਾਂ ਦੇ ਸਤਿ ਹੋਣ ਦੀ ਲਹੂ ਭਿੱਜੀ ਗਵਾਹੀ

**"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥"**
**(ਸਲੋਕ, ਮ: 5)**

ਸਿੱਖ ਇਤਿਹਾਸ ਦੀ ਸ਼ਹੀਦੀ ਪਰੰਪਰਾ ਸਿਰਫ਼ ਘਟਨਾਵਾਂ ਦੀ ਲੜੀ ਨਹੀਂ, ਸਗੋਂ ਇਹ ਧਾਰਮਿਕ ਰਾਜਨੀਤੀ 'ਚ ਇਕ ਕ੍ਰਾਂਤੀਕਾਰੀ ਵਿਚਾਰਧਾਰਾ ਅਤੇ ਸਮੂਹ ਮਾਨਵਤਾ ਲਈ ਕਲਿਆਣਕ ਮਾਡਲ ਤੋਂ ਇਲਾਵਾ ਗੁਰਬਾਣੀ ਦੇ ਸਤਿ-ਸਤਿ ਹੋਣ ਦਾ ਪ੍ਰਮਾਣ ਵੀ ਹੈ। ਜਿਹੜੇ ਲੋਕ ਗੁਰਬਾਣੀ ਨੂੰ ਸਿਰਫ਼ ਤਰਕ ਦੀ ਕਸੌਟੀ 'ਤੇ ਪਰਖਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਲਈ ਸਿੱਖ ਇਤਿਹਾਸ ਦੇ ਸ਼ਹੀਦਾਂ ਨੇ ਆਪਣੀ ਲਹੂ-ਲਿਖਤ ਨਾਲ ਇਸ ਦੀ ਸਚਾਈ ਨੂੰ ਅਮਲੀ ਰੂਪ ਵਿੱਚ ਸਾਬਤ ਕੀਤਾ ਹੈ।

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥" (ਮ: 1)

13 ਪੋਹ ਸੰਮਤ 1761 ਬਿਕ੍ਰਮੀ (ਸੰਨ 1704 ਈ.) ਨੂੰ ਸਰਹਿੰਦ ਦੀ ਧਰਤੀ 'ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦੇ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ (ਲਗਪਗ 9 ਸਾਲ) ਅਤੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ (ਲਗਪਗ 7 ਸਾਲ) ਦੀਆਂ ਮਹਾਨ ਸ਼ਹਾਦਤਾਂ ਅਤੇ ਇਸ ਤੋਂ ਪਹਿਲਾਂ 8 ਪੋਹ ਨੂੰ ਵੱਡੇ ਸਾਹਿਬਜ਼ਾਦੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਦੀਆਂ ਧਰਮ, ਅਣਖ ਅਤੇ ਅਜ਼ਾਦੀ ਦੀ ਖ਼ਾਤਰ ਯੁੱਧ ਭੂਮੀ 'ਚ ਸ਼ਹਾਦਤਾਂ ਸੰਸਾਰ ਦੇ ਧਰਮ ਇਤਿਹਾਸ 'ਚ ਹਰ ਪੱਖੋਂ ਲਾਸਾਨੀ ਹਨ।

ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਤੋੜਨ ਲਈ ਹਾਕਮਾਂ ਵੱਲੋਂ ਹਰ ਤਰ੍ਹਾਂ ਦੀ ਰਣਨੀਤੀ ਵਰਤੀ ਗਈ। ਕਦੇ ਲਾਲਚ ਦਿੱਤੇ ਗਏ, ਕਦੇ ਡਰਾਇਆ ਗਿਆ, ਕਦੇ ਮੌਤ ਦੇ ਭੈ

ਆਵਾਜ਼ਿ ਕੌਮ
AWAZE QAUM
International Newspaper & WEB TV

ਵਿਚੋਂ ਲੰਘਾਇਆ ਗਿਆ। ਪਰ ਨਿੱਕੀਆਂ ਜ਼ਿੰਦਾਂ ਅਡੋਲ, ਅਹਿੱਲ ਅਤੇ ਪੂਰੇ ਸਿਦਕ ਨਾਲ ਖੜੀਆਂ ਰਹੀਆਂ। ਆਖ਼ਰਕਾਰ ਉਨ੍ਹਾਂ ਨੂੰ ਬੇਰਹਿਮੀ ਨਾਲ ਨੀਂਹਾਂ ਵਿੱਚ ਚਿਣ ਕੇ ਵੀ ਸਬਰ ਨਾ ਆਇਆ ਤੇ ਮਾਸੂਮਾਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ। ਇਹ ਨਿਰਸੰਦੇਹ "ਬਾਬੇਕਿਆਂ ਅਤੇ ਬਾਬਰਕਿਆਂ" ਦਰਮਿਆਨ ਚੱਲ ਰਹੇ ਉਸ ਇਤਿਹਾਸਕ ਸੰਘਰਸ਼ ਦਾ ਸਿਖਰ ਸੀ, ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਐਮਨਾਬਾਦ ਵਿੱਚ ਬਾਬਰ ਨੂੰ "ਜਾਬਰ" ਕਹਿ ਕੇ ਅਤੇ

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥"

ਨਾਲ ਹੋ ਗਈ ਸੀ।

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂ ਪਰੰਪਰਾ ਅਤੇ ਇਸ ਤੋਂ ਪਹਿਲਾਂ ਭਗਤੀ ਲਹਿਰ ਦੇ ਸੰਤਾਂ ਮਹਾਂਪੁਰਸ਼ਾਂ ਦਾ ਮਕਸਦ ਸਪਸ਼ਟ ਸੀ, ਭਾਰਤ ਨੂੰ ਸਦੀਆਂ ਦੀ ਵਿਦੇਸ਼ੀ ਗ਼ੁਲਾਮੀ, ਧਾਰਮਿਕ ਜ਼ਬਰ ਅਤੇ ਮਨੁੱਖੀ ਅਪਮਾਨ ਤੋਂ ਮੁਕਤ ਕਰਵਾਉਣਾ । ਇਸ ਮਕਸਦ ਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨੇ ਅਣਗਿਣਤ ਮਹਾਨ ਸ਼ਹਾਦਤਾਂ ਦਿੱਤੀਆਂ।

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥"
(ਭਗਤ ਕਬੀਰ ਜੀ)


ਇਸੇ ਖੇਤ 'ਚ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਅਸਲ ਕਾਰਨ ਸਿਰਫ਼ ਦੀਵਾਨ ਚੰਦੂ ਦੀ ਦੁਸ਼ਮਣੀ ਨਹੀਂ, ਸਗੋਂ ਜਹਾਂਗੀਰ ਦੀ ਉਹ ਸੋਚ ਸੀ ਜੋ ਉਸ ਨੇ ਆਪਣੀ ਡਾਇਰੀ ਵਿੱਚ ਖ਼ੁਦ ਲਿਖੀ, ਸਿੱਖੀ ਦੀ ਉਸ "ਦੁਕਾਨ" ਨੂੰ ਬੰਦ ਕਰਨਾ, ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਚੱਲ ਰਹੀ ਸੀ। ਜਹਾਂਗੀਰ ਚਾਹੁੰਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਇਸਲਾਮ ਅਤੇ ਬਾਦਸ਼ਾਹ ਦੀ ਮਹਿਮਾ ਲਿਖੀ ਜਾਵੇ, ਪਰ ਗੁਰਮਤਿ ਦਾ ਅਸੂਲ

"ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ।"

ਨਾਲ ਸਪਸ਼ਟ ਸੀ। ਇਸ ਵਰਤਾਰੇ 'ਚ ਸਤਿਗੁਰੂ ਜੀ ਗੁਰਬਾਣੀ 'ਚ ਅੰਕਿਤ ਬ੍ਰਹਮ ਗਿਆਨੀਆਂ ਦੇ ਲਛਣ "ਬ੍ਰਹਮ ਗਿਆਨੀ ਕੈ ਧੀਰਜੁ ਏਕ।" ਨੂੰ ਵੀ ਪ੍ਰਤੱਖ ਕਰ ਕੇ ਦਿਖਾਉਂਦੇ ਹਨ। ਉਥੇ ਹੀ ਸਾਈ ਮੀਆਂ ਮੀਰ ਜੀ ਵੱਲੋਂ ਜ਼ੁਲਮ ਰੋਕਣ ਦੀ ਆਗਿਆ ਮੰਗਣ 'ਤੇ ਗੁਰੂ ਸਾਹਿਬ ਨੇ ਉਨ੍ਹਾਂ ਦੁਆਰਾ ਗੁਰਬਾਣੀ "ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥4॥" ਪ੍ਰਤੀ ਸ਼ੰਕੇ ਦਾ ਨਿਵਾਰਨ ਵੀ ਕੀਤਾ।

ਨੌਵੇਂ ਪਾਤਿਸ਼ਾਹ ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਪਾਤਿਸ਼ਾਹੀ ਧਾਰਮਿਕ ਅਜ਼ਾਦੀ ਦੇ ਸਰੋਕਾਰਾਂ ਨੂੰ ਪੂਰੀ ਤਰਾਂ ਪ੍ਰਣਾਈ ਹੋਈ ਸੀ। ਜ਼ਾਲਮ ਕੱਟੜਪੰਥੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਤਲਵਾਰ ਦੇ ਜ਼ੋਰ ਨਾਲ ਭਾਰਤ ਵਿੱਚ ਮੁਸਲਿਮ ਕੱਟੜਪੰਥੀ ਰਾਜ, ਦਾਰ-ਉਲ-ਇਸਲਾਮ ਦੀ ਸਥਾਪਨਾ ਕਰਨਾ ਚਾਹੁੰਦਾ ਸੀ। ਉਸ ਨੇ ਹਿੰਦੂਆਂ ਨੂੰ ਇਸਲਾਮ ਜਾਂ ਮੌਤ ਵਿੱਚੋਂ ਇੱਕ ਦੀ ਚੋਣ ਕਰਨ ਲਈ ਮਜਬੂਰ ਕੀਤਾ। ਤਾਂ ਕਸ਼ਮੀਰੀ ਪੰਡਿਤ ਕ੍ਰਿਪਾ ਰਾਮ ਦੱਤ ਦੀ ਅਗਵਾਈ 'ਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਆਣ ਫ਼ਰਿਆਦੀ ਹੋਏ। ਉਨ੍ਹਾਂ ਦੀ ਦਰਦ ਭਰੀ ਕਹਾਣੀ ਸੁਣ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਤੇ ਕਿਹਾ ਕਿ ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ। ਉਸ ਵਕਤ ਬਾਲ ਗੋਬਿੰਦ ਰਾਏ ਜੀ ਨੇ ਸੁਣਦਿਆਂ ਕਿਹਾ ਆਪ ਜੀ ਤੋਂ ਬਿਨਾ ਮਹਾਂ ਪੁਰਖ ਕੌਣ ਹੋ ਸਕਦਾ ਹੈ ? ਫਿਰ ਕੀ ਹੋਣਾ ਸੀ, "ਤਿਲਕ ਜੰਞੂ ਰਾਖਾ ਪ੍ਰਭ ਤਾਕਾ ।। ਕੀਨੋ ਬਡੋ ਕਲੂ ਮਹਿ ਸਾਕਾ ।। " ਵਾਪਰਿਆ। ਗੁਰੂ ਸਾਹਿਬ ਔਰੰਗਜ਼ੇਬ ਦੇ ਬੁਲਾਵੇਂ 'ਤੇ ਦਿੱਲੀ ਗਏ । ਲਾਲਚ ਅਤੇ ਧਮਕੀਆਂ ਦੇ ਬਾਵਜੂਦ ਗੁਰੂ ਜੀ ਨੇ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕੀਤਾ ਤਾਂ 11 ਨਵੰਬਰ 1675 ਨੂੰ ਚਾਂਦਨੀ ਚੌਕ ਵਿਖੇ ਆਪ ਜੀ ਨੂੰ ਜਨਤਕ ਤੌਰ 'ਤੇ ਸਿਰ ਕਲਮ ਕਰਦਿਆਂ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ, ਉਨ੍ਹਾਂ ਦੇ ਅਨੁਆਈ ਸਿੱਖਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਇਸਲਾਮ ਕਬੂਲ ਨਾ ਕਰਨ 'ਤੇ ਵਾਰੋ ਵਾਰੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤੇ ਗਏ ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਤਿਲਕ ਜੰਞੂ ਤੇ ਧਾਰਮਿਕ ਅਜ਼ਾਦੀ ਲਈ ਸ਼ਹਾਦਤ ਅਤੇ



ਆਖ਼ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸੇ ਦੀ ਸਿਰਜਣਾ, ਇਹ ਸਾਰੇ ਪੜਾਅ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿੱਚ ਆਪਣੇ ਸਿਖਰ 'ਤੇ ਪਹੁੰਚਦੇ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਲਿਖਿਆ—

"ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥"

ਗੁਰਿਆਈ ਮਿਲਦਿਆਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਕੂਮਤ ਦੇ ਜ਼ੁਲਮ ਖ਼ਿਲਾਫ਼ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ। ਸ਼ਾਸਤਰ ਦੇ ਨਾਲ ਸ਼ਸਤਰ ਵਿੱਦਿਆ ਵਲ ਵਿਸ਼ੇਸ਼ ਧਿਆਨ ਦਿੱਤਾ। 1699 ਦੀ ਵਿਸਾਖੀ ਨੂੰ ਕੇਸਗੜ੍ਹ ਸਾਹਿਬ ਵਿਖੇ ਗੁਰੂ ਨਾਨਕ ਵੱਲੋਂ ਚਿਤਵੇਂ ਸਚਿਆਰ ਮਨੁੱਖ ਨੂੰ ਅਮਲੀ ਰੂਪ 'ਚ ਸੰਪੂਰਨ ਕਰਦਿਆਂ ਖ਼ਾਲਸੇ ਦੀ ਸਿਰਜਣਾ ਕੀਤੀ। ਊਚ ਨੀਚ, ਛੂਤ ਛਾਤ ਅਤੇ ਜਬਰ ਜ਼ੁਲਮ ਦੇ ਵਿਰੁੱਧ ਖੜੇ ਅਤੇ ਲੜੇ, ਰਾਜ ਅਭਿਮਾਨ ਵਿਚ ਗ੍ਰਸੇ ਪਹਾੜੀ ਰਾਜੇ ਈਰਖਾ ਵੱਸ ਗੁਰੂ ਸਾਹਿਬ ਵਿਰੁੱਧ ਔਰੰਗਜ਼ੇਬ ਅਤੇ ਉਸ ਦੀ ਸ਼ਾਹੀ ਸੈਨਾ ਦਾ ਆਸਰਾ ਲਿਆ। 1761 ਸੰਮਤ, ਸੰਨ 1704 ਨੂੰ ਮਿਲ ਕੇ ਲਖਾਂ ਹੀ ਫ਼ੌਜਾਂ ਨਾਲ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਗਿਆ। ਗੁਰੂ ਸਾਹਿਬ ਕਾਬੂ ਨਾ ਆਏ ਅਤੇ ਘੇਰਾ ਲੰਮਾ ਹੋ ਗਿਆ ਤਾਂ ਗੁਰੂ ਜੀ ਨਾਲ ਅਨੰਦਪੁਰ ਸਾਹਿਬ ਛੱਡਣ ਲਈ ਝੂਠੇ ਵਾਅਦੇ ਕੀਤੇ ਗਏ। ਸ਼ਰਤ ਇਹ ਸੀ ਕਿ ਇਕ ਵਾਰ ਗੁਰੂ ਕੀ ਕਿਲ੍ਹਾ ਛੱਡ ਦੇਣ ਉਨ੍ਹਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ। ਸੰਮਤ 1761 ਬਿਕ੍ਰਮੀ 6 ਪੋਹ ਦੀ ਰਾਤ ਨੂੰ ਗੁਰੂ ਜੀ ਦੇ ਕਿਲ੍ਹਾ ਛੱਡ ਦਿੱਤਾ। ਫਿਰ ਕੀ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਹ ਧਰਮ-ਹੀਣ ਰਾਜ ਸੱਤਾ ਦਾ ਹੀ ਨੰਗਾ ਨਾਚ ਸੀ। 7 ਪੋਹ ਦੀ ਸਵੇਰ ਅੰਮ੍ਰਿਤ ਵੇਲਾ ਹੋ ਗਿਆ ਤਾਂ ਸਰਸਾ ਨਦੀ ਦੇ ਕੋਲ ਗੁਰੂ ਸਾਹਿਬ ਨੇ ਆਸਾ ਦੀ ਵਾਰ ਅਤੇ ਨਿੱਤਨੇਮ ਸ਼ੁਰੂ ਕਰਨ ਦਾ ਆਗਿਆ ਕੀਤੀ । ਦੂਜੇ ਪਾਸੇ ਚੜ ਕੇ ਆਏ ਦੁਸ਼ਮਣ ਨਾਲ ਗਹਿਗੱਚ ਲੜਾਈ ਹੋਈ । ਸਰਸਾ ਨਦੀ ਵਿਚ ਭਾਰੀ ਹੜ੍ਹ ਦੌਰਾਨ ਯੁੱਧ ਵਿਚ ਸੈਂਕੜੇ ਹੀ ਮਰਜੀਵੜੇ ਸਿੰਘਾਂ ਸਮੇਤ ਭਾਈ ਜੀਵਨ ਸਿੰਘ (ਜੈਤਾ ਜੀ) ਅਤੇ ਭਾਈ ਉਦੇ ਸਿੰਘ ਸ਼ਹੀਦ ਹੋ ਗਏ ਪਰੰਤੂ ਦੁਸ਼ਮਣ ਦੇ ਦੰਦ ਖੱਟੇ ਕੀਤੇ ਗਏ। ਸਰਸਾ ਨਦੀ ਪਾਰ ਕਰਦੇ ਬਹੁਤ ਸਾਰਾ ਜਾਨੀ-ਮਾਲੀ ਨੁਕਸਾਨ, ਅਮੋਲਕ ਹਸਤ-ਲਿਖਤ ਗ੍ਰੰਥ ਸਰਸਾ ਦੇ ਤੇਜ਼ ਪਾਣੀ ਦੇ ਵਹਾਅ ਦੀ ਭੇਟ ਚੜ੍ਹ ਗਏ । ਗੁਰੂ ਜੀ ਦਾ ਪਰਿਵਾਰ 3 ਹਿੱਸਿਆਂ ਵਿੱਚ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ ਖ਼ੁਦ, ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ, ਪੰਜ ਪਿਆਰੇ ਅਤੇ ਕੁਝ ਸਿੰਘ ਰੋਪੜ ਵੱਲ ਚਲੇ ਗਏ। ਜਿੱਥੇ ਉਹ ਬੁੱਧੀ ਚੰਦ ਦੀ ਹਵੇਲੀ ਕੱਚੀ ਗੜ੍ਹੀ, ਚਮਕੌਰ ਸਾਹਿਬ ਪਹੁੰਚੇ। ਉਨ੍ਹਾਂ ਪਿੱਛੇ ਮੁਗ਼ਲ ਸੈਨਾ ਲੱਖਾਂ ਦੀ ਗਿਣਤੀ ਵਿੱਚ ਸੀ, ਉੱਥੇ ਗੁਰੂ ਜੀ ਦੇ ਨਾਲ 40 ਕੁ ਭੁੱਖੇ-ਭਾਣੇ ਸਿੰਘ ਸਨ। ਮੁਗ਼ਲ ਸੈਨਾ ਨੇ ਕੱਚੀ ਗੜ੍ਹੀ ਦੇ ਚੁਫੇਰੇ ਘੇਰਾ ਪਾ ਲਿਆ। ਇਸ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਗੜ੍ਹੀ ਵਿੱਚੋਂ ਸਿੰਘਾਂ ਨੂੰ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਸੂਰਮਿਆਂ ਵਾਂਗ ਜੰਗ ਦੇ ਮੈਦਾਨ ਵਿੱਚ ਆਖ਼ਰੀ ਦਮ ਤੱਕ ਜੂਝਦੇ ਹੋਏ ਬਾਕੀ ਸਿੰਘਾਂ ਸਮੇਤ ਸ਼ਹਾਦਤ ਦਾ ਜਾਮ ਪੀਂਦਿਆਂ ਦੇਖਿਆ। "ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤ੍ਰਾ ਕੇ ਲਿਯੇ।

ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲਿਯੇ।"

ਸਰਸਾ ਨਦੀ 'ਤੇ ਗੁਰੂ ਜੀ ਦੇ ਕਾਫ਼ਲੇ ਨਾਲੋਂ ਵਿੱਛੜ ਕੇ ਮਾਤਾ ਗੁਜਰੀ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਪਿੰਡ ਚੱਕ ਢੇਰਾ ਦੇ ਕੁਮਾ ਮਾਸ਼ਕੀ ( ਕਰਮੂ ਤੋਂ ਕਰੀਮ ਬਖਸ਼) ਦੀ ਛੰਨ 'ਚ ਪਹੁੰਚੇ ਜਿੱਥੇ ਬ੍ਰਾਹਮਣੀ ਮਾਈ ਲੱਛਮੀ ਦਾ ਬਣਾਇਆ ਖਾਣਾ ਛਕਿਆ। ਉੱਥੋਂ ਉਨ੍ਹਾਂ ਨੂੰ ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ (ਸਹੇੜੀ) 'ਚ ਘਰੇ ਲੈ ਗਿਆ। ਰਾਤ ਗੰਗੂ ਨੇ ਮਾਤਾ ਜੀ ਦੇ ਪੈਸੇ ਚੁਰਾ ਲਏ ਅਤੇ ਜ਼ਮੀਨ ਵਿਚ ਡੱਬ ਦਿੱਤੇ। ਸਵੇਰ ਮਾਤਾ ਜੀ ਨੇ ਮਾਇਆ ਦੀ ਗੁਥਲੀ ਨਾ ਦੇਖੀ ਤਾਂ ਗੰਗੂ ਨੂੰ ਕਿਹਾ ਕਿ ਚੰਗਾ ਕੀਤਾ ਤੂੰ ਮਾਇਆ ਸਾਂਭ ਲਈ ਹੈ। ਇਹ ਸੁਣ ਗੰਗੂ ਕਹਿੰਦਾ ਤੁਸੀਂ ਮੈਨੂੰ ਚੋਰ ਕਹਿੰਦੇ ਹੋ। ਮੈ ਤੁਹਾਨੂੰ ਸਾਂਭਿਆ। ਉਹ ਹੋਰ ਇਨਾਮੀ ਲਾਲਚ ਵਿਚ ਪਿੰਡ ਦੇ ਚੌਧਰੀ ਕੋਲ ਗਿਆ ਫਿਰ ਮੋਰਿੰਡਾ ਥਾਣੇ ਜਾ ਕੇ ਖ਼ਬਰ ਦੇ ਦਿੱਤੀ। ਜਾਨੀ ਖ਼ਾਨ ਮਾਨੀ ਖ਼ਾਨ ਨੇ ਮਾਤਾ ਜੀ ਨੂੰ ਆਣ ਗ੍ਰਿਫ਼ਤਾਰ ਕੀਤਾ। ਇਕ ਰਾਤ ਮਾਤਾ ਜੀ ਤੇ ਬਚਿਆਂ ਨੇ ਮੋਰਿੰਡੇ ਥਾਣੇ ( ਗੁਰਦੁਆਰਾ ਕੋਤਵਾਲੀ ਸਾਹਿਬ) ਕੱਟੀ।

ਅਗਲੀ ਸਵੇਰ ਮੋਰਿੰਡੇ ਦੇ ਹਾਕਮ ਜਾਨੀ ਖਾਂ-ਮਾਨੀ ਖਾਂ ਨੇ ਸੂਬਾ ਸਰਹਿੰਦ ਨੂੰ ਜਾ ਖ਼ਬਰ ਦਿੱਤੀ। ਸਰਹਿੰਦ ਦਾ ਹਾਕਮ ਵਜੀਦ ਖ਼ਾਨ ਗੁਰੂ ਸਾਹਿਬ ਨੂੰ ਕਾਬੂ ਨਾ ਕਰ ਸਕਣ ਲਈ ਨਮੋਸ਼ੀ ਵਿਚ ਸੀ। ਜਾਨੀ ਖ਼ਾਨ ਮਾਨੀ ਖਾਂ ਨੇ ਕਿਹਾ ਫ਼ਿਕਰ ਕਿਉ ਕਰਦੇ ਹੋ ਗੁਰੂ ਨਹੀਂ ਤਾਂ ਨਾ ਸਹੀ ਗੁਰੂ ਦੇ ਬੱਚੇ ਕਾਬੂ ਆ ਚੁੱਕੇ ਹਨ। ਜਦੋਂ ਪਤਾ ਲਗ ਗਿਆ ਤਾਂ ਗੁਰੂ ਖ਼ੁਦ ਲਿਲ੍ਹਕੜੀਆਂ ਕੱਢਦਾ ਬਚਿਆਂ ਲਈ ਆਵੇਗਾ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਗੁਰੂ ਸਾਹਿਬ ਵਿਚ ਬਚਿਆਂ ਪ੍ਰਤੀ ਮੋਹ ਕਿਥੇ ? ਜੇ ਪੁੱਤਰਾਂ ਲਈ ਮੋਹ ਹੁੰਦਾ ਉਹ ਅਜੀਤ ਸਿੰਘ ਜੁਝਾਰ ਸਿੰਘ ਨੂੰ ਵੀ ਭਾਈ ਦਇਆ ਸਿੰਘ ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਦੀ ਤਰਾਂ ਚਮਕੌਰ ਤੋਂ ਕੱਢ ਲਿਆਉਂਦਾ। ਉਹ ਤਾਂ ਤੇਰਾ ਭਾਣਾ ਮੀਠਾ ਲਾਗੇ ਕਹਿ ਰਿਹਾ ਹੈ। ਤੇਰਾ ਕੁਝ ਕੋ ਸੌਂਪ ਕੇ ਕਿਆ ਲਾਗੈ ਮੇਰਾ "।

ਪਾਸੇ ਸੂਬਾ ਸਰਹਿੰਦ ਨੂੰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੇ ਫੜੇ ਜਾਣ ਦੀ ਖ਼ਬਰ ਮਿਲੀ ਤਾਂ ਉਹ ਬਹੁਤ ਖ਼ੁਸ਼ ਹੋਇਆ। ਉਹ ਮਨ ਅੰਦਰ ਬਹੁਤ ਖ਼ੁਸ਼ ਹੋ ਰਿਹਾ ਸੀ ਕਿ ਬੱਚਿਆ ਨੂੰ ਡਰਾ ਧਮਕਾ ਕੇ ਜਾਂ ਲਾਲਚ ਦੇ ਕੇ ਇਸਲਾਮ ਧਰਮ ਵਿੱਚ ਮਿਲਾ ਲਵਾਂਗਾ ਤੇ ਇਹ ਖ਼ਬਰ ਸੁਣਕੇ ਔਰੰਗਜ਼ੇਬ ਬਹੁਤ ਖ਼ੁਸ਼ ਹੋਵੇਗਾ ਤੇ ਮੈਨੂੰ ਮੂੰਹ ਮੰਗਿਆ ਇਨਾਮ ਮਿਲੇਗਾ ਨਾਲ ਹੀ ਬਾਕੀ ਸਿੱਖਾਂ ਨੂੰ ਵੀ ਬੱਚਿਆ ਦੇ ਰਾਹੀ ਮੁਸਲਮਾਨ ਬਣਾ ਲਵਾਂਗਾ। ਮਾਤਾ ਜੀ ਅਤੇ ਬਚਿਆਂ ਨੂੰ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ ਗਿਆ। ਰਸਤੇ ਵਿਚ ਮਾਤਾ ਜੀ ਬਚਿਆਂ ਨੂੰ ਆਪਣੇ ਵੱਡਿਆਂ ਦੀਆਂ ਕੁਰਬਾਨੀਆਂ ਦੀਆਂ ਸਾਖੀਆਂ ਸੁਣਾਉਂਦੀ ਹੈ। ਉਸ ਰਾਤ ਉਨ੍ਹਾਂ ਨੂੰ ਸਰਹਿੰਦ ਕਿਲ੍ਹੇ ਦੇ ਠੰਢੇ ਬੁਰਜ ਵਿੱਚ ਕੈਦ ਕੀਤਾ ਗਿਆ। ਇੱਥੇ ਸਵਾਲ ਉੱਠਦਾ ਹੈ ਕਿ ਉਸ ਠੰਢੇ ਬੁਰਜ ਵਿਚ ਮਾਤਾ ਜੀ ਅਤੇ ਸਾਹਿਬਜ਼ਾਦੇ ਕਿਵੇਂ ਸਮਾਂ ਕੱਟ ਸਕਦੇ ਹਨ। ਸਧਾਰਨ ਬੁੱਧੀ ਇਹ ਸੋਚ ਕੇ ਹੈਰਾਨ ਹੋ ਜਾਂਦਾ ਹੈ। ਪਰ ਮਾਤਾ ਗੁਜਰੀ ਜੀ ਆਮ ਇਨਸਾਨ ਨਹੀਂ ਸਨ। ਉਹ ਨਾਮ ਦੇ ਰਸੀਆ ਸਨ, ਜਿਨ੍ਹਾਂ ਗੁਰੂ ਤੇਗ਼ ਬਹਾਦਰ ਜੀ ਨਾਲ ਤਪ ਕਰਦਿਆਂ ਪਰਮੇਸ਼ਰ ਰੂਪ ਗੁਰੂ ਗੋਬਿੰਦ ਸਿੰਘ ਨੂੰ ਮਾਤ ਲੋਕ 'ਚ ਜਨਮ ਦਿੱਤਾ। ਗੁਰਬਾਣੀ ਕਹਿੰਦੀ ਹੈ

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥

ਤਾਂ

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥

( ਜਿਨ੍ਹਾਂ ਦੇ ਹਿਰਦਿਆਂ 'ਚ ਪਤੀ ਪਰਮੇਸ਼ਰ ਨਾਮ ਦਾ ਵਾਸਾ ਹੈ ਉਨ੍ਹਾਂ ਦਾ ਕੋਰਾ ਕਕਰ ਕੀ ਵਿਗਾੜ ਸਕਦਾ ਹੈ।

ਸਰਹਿੰਦ ਕੈਦ ਵਿਚ ਸੂਬਾ ਸਰਹਿੰਦ ਪਾਸ ਇੱਕ ਗ਼ਰੀਬ ਪਰਿਵਾਰ ਨਾਲ ਸਬੰਧਿਤ ਮੋਤੀ ਰਾਮ ਮਹਿਰਾ, ਰਸੋਈਖਾਨੇ ਵਿੱਚ ਨੌਕਰੀ ਕਰਦਾ ਸੀ, ਉਹ ਹਿੰਦੂ ਕੈਦੀਆਂ ਲਈ ਲੰਗਰ ਤਿਆਰ ਕਰਦਾ ਸੀ। ਉਸ ਨੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਲਈ ਪਰਸ਼ਾਦਾ ਲਿਜਾਉਣ ਦਾ ਪ੍ਰਬੰਧ ਕੀਤਾ ਸੀ, ਪਰ ਮਾਤਾ ਜੀ ਨੇ ਮਲੇਸ਼ਾਂ ਦਾ ਖਾਣਾ ਖਾਣ ਤੋਂ ਮਨਾ ਦਿੱਤਾ। ਘਰ ਆਏ ਮੋਤੀ ਰਾਮ ਨੂੰ ਮਾਯੂਸੀ 'ਚ ਦੇਖ ਉਸ ਦੀ ਬਜ਼ੁਰਗ ਮਾਤਾ ਅਤੇ ਪਤਨੀ ਨੇ ਕਾਰਨ ਪੁੱਛਿਆ। ਮੋਤੀ ਰਾਮ ਜੀ ਨੇ ਸਾਹਿਬਜ਼ਾਦਿਆਂ ਦੇ ਫੜੇ ਜਾਣ ਦੀ ਸਾਰੀ ਵਾਰਤਾ ਦਸੀ ਅਤੇ ਸਾਰੀ ਵਿਥਿਆ ਸੁਣਾਈ ਤਾਂ ਕਿਹਾ ਕਿ ਹਾਕਮ ਨੇ ਸਿੱਖ ਦੀ ਮਦਦ ਕਰਨ ਵਾਲੇ ਨੂੰ ਪਰਿਵਾਰ ਸਮੇਤ ਕੋਹਲੂ 'ਚ ਪੀੜ ਦੇਣ ਦੀ ਗਲ ਕਹੀ ਹੋਈ ਹੈ। ਫਿਰ ਵੀ ਸਾਨੂੰ ਗੁਰੂ ਪਰਿਵਾਰ ਦੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਘਰ ਦੀ ਗਾਂ ਦਾ ਦੁੱਧ ਘੜਵਾ ਭਰ ਕੇ ਦੇ ਦਿੱਤਾ। ਪਰ ਪਹਿਰੇਦਾਰਾਂ ਨੇ ਅੱਗੇ ਨਾ ਜਾਣ ਦਿੱਤਾ। ਮੋਤੀ ਰਾਮ ਜੀ ਘਰ ਦੇ ਗਹਿਣੇ ਲੁਟਾ ਕੇ ਵੀ ਤਿੰਨੇ ਦਿਨ ਚੋਰੀ ਛਿਪੇ ਦੁੱਧ ਦੀ ਸੇਵਾ ਕਰਦੇ ਰਹੇ। ਹਕੂਮਤ ਨੂੰ ਇਸ ਗੱਲ ਦੀ ਖ਼ਬਰ ਦਾ ਮਿਲੀ ਤਾਂ ਵਜ਼ੀਰ ਖਾ ਨੇ ਸਾਰੇ ਪਰਿਵਾਰ ਨੂੰ ਕੋਹਲੂ ਵਿੱਚ ਪਿੜਵਾ ਦਿੱਤਾ।



11 ਪੋਹ ਨੂੰ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਕਚਹਿਰੀ ਵਿੱਚ ਵੜਨ ਲਈ ਛੋਟੀ ਬਾਰੀ ਖੋਲੀ ਗਈ ਤਾਂ ਕਿ ਗੁਰੂ ਕੇ ਲਾਲ ਸਿਰ ਨਿਊ ਕੇ ਅੰਦਰ ਜਾਣ। ਪਰ ਗੁਰੂ ਕੇ ਲਾਲਾਂ ਨੇ ਪਹਿਲਾਂ ਪੈਰ ਅੰਦਰ ਕਰਦਿਆਂ ਜੁਟੀ ਦੀ ਨੋਕ ਵਜ਼ੀਰ ਖਾਨ ਨੂੰ ਦਿਖਾਈ। ਉਹ ਸਮਝ ਗਿਆ ਕਿ ਇਹ ਕੰਮ ਸੌਖਾ ਨਹੀਂ ਹੈ। ਸਾਹਿਬਜ਼ਾਦਿਆਂ ਨੂੰ ਝੁਕਦਾ ਨਾ ਵੇਖ ਉਨ੍ਹਾਂ ਨੂੰ ਝੂਠ ਵੀ ਬੋਲਿਆ ਗਿਆ ਕਿ ਤੁਹਾਡਾ ਪਿਤਾ ਤੇ ਦੋਵੇਂ ਭਰਾ ਮਾਰੇ ਗਏ ਹਨ। ਸਾਹਿਬਜ਼ਾਦਿਆਂ ਨੂੰ ਦੀਨ ਕਬੂਲ ਕਰਨ ਲਈ ਲਾਲਚ ਦੇਣ ਤੇ ਡਰਾਉਣ, ਧਮਕਾਉਣ ਦੇ ਯਤਨ ਕੀਤੇ ਗਏ। ਸਾਹਿਬਜ਼ਾਦਿਆਂ ਨੇ ਸੂਬਾ ਸਰਹਿੰਦ ਨੂੰ ਆਪਣਾ ਧਰਮ ਛੱਡਣ ਤੋਂ ਦਲੇਰੀ ਨਾਲ ਇਨਕਾਰ ਕਰ ਦਿੱਤਾ।

ਵਜ਼ੀਰ ਖਾਂ ਨੇ ਕਾਜ਼ੀ ਦੀ ਰਾਇ ਲਈ ਕਿ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਕੀ ਸਜ਼ਾ ਦਿੱਤੀ ਜਾ ਸਕਦੀ ਹੈ। ਕਾਜ਼ੀ ਨੇ ਕਿਹਾ ਕਿ ਇਸਲਾਮ ਵਿੱਚ ਬੱਚਿਆਂ ਨੂੰ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਹੈ। ਵਜ਼ੀਰ ਖ਼ਾਨ ਵੀ ਕਿਸੇ ਹੱਦ ਤੱਕ ਬੱਚਿਆਂ ਦਾ ਕਤਲ ਆਪਣੇ ਮੱਥੇ 'ਤੇ ਲਾਉਣ ਤੋਂ ਬਚਣਾ ਚਾਹੁੰਦਾ ਸੀ। ਵਜ਼ੀਰ ਖ਼ਾਨ ਨੇ ਨਵਾਬ ਮਲੇਰਕੋਟਲਾ ਸ਼ੇਰ ਖਾਂ ਨੂੰ ਕਿਹਾ ਕਿ ਉਹ ਚਾਹੇ ਤਾਂ ਆਪਣੀ ਮਰਜ਼ੀ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਸਜ਼ਾ ਦੇ ਕੇ ਆਪਣੇ ਭਰਾ 'ਨਾਹਰ ਖਾਂ' ਤੇ ਭਾਣਜੇ 'ਖ਼ਿਜ਼ਰ ਖਾਂ' ਦਾ ਬਦਲਾ ਲੈ ਸਕਦਾ ਹੈ, ਜਿਹੜੇ ਕਿ ਚਮਕੌਰ ਦੀ ਜੰਗ ਸਮੇਂ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਮਾਰੇ ਗਏ ਸਨ। ਨਵਾਬ ਸ਼ੇਰ ਖ਼ਾਨ ਨੇ ਅੱਗੋਂ ਕਿਹਾ ਕਿ ਮੇਰਾ ਭਰਾ ਚਮਕੌਰ ਜੰਗ ਵਿੱਚ ਮਾਰਿਆ ਗਿਆ ਸੀ ਮੈਂ ਇਹਨਾਂ ਸ਼ੀਰ-ਖੋਰਾਂ ਤੋਂ ਕੋਈ ਬਦਲਾ ਨਹੀਂ ਲੈਣਾ ਚਾਹੁੰਦਾ। ਉਹ ਉੱਠ ਕੇ ਚਲਾ ਗਿਆ। ਅੱਲ੍ਹਾ ਯਾਰ ਖ਼ਾਂ ਜੋਗੀ ਸ਼ੇਰ ਖਾਂ ਦੇ ਹਵਾਲੇ ਨਾਲ ਲਿਖਦਾ ਹੈ:-

ਬਦਲਾ ਹੀ ਲੇਨਾ ਹੋਗਾ ਤੋ ਲੇਂਗੇ ਬਾਪ ਸੇ।
ਮਹਿਫ਼ੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ।

ਸਾਹਿਬਜ਼ਾਦਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਲਮਾ ਪੜਣ ਲਈ ਕਿਹਾ। ਕਲਮਾ ਪੜਣ ਬਿਨਾ ਜਾਨ ਬਚੇਗੀ। ਲਾਲਾਂ ਕਿਹਾ ਕਲਮਾਂ ਪੜਣ ਵਾਲੇ ਤੁਹਾਡੇ ਵਡੇਰੇ ਕਿਥੇ ਹਨ। ਉਹ ਤਾਂ ਮਰ ਗਏ ਹਨ। ਜੇ ਕਲਮਾਂ ਪੜਣ ਵਾਲਿਆਂ ਨੂੰ ਵੀ ਮੌਤ ਆਉਂਦੀ ਹੈ ਫਿਰ ਕਿਉ ਪੜ੍ਹੀਏ ? ਗਲ ਕੀ ਉਹ ਸਾਹਿਬਜ਼ਾਦਿਆਂ ਨੂੰ ਆਪਣੇ ਧਰਮ ਤੋਂ ਡੇਗ ਨਾ ਸਕੇ।

ਉਸ ਦਿਨ ਸਾਹਿਬਜ਼ਾਦੇ ਵਾਪਸ ਮੁੜੇ । ਸਾਰੀ ਵਾਰਤਾ ਮਾਤਾ ਗੁਜਰੀ ਜੀ ਨੂੰ ਸੁਣਾਈ ਗਈ। ਮਾਂ ਖ਼ੁਸ਼ ਹੈ।

ਅਗਲੇ ਦਿਨ 12 ਪੋਹ ਨੂੰ ਫਿਰ ਪੇਸ਼ੀ ਹੋਈ । ਫਿਰ ਉਹੀ ਗਲ। ਉਸੇ ਤਰਾਂ ਜੈਕਾਰੇ ਛੱਡੇ ਗਏ। ਲਾਲਚ ਦਿੱਤੇ ਗਏ ਸਾਹਿਬਜ਼ਾਦਿਆਂ ਕਿਹਾ ਸਾਡੇ ਦਾਦੇ ਨੂੰ ਨਹੀਂ ਮਨਾ ਸਕੇ । ਸਾਨੂੰ ਕਿਵੇਂ ਮਨਾ ਲਉਗੇ।

ਦੀਵਾਨ ਸੁੱਚਾ ਨੰਦ ਇਹ ਨਹੀਂ ਸੀ ਚਾਹੁੰਦਾ ਕਿ ਸਾਹਿਬਜ਼ਾਦਿਆਂ ਨੂੰ ਛੱਡਿਆ ਜਾਵੇ।

ਸੁੱਚਾ ਨੰਦ ਨੇ ਬੱਚਿਆ ਨੂੰ ਪੁੱਛਿਆ ਕਿ

'ਜੇਕਰ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ ?

ਤਾਂ ਸਾਹਿਬਜ਼ਾਦਿਆਂ ਨੇ ਜਵਾਬ ਦਿੱਤਾ ਕਿ

'ਪਹਿਲੀ ਗੱਲ ਤਾਂ ਤੁਸੀਂ ਸਾਨੂੰ ਛੱਡਣਾ ਹੀ ਨਹੀਂ, ਪਰ ਫਿਰ ਵੀ ਜੇਕਰ ਤੁਸੀਂ ਸਾਨੂੰ ਛੱਡ ਦਿੰਦੇ ਹੋ ਤਾਂ ਅਸੀਂ ਫਿਰ ਸਿੰਘਾਂ ਨੂੰ ਇਕੱਠੇ ਕਰਾਂਗੇ ਅਤੇ ਅਖੀਰਲੇ ਦਮ ਤੱਕ ਜ਼ੁਲਮ ਤੇ ਜ਼ਾਲਮ ਦੇ ਖ਼ਿਲਾਫ਼ ਲੜਦੇ ਰਹਾਂਗੇ। ਸੂਬੇ ਸਰਹਿੰਦ ਦੇ ਦੋ ਟੁਕੜੇ ਕਰਾਂਗੇ। ਜੇ ਫਿਰ ਵੀ ਫੜੇ ਗਏ ਫਿਰ ਕੀ ਕਰੋਗੇ ? ਸਾਹਿਬਜ਼ਾਦਿਆਂ ਦਾ ਜਵਾਬ ਉਹ ਹੀ। ਕਿ ਸਿਲਸਿਲਾ ਇੰਝ ਹੀ ਚਲਦਾ ਰਹੇਗਾ।

ਸੁੱਚਾ ਨੰਦ ਨੇ ਵਜ਼ੀਰ ਖ਼ਾਨ ਨੂੰ ਵੀ ਉਕਸਾਇਆ ਕਿ ਇਹਨਾਂ ( ਬੁਝੰਗ- ਸੱਪ) ਬੱਚਿਆਂ ਨੂੰ ਛੱਡਣਾ ਸਿਆਣਪ ਨਹੀਂ ਹੋਵੇਗੀ। ਅਖੀਰ ਕੋਈ ਚਾਰਾ ਨਾ ਵੇਖ ਕਾਜ਼ੀ ਪਾਸੋਂ ਬੱਚਿਆਂ ਨੂੰ ਨੀਂਹਾਂ ਵਿੱਚ ਚਿਣੇ ਜਾਣ ਦਾ ਫ਼ਤਵਾ ਦੇ ਦਿੱਤਾ। ਬਚਿਆਂ ਨੂੰ ਮਾਤਾ ਜੀ ਵਲ ਭੇਜਿਆ ਗਿਆ, ਕਿ ਮਾਂ ਕੁਝ ਸਮਝਾ ਦੇਣ ਅਤੇ ਜਾਨ ਬਚ ਜਾਵੇ। ਪਰ ਮਾਤਾ ਗੁਜਰੀ ਜੀ ਨੇ ਬੱਚਿਆਂ ਨੂੰ ਗਲਵੱਕੜੀ ਵਿੱਚ ਲੈ ਲਿਆ ਅਤੇ ਬਚਿਆਂ ਨੂੰ ਧਰਮ ਦੀ ਸਿੱਖਿਆ ਦਿੱਤੀ। ਉਨ੍ਹਾਂ ਨੂੰ ਆਪਣੇ ਵੱਡੇ-ਵਡੇਰਿਆਂ ਦੇ ਮਾਰਗ ਤੇ ਚੱਲਣ ਲਈ ਪ੍ਰੇਰਨਾ ਦਿੱਤੀ।

13 ਪੋਹ, 1761 ਬਿਕਰਮੀ ਵਾਲੇ ਦਿਨ ਮਾਂ ਨੇ ਲਾਲਾਂ ਨੂੰ ਪੰਚ ਇਸ਼ਨਾਨਾਂ ਕਰਾ ਕੇ ਨਿੱਤਨੇਮ ਕਰਾਇਆ। ਮੱਥੇ ਨੂੰ ਚੁੰਮਿਆ। ਬਸਤਰ ਸਜਾਏ। ਕਲਗ਼ੀਆਂ ਲਗਾ ਦਿੱਤੀਆਂ। ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਕਈ ਤਰ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਸਵਾਲ ਕੀਤੇ ਤੇ ਲਾਲਚ ਦਿੱਤੇ ਪਰ ਸਾਹਿਬਜ਼ਾਦੇ ਸ਼ਾਂਤ ਤੇ ਆਪਣੇ ਫ਼ੈਸਲੇ 'ਤੇ ਅਟੱਲ ਰਹੇ। ਜ਼ਿਬਹ ਕਰਨ ਦਾ ਹੁਕਮ ਸੁਣਾਇਆ ਗਿਆ ਪਰ ਕੋਈ ਵੀ ਜ਼ਲਾਦ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਲਈ ਤਿਆਰ ਨਹੀਂ ਸੀ ਪਰ ਦੋ ਜਲਾਦ 'ਸ਼ਾਸ਼ਲ ਬੇਗ ਤੇ ਬਾਸ਼ਲ ਬੇਗ' ਜੋਕਿ ਕਿਸੇ ਮੁਕੱਦਮੇ ਵਿੱਚ ਫਸੇ ਹੋਏ ਸਨ, ਨੇ ਇਸ ਸ਼ਰਤ ਤੇ ਸਾਹਿਬਜ਼ਾਦਿਆਂ ਨੂੰ ਕਤਲ ਕਰਨਾ ਪ੍ਰਵਾਨ ਕੀਤਾ ਕਿ ਜੇਕਰ ਉਨ੍ਹਾਂ ਨੂੰ ਕੇਸ ਵਿੱਚੋਂ ਬਰੀ ਕਰ ਦਿੱਤਾ ਜਾਵੇਗਾ। ਜਲਾਦਾਂ ਦੀ ਇਹ ਸ਼ਰਤ ਮੰਨ ਲਈ । ਬਚਿਆਂ ਨੂੰ ਨੀਂਹਾਂ ਵਿਚ ਚਿਣਵਾਇਆ ਗਿਆ। ਗੋਡੇ ਛਾਂਗ ਦਿੱਤੇ ਗਏ। ਬਚਿਆਂ ਨੇ ਸੀਹ ਨਾ ਕੀਤੀ। ਇੱਟਾਂ ਉੱਪਰ ਆਉਂਦੀਆਂ ਗਈਆਂ। ਬੱਚਿਆਂ ਨੂੰ ਕੰਧਾਂ ਵਿੱਚ ਚਿਣਿਆ ਗਿਆ। ਕੰਧ ਜਦੋਂ ਮੋਢਿਆਂ ਤੱਕ ਆਈ ਤਾਂ ਡਿੱਗ ਪਈ ਸੀ। ਬੱਚਿਆਂ ਦੇ ਫੁੱਲਾਂ ਵਰਗੇ ਸਰੀਰ ਇਸ ਚੋਟ ਨੂੰ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਸਨ। ਸਾਹਿਬਜ਼ਾਦੇ ਸਹਿਕਦੇ ਸਨ। ਜਲਾਦਾਂ ਨੇ ਦੋਵੇਂ ਬੱਚਿਆਂ ਨੂੰ ਗੋਡੇ ਹੇਠ ਦੇ ਕੇ ਪਹਿਲਾਂ ਉਨ੍ਹਾਂ ਦੇ ਗੱਲਾਂ ਤੇ ਛੁਰੀਆਂ ਫੇਰੀਆਂ, ਫਿਰ ਤੜਫਾ ਤੜਫਾ ਕੇ ਸ਼ਹੀਦ ਕੀਤਾ। ਬਾਬਾ ਫ਼ਤਿਹ ਸਿੰਘ 12- 13 ਮਿੰਟ ਤੜਫ਼ਦਾ ਰਿਹਾ। ਇਹ ਸਾਰਾ ਤਸ਼ੱਦਦ ਉਨ੍ਹਾਂ ਨੇ ਕਿਵੇਂ ਬਰਦਾਸ਼ਤ ਕੀਤਾ ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਸ਼ਹਾਦਤ ਸਮੇਂ ਬਾਬਾ ਜ਼ੋਰਾਵਰ ਸਿੰਘ ਦੀ ਉਮਰ ਲਗਪਗ 9 ਸਾਲ ਅਤੇ ਬਾਬਾ ਫ਼ਤਿਹ ਸਿੰਘ ਦੀ ਲਗਪਗ 7 ਸਾਲ ਸੀ।

ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਜਦੋਂ ਗੁਰੂਘਰ ਦੇ ਅਨਿੰਨ ਸੇਵਕ ਸੇਠ ਦੀਵਾਨ ਟੋਡਰ ਮੱਲ ਦੇ ਪਰਿਵਾਰ ਨੂੰ ਮਿਲੀ ਤਾਂ ਉਨ੍ਹਾਂ ਨੇ ਤਿੰਨੇ ਸ਼ਹੀਦਾਂ ਦਾ ਸਸਕਾਰ ਕਰਨ ਲਈ ਸੋਨੇ ਦੀ ਮੋਹਰਾਂ ਖੜ੍ਹੀਆਂ ਕਰ ਕੇ ਜ਼ਮੀਨ 'ਤੇ ਵਿਛਾ ਕੇ ਹਾਕਮ ਤੋਂ ਜ਼ਮੀਨ ਖ਼ਰੀਦੀ। ਅਤੇ ਸਸਕਾਰ ਕੀਤਾ ਗਿਆ, ਜਿੱਥੇ ਹੁਣ ਗੁਰਦੁਆਰਾ ਸ੍ਰੀ ਜੋਤੀ ਸਰੂਪ ਬਣਿਆ ਹੋਇਆ ਹੈ। ਜਿੱਥੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਦਿੱਤੀ ਸੀ, ਉੱਥੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਸਥਿਤ ਹੈ। ਇਹ ਸਾਰਾ ਵਰਤਾਰਾ ਸਿੱਖ ਇਤਿਹਾਸ ਦਾ ਉਹ ਅਧਿਆਇ ਹੈ, ਜਿੱਥੇ ਗੁਰਬਾਣੀ ਸ਼ਬਦ ਨਹੀਂ, ਲਹੂ ਬਣ ਕੇ ਬੋਲਦੀ ਹੈ। ਛੋਟੇ ਸਾਹਿਬਜ਼ਾਦਿਆਂ ਨੇ ਆਪਣੀ ਅਵਸਥਾ ਤੋਂ ਕਿਤੇ ਵੱਡੀ ਆਤਮਕ ਉੱਚਾਈ ਦਿਖਾਈ। ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਸਿੱਖੀ ਵਿੱਚ ਉਮਰ ਨਹੀਂ, ਸਿਧਾਂਤ ਸ਼ਹਾਦਤ ਦਾ ਮਾਪਦੰਡ ਹੁੰਦਾ ਹੈ। ਇਸ ਸ਼ਹਾਦਤ ਨੇ ਇਹ ਸੁਨੇਹਾ ਦਿੱਤਾ ਕਿ ਧਰਮ ਤਲਵਾਰ ਦੀ ਧਾਰ ਨਾਲ ਨਹੀਂ, ਸਗੋਂ ਸਿਦਕ, ਸਹਿਣਸ਼ੀਲਤਾ ਅਤੇ ਅਡੋਲਤਾ ਨਾਲ ਜਿਉਂਦਾ ਰਹਿੰਦਾ ਹੈ।

ਅੱਲਾ ਯਾਰ ਖ਼ਾਂ ਜੋਗੀ ਦੇ ਸ਼ਬਦਾਂ ਵਿੱਚ—

"ਹਮ ਜਾਨ ਦੇ ਕੇ ਔਰੋਂ ਕੀ ਜਾਨੇ ਬਚਾ ਚਲੇ,
ਸਿੱਖੀ ਕੀ ਨੀਵ ਹਮ ਹੈ ਸਰੋਂ ਪਰ ਉਠਾ ਚਲੇ।"

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿਰਫ਼ ਸਿੱਖ ਇਤਿਹਾਸ ਦੀ ਵਿਰਾਸਤ ਨਹੀਂ, ਸਗੋਂ ਇਹ ਸਮੂਹ ਮਨੁੱਖਤਾ ਲਈ ਨੈਤਿਕ ਚਾਨਣ ਮੁਨਾਰਾ ਹੈ। ਜਿਹੜੀ ਕੌਮ ਆਪਣੇ ਬੱਚਿਆਂ ਨੂੰ ਵੀ ਸੱਚ ਅਤੇ ਅਜ਼ਾਦੀ ਦੀ ਖ਼ਾਤਰ ਹੱਸਦੇ-ਹੱਸਦੇ ਕੁਰਬਾਨ ਕਰ ਸਕਦੀ ਹੈ, ਉਸ ਕੌਮ ਦਾ ਭਵਿੱਖ ਕਦੇ ਅੰਧਕਾਰਮਈ ਨਹੀਂ ਹੋ ਸਕਦਾ।

**-ਪ੍ਰੋ. ਸਰਚਾਂਦ ਸਿੰਘ ਖਿਆਲਾ**
**ਫੋਨ - 97681355522**

## ਦਿੱਲੀ ਗੁਰਦੁਆਰਾ ਕਮੇਟੀ ਵਲੋਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਦਾ

# ਸ਼ਹੀਦੀ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ




**ਨਵੀਂ ਦਿੱਲੀ, 26 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਬੰਸਦਾਨੀ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ। ਇਸ ਮੌਕੇ ਕਮੇਟੀ ਅਧੀਨ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਗੁਰਮਤਿ ਸਮਾਗਮ ਆਯੋਜਿਤ ਕੀਤੇ ਗਏ ਤੇ ਮੁੱਖ ਸਮਾਗਮ ਗੁਰਦੁਆਰਾ ਮਾਤਾ ਸੁੰਦਰੀ ਜੀ ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਉਸਤਤ ਨੂੰ ਬਿਆਨ ਕਰਨ ਵਾਸਤੇ ਕੋਈ ਵੀ ਸ਼ਬਦ ਕਾਫੀ ਨਹੀਂ ਹਨ। ਉਹਨਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਨੇ ਆਪਣੀ ਛੋਟੀ ਉਮਰ ਵਿਚ ਮੁਗਲ ਸਾਮਰਾਜ ਦੇ ਚੇਲੇ ਸਰਹਿੰਦ ਦੇ ਸ਼ਾਸਕ ਨੂੰ ਸਪਸ਼ਟ ਕਰ ਦਿੱਤਾ ਕਿ ਉਸਦੀ ਤਾਕਤ ਤੇ ਜ਼ਬਰ ਤੇ ਜ਼ੁਲਮ ਉਹਨਾਂ ਨੂੰ ਝੁਕਾ ਨਹੀਂ ਸਕਦੇ। ਉਹਨਾਂ ਕਿਹਾ ਕਿ ਸਾਹਿਬਜ਼ਾਦਿਆਂ ਨੇ ਆਪਣੀ ਸ਼ਹਾਦਤ ਨਾਲ ਮੁਗਲ ਸਾਮਰਾਜ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਸਨ। ਉਹਨਾਂ ਕਿਹਾ ਕਿ ਇਹਨਾਂ ਸ਼ਹਾਦਤਾਂ ਤੋਂ ਬਾਅਦ ਸਪਸ਼ਟ ਹੋ ਗਿਆ ਸੀ ਕਿ ਮੁਗਲ ਸਾਮਰਾਜ ਦੇ ਦਿਨ ਹੁਣ ਗਿਣਤੀ ਦੇ ਰਹਿ ਗਏ ਹਨ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਲਿਖੇ ਜ਼ਫਰਨਾਮੇ ਨੂੰ ਪੜ੍ਹਨ ਤੋਂ ਤੁਰੰਤ ਬਾਅਦ ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਹੋ ਗਈ ਸੀ। ਉਹਨਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੀ ਮਿਸਾਲ ਦੁਨੀਆਂ ਵਿਚ ਕੋਈ ਹੋਰ ਨਹੀਂ ਮਿਲਦੀ ਜਦੋਂ ਇੰਨੀ ਛੋਟੀ ਉਮਰ ਦੇ ਸਾਹਿਬਜ਼ਾਦਿਆਂ ਨੇ ਪੂਰਨ ਬਹਾਦਰੀ, ਦਲੇਰੀ ਤੇ ਦ੍ਰਿੜ੍ਹ ਹੌਂਸਲੇ ਨਾਲ ਮੁਗਲ ਜ਼ਬਰ ਤੇ ਜ਼ੁਲਮ ਦਾ ਸਾਹਮਣਾ ਹੀ ਨਹੀਂ ਕੀਤਾ ਬਲਕਿ ਵਾਰ-ਵਾਰ ਦੁਹਰਾਇਆ ਕਿ ਜੇਕਰ ਉਹਨਾਂ ਨੂੰ ਮੌਕਾ ਮਿਲਿਆ ਤਾਂ ਉਹ ਫਿਰ ਤੋਂ ਫੌਜ ਇਕੱਠੀ ਕਰਨਗੇ ਅਤੇ ਮੁਗਲ ਸਲਤਨਤ ਨੂੰ ਮਾਤ ਦੇਣਗੇ। ਉਹਨਾਂ ਕਿਹਾ ਕਿ ਸਿੱਖ ਕੌਮ ਦੁਨੀਆਂ ਵਿਚ ਇਕਲੌਤੀ ਕੌਮ ਹੈ ਜਿਸਨੂੰ ਇੰਨੀਆਂ ਸ਼ਹਾਦਤਾਂ ਦੀ ਬਦੌਲਤ ਆਪਣੀ ਹੋਂਦ ਮਿਲੀ ਹੈ। ਉਹਨਾਂ ਕਿਹਾ ਕਿ ਸ਼ਹਾਦਤਾਂ ਦੀ ਬਦੌਲਤ ਹੀ ਸਾਨੂੰ ਉੜਾ ਤੇ ਜੂੜਾ ਮਿਲਿਆ ਹੈ ਜਿਸਦੀ ਸੰਭਾਲ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਜੇਕਰ ਅਸੀਂ ਆਪਣੀ ਮਾਂ ਬੋਲੀ ਦਾ ਵਿਰਸਾ ਸੰਭਾਲ ਲਿਆ ਤੇ ਆਪਣੇ ਧਰਮ ਦਾ ਵਿਰਸਾ ਸੰਭਾਲ ਲਿਆ ਤਾਂ ਫਿਰ ਸਾਡੇ ਤੋਂ ਵੱਡੀ ਤਾਕਤ ਦੁਨੀਆਂ ਵਿਚ ਹੋਰ ਕੋਈ ਨਹੀਂ ਹੋ ਸਕਦੀ। ਉਹਨਾਂ ਕਿਹਾ ਕਿ ਅੱਜ ਇਹ ਸਾਰੇ ਮਾਪਿਆਂ ਦੀ, ਸਾਡੇ ਅਧਿਆਪਕਾਂ ਦੀ ਤੇ ਧਾਰਮਿਕ ਸੰਸਥਾਵਾਂ ਦੇ ਆਗੂਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਮਾਮਲੇ ਵਿਚ ਉਪਰਾਲੇ ਕਰਨ ਅਤੇ ਉਹਨਾਂ ਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਦੀ ਅਗਵਾਈ ਹੇਠ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਹਨ। ਉਹਨਾਂ ਕਿਹਾ ਕਿ ਇਹਨਾਂ ਯਤਨਾਂ ਦੇ ਸਾਰਥਕ ਨਤੀਜੇ ਨਿਕਲ ਰਹੇ ਹਨ ਅਤੇ ਆਸ ਹੈ ਕਿ ਭਵਿੱਖ ਵਿਚ ਹੋਰ ਵੀ ਚੰਗੇ ਨਤੀਜੇ ਸਾਹਮਣੇ ਆਉਣਗੇ।

ਉਹਨਾਂ ਨੇ ਸੰਗਤਾਂ ਨੂੰ ਇਹ ਵੀ ਅਪੀਲ ਕੀਤੀ ਕਿ ਭਲਕੇ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਰਬੰਸਦਾਨੀ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਤੇ ਇਹਨਾਂ ਸਮਾਗਮਾਂ ਵਿਚ ਵੀ ਸੰਗਤਾਂ ਵੱਧ ਚੜ੍ਹ ਕੇ ਹਿੱਸਾ ਲੈਣ।

## ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਹੋ ਕੇ

# ਪਟਨਾ ਦੇ ਚਿਤਕੋਹਰਾ ਅਤੇ ਕੰਗਨਘਾਟ ਵਿੱਚ ਵਿਸ਼ੇਸ਼ ਪ੍ਰੋਗਰਾਮ



**ਨਵੀਂ ਦਿੱਲੀ, 26 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**-ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਦਿਵਸ ਦੀ ਪੂਰਵ ਸੰਧਿਆ 'ਤੇ ਪਟਨਾ ਦੇ ਚਿਤਕੋਹਰਾ ਅਤੇ ਕੰਗਨਘਾਟ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਕੇ ਮਹਾਨ ਸ਼ਹਾਦਤਾਂ ਨੂੰ ਯਾਦ ਕੀਤਾ ਗਿਆ। ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਗੁਰਵਿੰਦਰ ਸਿੰਘ ਵੱਲੋਂ ਚਿਤਕੋਹਰਾ ਵਿੱਚ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਬਿਹਾਰ ਭਾਜਪਾ ਦੇ ਪ੍ਰਧਾਨ ਸੰਜੈ ਸਾਵਰਗੀ, ਵਿਧਾਇਕ ਸੰਜੀਵ ਚੌਰਸੀਆ, ਬਿਹਾਰ ਅਲਪ ਸੰਖਿਆਕ ਆਯੋਗ ਦੇ ਮੈਂਬਰ ਲਖਵਿੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਭਾਗ ਲੈਂਦਿਆਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਨਮਨ ਕੀਤਾ। ਮੰਚ ਸੰਚਾਲਨ ਸੀਨੀਅਰ ਪੱਤਰਕਾਰ ਸੁਦੀਪ ਸਿੰਘ ਵੱਲੋਂ ਕੀਤਾ ਗਿਆ। ਤਖ਼ਤ ਪਟਨਾ ਸਾਹਿਬ ਦੇ ਕਥਾਵਾਚਕ ਸਤਨਾਮ ਸਿੰਘ ਵੱਲੋਂ ਬੱਚਿਆਂ ਦੀ ਗਤਕਾ ਟੀਮ ਰਾਹੀਂ ਗਤਕਾ ਪ੍ਰਦਰਸ਼ਨ ਕਰਵਾਇਆ ਗਿਆ। ਇਸ ਮੌਕੇ 'ਤੇ ਚਿਤਕੋਹਰਾ ਦੇ ਬੱਚਿਆਂ ਵੱਲੋਂ ਵੀ ਪ੍ਰਸਤੁਤੀਆਂ ਦਿੱਤੀਆਂ ਗਈਆਂ। ਇੱਕ ਪ੍ਰਦਰਸ਼ਨੀ ਵੀ ਲਗਾਈ ਗਈ ਸੀ। ਇਸੇ ਤਰ੍ਹਾਂ ਬਿਹਾਰ ਅਲਪ ਸੰਖਿਆਕ ਆਯੋਗ ਦੇ ਮੈਂਬਰ ਅਤੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ ਵੱਲੋਂ ਕੰਗਨਘਾਟ ਦੇ ਟੀ.ਐਫ.ਸੀ. ਵਿੱਚ ਸ਼ਹੀਦੀ ਦਿਵਸ ਮੌਕੇ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਸਥਾਨਕ ਵਿਧਾਇਕ ਰਤਨੇਸ਼ ਕੁਸ਼ਵਾਹਾ, ਤਖ਼ਤ ਕਮੇਟੀ ਦੇ ਮਹਾਂਸਚਿਵ ਇੰਦਰਜੀਤ ਸਿੰਘ, ਮੀਡੀਆ ਪ੍ਰਭਾਰੀ ਸੁਦੀਪ ਸਿੰਘ, ਸੁਪਰਿੰਟੈਂਡੈਂਟ ਦਲਜੀਤ ਸਿੰਘ, ਮੈਨੇਜਰ ਹਰਜੀਤ ਸਿੰਘ, ਪ੍ਰਿਤਪਾਲ ਸਿੰਘ ਬਨਾਰਸ, ਬਲਬੀਰ ਸਿੰਘ ਕਾਲਰਾ ਆਦਿ ਨੇ ਭਾਗ ਲਿਆ। ਤਖ਼ਤ ਪਟਨਾ ਸਾਹਿਬ ਦੇ ਈਸਤ੍ਰੀ ਸਤਸੰਗ ਜੱਥੇ ਵੱਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਯਾਦ ਵਿੱਚ ਸ਼ਬਦ ਕੀਰਤਨ ਗਾਇਨ ਕੀਤਾ ਗਿਆ। ਬੱਚਿਆਂ ਵੱਲੋਂ ਕਵਿਤਾਵਾਂ ਅਤੇ ਇਤਿਹਾਸ 'ਤੇ ਲੇਖ ਪੇਸ਼ ਕੀਤੇ ਗਏ। ਗਿਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਇੱਕ ਸੱਜਣ ਨੇ ਸਾਹਿਬਜ਼ਾਦਿਆਂ ਦੇ ਜੀਵਨ ਇਤਿਹਾਸ 'ਤੇ ਰਚੀ ਕਵਿਤਾ ਦਾ ਪਾਠ ਕੀਤਾ। ਕਥਾਵਾਚਕ ਚਰਨਜੀਤ ਸਿੰਘ ਵੱਲੋਂ ਸ਼ਹਾਦਤ ਦੇ ਇਤਿਹਾਸ ਦਾ ਵਰਣਨ ਕੀਤਾ ਗਿਆ। ਸ. ਲਖਵਿੰਦਰ ਸਿੰਘ ਨੇ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਦੇਸ਼ ਅਤੇ ਰਾਜਾਂ ਦੀਆਂ ਸਰਕਾਰਾਂ ਵੱਲੋਂ ਵੀ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸ ਦਾ ਮਕਸਦ ਸਿਰਫ਼ ਇਹੀ ਹੈ ਕਿ ਜੋ ਇਤਿਹਾਸ ਅੱਜ ਤੱਕ ਲੋਕਾਂ ਤੱਕ ਨਹੀਂ ਪਹੁੰਚ ਸਕਿਆ, ਉਹ ਹਰ ਘਰ ਤੱਕ ਪਹੁੰਚਾਇਆ ਜਾ ਸਕੇ।

## ਕਿਸਾਨਾਂ ਵਲੋਂ 16 ਜਨਵਰੀ ਨੂੰ ਬਿਜਲੀ ਸੋਧ ਬਿੱਲ, ਬੀਜ ਬਿੱਲ, ਕਿਰਤ ਕੋਡ, ਮਨਰੇਗਾ ਰੱਦ ਕਰਨ ਅਤੇ ਹੋਰ ਹਮਲਿਆਂ ਦੇ ਖਿਲਾਫ ਡੀਸੀ ਦਫਤਰਾਂ ਤੇ ਹੋਣਗੇ ਪ੍ਰਦਰਸ਼ਨ: ਸੰਯੁਕਤ ਕਿਸਾਨ ਮੋਰਚਾ

### 28 ਦਸੰਬਰ ਤੋਂ 4 ਜਨਵਰੀ ਤੱਕ, ਪਿੰਡਾਂ ਵਿੱਚ ਝੰਡਾ ਮਾਰਚ, ਟਰੈਕਟਰ, ਮੋਟਰਸਾਈਕਲ ਮਾਰਚ, ਰੈਲੀਆਂ ਅਤੇ ਮੀਟਿੰਗਾਂ ਰਹਿਣਗੀਆਂ ਜਾਰੀ



ਨਵੀਂ ਦਿੱਲੀ, 25 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀ ਮੀਟਿੰਗ ਮੁੱਲਾਂਪੁਰ ਦਾਖਾ ਵਿਖੇ ਬਲਦੇਵ ਸਿੰਘ ਨਿਹਾਲਗੜ੍ਹ, ਮੁਕੇਸ਼ ਚੰਦਰ ਸ਼ਰਮਾ ਅਤੇ ਬਿੰਦਰ ਸਿੰਘ ਗੋਲੇਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਨਿੱਜੀਕਰਨ ਦੇ ਹਮਲਿਆਂ ਦੇ ਖਿਲਾਫ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ, ਔਰਤਾਂ ਅਤੇ ਸਮੂਹ ਸੰਘਰਸ਼ਸੀਲ ਤਬਕਿਆਂ ਦੇ ਸਾਂਝੇ ਘੋਲਾਂ ਨੂੰ ਅੱਗੇ ਵਧਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ 16 ਜਨਵਰੀ 2026 ਨੂੰ ਸਾਰੀਆਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਪੰਜਾਬ ਦੇ ਸਾਰੇ ਜ਼ਿਲ੍ਹਾ ਹੈੱਡਕੁਆਟਰਾਂ ਤੇ ਡੀਸੀ ਦਫਤਰਾਂ ਦੇ ਸਾਹਮਣੇ 12 ਵਜੇ ਤੋਂ 3 ਵਜੇ ਤੱਕ ਧਰਨੇ ਦਿੱਤੇ ਜਾਣਗੇ। ਆਗੂਆਂ ਨੇ ਕਿਹਾ ਕਿ ਜਿੱਥੇ ਬਿਜਲੀ ਸੋਧ ਬਿੱਲ ਸਮਾਜ ਦੇ ਸਾਰੇ ਤਬਕਿਆਂ ਤੇ ਹਮਲਾ ਹੈ ਉੱਥੇ ਹੀ ਚਾਰ ਲੇਬਰ ਕੋਡ ਅਤੇ ਮਨਰੇਗਾ ਨੂੰ ਰੱਦ ਕਰਕੇ ਬਣਾਇਆ ਨਵਾਂ ਕਾਨੂੰਨ ਮਜ਼ਦੂਰਾਂ ਦੇ ਖਿਲਾਫ ਵੱਡਾ ਹਮਲਾ ਹੈ। ਇਸ ਤੋਂ ਇਲਾਵਾ ਬੀਜ ਬਿੱਲ 2025 ਅਤੇ ਮੁਕਤ ਵਪਾਰ ਸਮਝੌਤੇ ਵੀ ਸਮੁੱਚੇ ਖੇਤੀ ਖੇਤਰ ਨੂੰ ਤਬਾਹ ਕਰਨ ਦੀ ਸਾਜਿਸ਼ ਹੈ । ਇਸ ਲਈ 16 ਜਨਵਰੀ ਦੇ ਧਰਨੇ, ਜਿਹੜੇ ਪਹਿਲਾਂ ਪਾਵਰ ਕੌਮ ਦੇ ਨਿਗਰਾਨ ਇੰਜਨੀਅਰ ਦਫਤਰਾਂ ਸਾਹਮਣੇ ਲਗਾਏ ਜਾਣੇ ਸਨ, ਹੁਣ ਜ਼ਿਲ੍ਹਾ ਹੈਡ ਕੁਆਟਰਾਂ ਤੇ 12 ਵਜੇ ਤੋਂ ਤਿੰਨ ਵਜੇ ਤੱਕ ਡਿਪਟੀ ਕਮਿਸ਼ਨਰ ਦਫਤਰਾਂ ਸਾਹਮਣੇ ਲਗਾਏ ਜਾਣਗੇ। ਇਹਨਾਂ ਧਰਨਿਆਂ ਦੀ ਤਿਆਰੀ ਵਾਸਤੇ 28 ਦਸੰਬਰ ਤੋਂ ਚਾਰ ਜਨਵਰੀ ਤੱਕ ਜਾਗਰੂਕਤਾ ਹਫਤਾ ਮਨਾਇਆ ਜਾਵੇਗਾ। ਇਸ ਹਫਤੇ ਦੌਰਾਨ ਪਿੰਡਾਂ ਵਿੱਚ ਨਿੱਜੀ ਕਰਨ ਦੇ ਇਹਨਾਂ ਹਮਲਿਆਂ ਖਿਲਾਫ ਝੰਡਾ ਮਾਰਚ, ਢੋਲ ਮੁਜਾਹਰੇ, ਟਰੈਕਟਰ ਮਾਰਚ, ਮੋਟਰਸਾਈਕਲ ਮਾਰਚ, ਰੈਲੀਆਂ ਅਤੇ ਮੀਟਿੰਗਾਂ ਰਾਹੀਂ ਪ੍ਰਚਾਰ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਦਫਤਰਾਂ ਅੱਗੇ ਦਿੱਤੇ ਜਾਣ ਵਾਲੇ ਧਰਨਿਆਂ ਦੀ ਸਾਰੇ ਜ਼ਿਲਿਆਂ ਵਿੱਚ ਠੋਸ ਵਿਉਂਤਬੰਦੀ ਕਰਨ ਲਈ, ਸਾਰੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਨੌਜਵਾਨ ਅਤੇ ਔਰਤ ਜਥੇਬੰਦੀਆਂ ਸਮੇਤ ਸਾਰੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਦੀਆਂ ਜ਼ਿਲਾ ਪੱਧਰੀ ਸਾਂਝੀਆਂ ਮੀਟਿੰਗਾਂ 10 ਜਨਵਰੀ ਨੂੰ ਕੀਤੀਆਂ ਜਾਣਗੀਆਂ। ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਦੇ ਪੇਂਡੂ ਵਿਕਾਸ ਮੰਤਰਾਲਾ ਅਤੇ ਪੰਚਾਇਤੀ ਰਾਜ ਮੰਤਰਾਲਾ ਵੱਲੋਂ ਸਾਰੇ ਦੇਸ਼ ਦੀਆਂ ਪੰਚਾਇਤਾਂ ਨੂੰ ਜਾਰੀ ਕੀਤੇ ਗਏ ਉਸ ਹੁਕਮ ਦਾ ਸਖਤ ਨੋਟਿਸ ਲਿਆ ਜਿਸ ਵਿੱਚ ਪੰਚਾਇਤਾਂ ਨੂੰ ਗ੍ਰਾਮ ਸਭਾਵਾਂ ਬੁਲਾ ਕੇ ਮਨਰੇਗਾ ਦੀ ਥਾਂ ਨਵੇਂ ਲਿਆਂਦੇ ਕਾਨੂੰਨ ਦੇ ਹੱਕ ਵਿੱਚ ਮਤੇ ਪਾਉਣ, ਫੋਟੋਆਂ ਖਿੱਚਣ ਅਤੇ ਵੀਡੀਓ ਬਣਾ ਕੇ 'ਪੰਚਾਇਤ ਨਿਰਣੈ' ਨਾਮੀ ਐਪ ਤੇ ਸ਼ੇਅਰ ਕਰਨ ਲਈ ਕਿਹਾ ਗਿਆ ਹੈ। ਇਹ ਲੋਕਾਂ, ਪੰਚਾਇਤਾਂ ਅਤੇ ਸੂਬਾ ਸਰਕਾਰਾਂ ਦੇ ਬੋਲਣ ਦੇ ਹੱਕ ਦੇ ਖਿਲਾਫ ਸਿੱਧਾ ਧੱਕਾ ਹੈ। ਸੰਯੁਕਤ ਕਿਸਾਨ ਮੋਰਚਾ ਨੇ ਸਾਰੀਆਂ ਪੰਚਾਇਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਮਨਰੇਗਾ ਕਾਨੂੰਨ ਦੀ ਥਾਂ ਨਵੇਂ ਲਿਆਂਦੇ ਕਾਨੂੰਨ ਦੇ ਹੱਕ ਵਿੱਚ ਕੋਈ ਮਤੇ ਨਾ ਪਾਉਣ, ਕਿਉਂਕਿ ਇਸ ਤਰ੍ਹਾਂ ਕਰਕੇ ਕੇਂਦਰ ਦੀ ਮੋਦੀ ਸਰਕਾਰ ਅਸਿੱਧੇ ਤੌਰ ਤੇ ਆਪਣੇ ਹੱਕ ਵਿੱਚ ਮਤੇ ਪਵਾਉਣਾ ਚਾਹੁੰਦੀ ਹੈ ਅਤੇ ਇਸ ਦੇ ਨਾਲ ਹੀ ਉਹ ਪਿੰਡਾਂ ਵਿੱਚ ਕਿਸਾਨਾਂ ਅਤੇ ਮਜਦੂਰਾਂ ਦੀ ਆਪਸੀ ਫੁੱਟ ਪੁਆ ਕੇ ਆਪਣੀਆਂ ਵੋਟਾਂ ਪੱਕੀਆਂ ਕਰਨੀਆਂ ਚਾਹੁੰਦੀ ਹੈ। ਸੰਯੁਕਤ ਕਿਸਾਨ ਮੋਰਚਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ 30 ਦਸੰਬਰ ਨੂੰ ਮਨਰੇਗਾ ਦੀ ਥਾਂ ਨਵੇਂ ਲਿਆਂਦੇ ਕਾਨੂੰਨ ਦੇ ਖਿਲਾਫ ਜਿਹੜਾ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਗਿਆ ਹੈ, ਉਸ ਵਿੱਚ ਬਿਜਲੀ ਸੋਧ ਬਿੱਲ 2025 ਅਤੇ ਬੀਜ ਬਿੱਲ 2025 ਦੇ ਖਿਲਾਫ ਵੀ ਮਤਾ ਪਾਇਆ ਜਾਵੇ। ਸੰਯੁਕਤ ਕਿਸਾਨ ਮੋਰਚੇ ਨੇ ਨਿੱਜੀਕਰਨ ਦੇ ਇਹਨਾਂ ਸਾਰੇ ਹਮਲਿਆਂ ਦੇ ਖਿਲਾਫ ਲੋਕਾਂ ਦੀ ਲਹਿਰ ਨੂੰ ਮਜ਼ਬੂਤ ਕਰਦਿਆਂ ਸੰਘਰਸ਼ਾਂ ਦੇ ਮੈਦਾਨ ਵਿੱਚ ਡਟ ਜਾਣ ਦਾ ਸੱਦਾ ਦਿੱਤਾ। ਮੀਟਿੰਗ ਵਿੱਚ ਬਲਦੇਵ ਸਿੰਘ ਨਿਹਾਲਗੜ੍ਹ, ਮੁਕੇਸ਼ ਚੰਦਰ ਸ਼ਰਮਾ, ਬਿੰਦਰ ਸਿੰਘ ਗੋਲੇਵਾਲਾ, ਜੋਗਿੰਦਰ ਸਿੰਘ ਉਗਰਾਹਾਂ, ਡਾਕਟਰ ਦਰਸ਼ਨ ਪਾਲ, ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਹਰਿੰਦਰ ਸਿੰਘ ਲੱਖੋਵਾਲ, ਅੰਗਰੇਜ਼ ਸਿੰਘ ਭਦੌੜ, ਰੁਲਦੂ ਸਿੰਘ ਮਾਨਸਾ, ਡਾ: ਸਤਿਨਾਮ ਸਿੰਘ ਅਜਨਾਲਾ, ਜੰਗਵੀਰ ਸਿੰਘ ਚੌਹਾਨ, ਹਰਦੇਵ ਸਿੰਘ ਸੰਧੂ, ਹਰਬੰਸ ਸਿੰਘ ਸੰਘਾ, ਇੰਦਰਪਾਲ ਸਿੰਘ, ਬੋਘ ਸਿੰਘ ਮਾਨਸਾ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਨਛੱਤਰ ਸਿੰਘ ਜੈਤੋ, ਕੰਵਲਪ੍ਰੀਤ ਸਿੰਘ ਪੰਨੂ ਹਾਜ਼ਰ ਸਨ।

## ਸਮਾਜ ਸੇਵੂ ਪਰਿਵਾਰ ਨੇ ਝੁੱਗੀ 'ਚ ਬੱਚੇ ਨੂੰ ਜਨਮ ਦੇਣ ਵਾਲੀ ਮਾਂ ਨੂੰ ਪੰਜੀਰੀ ਭੇਟ ਕੀਤੀ

ਧੂਰੀ ( ਰਣਜੀਤ ਸਿੰਘ ਪੇਧਨੀ )-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਧੂਰੀ ਦੀ ਅਨਾਜ ਮੰਡੀ ਵਿਖੇ ਪਰਵਾਸੀ ਸਲੱਮ ਏਰੀਏ ਦੇ ਲੋਕ ਝੁੱਗੀਆਂ ਝੋਪੜੀਆਂ ਵਿੱਚ ਰਹਿੰਦੇ ਹਨ ਇਨੀ ਜਿਆਦਾ ਠੰਡ ਪੈ ਰਹੀ ਹੈ ਪਰ ਉਹ ਲੋਕ ਫਿਰ ਵੀ ਝੁੱਗੀਆਂ ਵਿੱਚ ਰਹਿ ਕੇ ਆਪਣਾ ਜੀਵਨ ਬਤੀਤ ਕਰ ਰਹੇ ਹਨ ਇਸੇ ਹੀ ਤਹਿਤ ਇੱਕ ਪਰਿਵਾਰਦੀ ਬੇਟੀ ਨੇ ਇੱਕ ਨਵਜੰਮੇ ਬੱਚੇ ਨੂੰ ਜਨਮ ਦਿੱਤਾ ਅਸੀਂ ਪਰਿਵਾਰ ਸਮੇਤ ਅਸ਼ੋਕ ਕੁਮਾਰ, ਅਰਸ਼ਦੀਪ ਸਿੰਘ, ਸੁਖਵਿੰਦਰ ਕੌਰ, ਵੀਰਪਾਲ ਕੌਰ ਉਨ੍ਹਾਂ ਨੂੰ ਵਧਾਈ ਦੇਣ ਗਏ ।ਵਾਪਸੀ ਤੇ ਅਸੀਂ ਫੈਸਲਾ ਕੀਤਾ ਕਿ ਨਵਜੰਮੀ ਬੱਚੀ ਦੀ ਮਾਂ ਨੂੰ ਕਿਉਂ ਨਾ ਪੰਜੀਰੀ ਰਲਾ ਕੇ ਦਿੱਤੀ ਜਾਵੇ ਅੱਜ ਅਸੀਂ ਆਪਣੇ ਘਰੋਂ ਪੰਜੀਰੀ ਰਲਾ ਕੇ ਉਹਨਾਂ ਨੂੰ ਉਹਨਾਂ ਦੀ ਝੁੱਗੀ ਵਿੱਚ ਦੇਣ ਗਏ ਉਹਨਾਂ ਨੂੰ ਮਿਲ ਕੇ ਅਤੇ ਸਾਨੂੰ ਉਹਨਾਂ ਨੂੰ ਪਿੰਜਰੀ ਦੇ ਕੇ ਸਾਡੇ ਮਨ ਨੂੰ ਬਹੁਤ ਸੁਕੂਨ ਮਿਲਿਆ ਅਤੇ ਉਹਨਾਂ ਨਾਲ ਵਾਅਦਾ ਕੀਤਾ ਕਿ ਜੋ ਵੀ ਅੱਗੇ ਤੋਂ ਵੀ ਸੇਵਾ ਸਾਡੇ ਤੋਂ ਹੋਈ ਉਹ ਜਰੂਰ ਤੁਹਾਡੇ ਤੱਕ ਪਹੁੰਚਦੀ ਕਰਾਂਗੇ।



### ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤਖ਼ਤ ਸ਼੍ਰੀ ਦਮਦਮਾ ਸਾਹਿਬ ਵਿਖੇ ਹੋਏ ਨਤਮਸਤਕ

# ਸਰਬੱਤ ਦੇ ਭਲੇ ਲਈ ਕਾਰਵਾਈ ਅਰਦਾਸ








**ਤਲਵੰਡੀ ਸਾਬੋ, 26 ਦਸੰਬਰ (ਗੁਰਜੰਟ ਸਿੰਘ ਨਥੇਹਾ)**- ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈਟੀਓ ਤਖਤ ਸ਼੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਨਤਮਸਤਕ ਹੋਏ। ਇਸ ਪਾਵਨ ਅਸਥਾਨ 'ਤੇ ਮੱਥਾ ਟੇਕ ਕੇ ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਚਰਨਾਂ ਵਿੱਚ ਹਾਜ਼ਰੀ ਭਰੀ ਅਤੇ ਆਤਮਕ ਸ਼ਾਂਤੀ ਪ੍ਰਾਪਤ ਕੀਤੀ। ਇਸ ਮੌਕੇ ਉਹਨਾਂ ਦੇ ਨਾਲ ਵਿਧਾਇਕ (ਬਠਿੰਡਾ ਸ਼ਹਿਰੀ) ਸ. ਜਗਰੂਪ ਸਿੰਘ ਗਿੱਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈਟੀਓ ਨੇ ਜਿੱਥੇ ਸਰਬੱਤ ਦੇ ਭਲੇ ਲਈ ਅਰਦਾਸ ਕਰਵਾਈ ਉੱਥੇ ਉਨ੍ਹਾਂ ਦੇਸ਼ ਅਤੇ ਪੰਜਾਬ ਦੀ ਚੜ੍ਹਦੀ ਕਲਾ, ਭਾਈਚਾਰਕ ਸਾਂਝ, ਅਮਨ-ਸ਼ਾਂਤੀ ਅਤੇ ਖੁਸ਼ਹਾਲੀ ਲਈ ਕਾਮਨਾ ਕੀਤੀ। ਇਸ ਦੌਰਾਨ ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈਟੀਓ ਨੇ ਆਉਣ ਵਾਲੇ ਨਵੇਂ ਸਾਲ ਦੇ ਸੰਦਰਭ ਵਿੱਚ ਵੀ ਗੁਰੂ ਘਰ ਵਿੱਚ ਅਰਦਾਸ ਕਰਦਿਆਂ ਇਹ ਕਾਮਨਾ ਕੀਤੀ ਕਿ ਨਵਾਂ ਵਰ੍ਹਾ ਪੰਜਾਬ ਵਾਸੀਆਂ ਲਈ ਤਰੱਕੀ, ਖੁਸ਼ਹਾਲੀ ਅਤੇ ਸਮਾਜਿਕ ਏਕਤਾ ਦਾ ਸੁਨੇਹਾ ਲੈ ਕੇ ਆਵੇ। ਉਨ੍ਹਾਂ ਨੇ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸਾਨੂੰ ਸੱਚ, ਸੇਵਾ ਅਤੇ ਨਿਮਰਤਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੰਦੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

### ਬਾਹਰਲੇ ਮੁਲਕਾਂ ਅਤੇ ਇੰਡੀਆਂ ਵਿਚ ਸਾਜਸੀ ਢੰਗ ਰਾਹੀ ਕਤਲ ਕੀਤੇ ਜਾ ਰਹੇ

# ਸਿੱਖਾਂ ਦੇ ਕਾਤਲਾਂ ਨੂੰ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜ਼ਾ ਦਾ ਪ੍ਰਬੰਧ ਹੋਵੇ : ਮਾਨ



**ਫ਼ਤਹਿਗੜ੍ਹ ਸਾਹਿਬ, 26 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸ਼ਹੀਦ ਬਾਬਾ ਜੋਰਾਵਰ ਸਿੰਘ, ਸ਼ਹੀਦ ਬਾਬਾ ਫਤਹਿ ਸਿੰਘ, ਸ਼ਹੀਦ ਮਾਤਾ ਗੁਜਰ ਕੌਰ ਅਤੇ ਸ਼ਹੀਦ ਬਾਬਾ ਮੋਤੀ ਸਿੰਘ ਮਹਿਰਾ, ਦੀਵਾਨ ਟੋਡਰਮੱਲ ਜੀ ਨੂੰ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਅੱਜ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋ ਕੀਤੇ ਗਏ ਵਿਸਾਲ ਇਕੱਠ ਵਿਚ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸੁਬੋਧਿਤ ਹੁੰਦੇ ਹੋਏ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਨੇ ਬਿਨ੍ਹਾਂ ਕਿਸੇ ਸਵਾਰਥ ਅਤੇ ਮਨੁੱਖਤਾ ਦੀ ਬਿਹਤਰੀ ਲਈ ਸੰਸਾਰ ਭਰ ਦੀਆਂ ਹੋਈਆ ਸ਼ਹਾਦਤਾਂ ਵਿਚੋ ਸਭ ਤੋ ਛੋਟੀ ਉਮਰ ਦੀਆਂ ਸ਼ਹਾਦਤਾਂ ਦੇ ਕੇ ਇਹ ਪ੍ਰਤੱਖ ਕਰ ਦਿੱਤਾ ਹੈ ਕਿ ਸਿੱਖ ਕੌਮ ਕਿਸੇ ਵੀ ਵੱਡੇ ਤੋ ਵੱਡੇ ਜਬਰ ਜੁਲਮ ਜਾਂ ਬੇਇਨਸਾਫ਼ੀ ਵਿਰੁੱਧ ਕਦੀ ਵੀ ਆਪਣੀ ਈਨ ਨਹੀ ਮੰਨਦੀ ਬਲਕਿ ਆਪਣੇ ਗੁਰੂ ਸਾਹਿਬਾਨ ਦੁਆਰਾ ਤਹਿ ਕੀਤੇ ਗਏ ਨਿਯਮਾਂ, ਸਿਧਾਤਾਂ ਉਤੇ ਪਹਿਰਾ ਦਿੰਦੇ ਹੋਏ ਸ਼ਹਾਦਤਾਂ ਪ੍ਰਾਪਤ ਕਰਨ ਨੂੰ ਫਖਰ ਸਮਝਦੀ ਹੈ ।ਅੱਜ ਜਦੋ ਸਮਾਂ ਬੜਾ ਨਾਜੁਕ ਹੈ ਤਾਂ ਸਮੁੱਚੀ ਸਿੱਖ ਕੌਮ ਨੂੰ ਆਪਣੀਆ ਇਨ੍ਹਾਂ ਛੋਟੀਆ ਜਿੰਦਾ ਦੇ ਮਹਾਨ ਸਾਕੇ ਤੋ ਅਗਵਾਈ ਤੇ ਪ੍ਰੇਰਣਾ ਲੈਂਦੇ ਹੋਏ ਸਿੱਖ ਕੌਮ ਅਤੇ ਪੰਜਾਬੀਆਂ ਨਾਲ ਲੰਮੇ ਸਮੇ ਤੋ ਹੁਕਮਰਾਨਾਂ ਵੱਲੋ ਹਰ ਖੇਤਰ ਵਿਚ ਕੀਤੀਆ ਜਾ ਰਹੀਆ ਜਿਆਦਤੀਆ ਵਿਰੁੱਧ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨ ਸੰਸਥਾਂ ਦੀ ਅਗਵਾਈ ਹੇਠ ਇਕੱਤਰ ਹੋ ਕੇ ਦ੍ਰਿੜਤਾ ਨਾਲ ਜੂਝਦੇ ਹੋਏ ਆਪਣੀ ਕੌਮੀ ਮੰਜਿਲ ਖਾਲਿਸਤਾਨ ਵੱਲ ਵੱਧਣਾ ਚਾਹੀਦਾ ਹੈ ਜੋ ਸਾਡੇ ਸਿੱਖ ਨੌਜਵਾਨੀ ਦੇ ਹੁਕਮਰਾਨਾਂ ਨੇ ਕਤਲੇਆਮ ਕਰਵਾਇਆ ਹੈ, ਉਸਦੀਆ ਸਜਾਵਾਂ ਕੌਮਾਂਤਰੀ ਕਾਨੂੰਨਾਂ ਅਨੁਸਾਰ ਅਵੱਸ ਮਿਲਣ ਲਈ ਸਮੂਹਿਕ ਤੌਰ ਤੇ ਆਵਾਜ ਉਠਾਉਣੀ ਬਣਦੀ ਹੈ ਤਾਂ ਕਿ ਅਸੀ ਆਪਣੇ ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਨੂੰ ਦਰਪੇਸ ਆ ਰਹੇ ਮਸਲਿਆ ਦਾ ਹੱਲ ਇਕਤਾਕਤ ਹੋ ਕੇ ਕਰਵਾ ਸਕੀਏ । ਇਸ ਇਕੱਠ ਵਿਚ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵਿਚਾਰ ਪ੍ਰਗਟਾਉਦੇ ਹੋਏ ਸਮੁੱਚੀ ਸਿੱਖ ਕੌਮ ਨੂੰ ਆਪਣੇ ਸ਼ਹੀਦਾਂ ਦੀ ਸੋਚ ਉਤੇ ਪਹਿਰਾ ਦੇਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ ।ਅੱਜ ਦੇ ਇਸ ਇਕੱਠ ਵਿਚ ਸਰਬਸੰਮਤੀ ਨਾਲ ਜੈਕਾਰਿਆ ਦੀ ਗੂੰਜ ਵਿਚ 12 ਮਤੇ ਪਾਸ ਕੀਤੇ ਗਏ ਜਿਸ ਵਿਚ ਪਹਿਲੇ ਮਤੇ ਵਿਚ ਸ਼ਹੀਦਾਂ ਤੋ ਅਗਵਾਈ ਲੈਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦ੍ਰਿੜਤਾ ਨਾਲ ਮੰਜਿਲ ਪ੍ਰਾਪਤੀ ਤੱਕ ਪਹਿਰਾ ਦਿੰਦਾ ਰਹੇਗਾ, ਸਿੱਖ ਨੌਜਵਾਨੀ ਦੇ ਕਾਤਲ ਹੁਕਮਰਾਨਾਂ ਨੂੰ ਹਰ ਕੀਮਤ ਤੇ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜ਼ਾ ਮਿਲੇ, ਵਿਧਾਨਘਾੜਤਾ ਕਮੇਟੀ ਵਿਚ ਸਿੱਖ ਨੁਮਾਇੰਦਿਆ ਨੇ ਦਸਤਖਤ ਨਾ ਕਰਕੇ ਸਿੱਖ ਕੌਮ ਦੇ ਆਜਾਦ ਹੋਣ ਨੂੰ ਪ੍ਰਤੱਖ ਕਰ ਦਿੱਤਾ, 328 ਪਾਵਨ ਸਰੂਪਾਂ ਦੀ ਗੁੰਮਸੁਦਗੀ ਸੰਬੰਧੀ ਸ. ਬਲਦੇਵ ਸਿੰਘ ਵਡਾਲਾ ਵੱਲੋ ਕਾਨੂੰਨੀ ਅਮਲ ਅਤੇ ਸ. ਇਮਾਨ ਸਿੰਘ ਮਾਨ ਵੱਲੋ ਲੰਮੇ ਸਮੇ ਤੋ ਕੀਤੇ ਜਾ ਰਹੇ ਪੂਰਨ ਫਰਜਾਂ ਲਈ ਧੰਨਵਾਦ, ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਪੰਜਾਬ ਸੂਬੇ ਦੀਆਂ ਮਲਕੀਅਤਾਂ, ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਇਕੱਤਰ ਹੋ ਕੇ ਕੌਮ ਨਿਸਾਨੇ ਵੱਲ ਵੱਧੇ, ਨਿਊਜੀਲੈਂਡ ਵਿਚ ਨਗਰ ਕੀਰਤਨ ਵਿਚ ਰੁਕਾਵਟ ਪਾਉਣ ਵਾਲੇ ਅਨਸਰਾਂ ਵਿਰੁੱਧ ਅਮਲ ਤੇ ਜਾਂਚ ਹੋਵੇ, ਪੰਜਾਬ ਦੀ ਸਥਿਤੀ ਨੂੰ ਬਿਹਤਰ ਕਰਨ ਲਈ ਪੰਜਾਬ ਨਾਲ ਲੱਗਦੀਆ ਸਰਹੱਦਾਂ ਅਤੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਵਪਾਰ ਤੇ ਯਾਤਰਾਵਾ ਲਈ ਖੋਲਿਆ ਜਾਵੇ, ਐਸ.ਜੀ.ਪੀ.ਸੀ ਦੀ ਤੁਰੰਤ ਜਰਨਲ ਚੋਣ ਕਰਵਾਉਣ ਦਾ ਐਲਾਨ ਕੀਤਾ ਜਾਵੇ, ਰੀਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਪਾਣੀਆ ਦਾ ਕੰਟਰੋਲ ਪੰਜਾਬ ਦੇ ਹਵਾਲੇ ਹੋਵੇ, ਜੀ ਰਾਮ ਜੀ ਕਾਨੂੰਨ ਰਾਹੀ ਮਜਦੂਰਾਂ ਨੂੰ 365 ਦਿਨ ਕੰਮ ਅਤੇ ਉਨ੍ਹਾਂ ਦੀ ਵੱਧ ਤੋ ਵੱਧ ਉਜਰਤ ਦਿੱਤਾ ਜਾਵੇ, ਪੰਜਾਬ ਅਤੇ ਸਿੱਖ ਕੌਮ ਦੇ ਸਭ ਮਸਲਿਆ ਦਾ ਇਕੋ ਇਕ ਹੱਲ ਕਾਮਰੇਡ ਚੀਨ, ਹਿੰਦੂ ਇੰਡੀਆ ਅਤੇ ਇਸਲਾਮਿਕ ਪਾਕਿਸਤਾਨ ਦੀ ਤ੍ਰਿਕੋਣ ਦੇ ਵਿਚਕਾਰ ਬਤੌਰ ਬਫਰ ਸਟੇਟ (ਖ਼ਾਲਿਸਤਾਨ) ਜਮਹੂਰੀਅਤ ਅਤੇ ਕੌਮਾਂਤਰੀ ਕਾਨੂੰਨਾਂ ਅਧੀਨ ਤੁਰੰਤ ਕਾਇਮ ਹੋਵੇ ਅਤੇ ਏਸੀਆ ਖਿੱਤੇ ਦੇ ਅਮਨ ਚੈਨ ਨੂੰ ਬਹਾਲ ਰੱਖਣ ਵਿਚ ਸਹਾਈ ਹੋਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

## ਸ਼ਹੀਦੀ ਪੰਦਰਵਾੜੇ ਨੂੰ ਸਮਰਪਿਤ ਇਕ ਨਜ਼ਮ

ਮਨੁੱਖੀ ਅਜ਼ਮਤ ਜ਼ਿੰਦਾ ਰੱਖਣ ਲਈ,
ਅਪਣਾ ਸੀਸ ਲਗਾ ਦਿੱਤਾ।
ਧੰਨ ਗੁਰੂ ਸ਼੍ਰੀ ਤੇਗ. ਬਹਾਦਰ,
ਡੁੱਬਦਾ ਧਰਮ ਬਚਾ ਦਿੱਤਾ।

ਤਾਕਤ ਵਿਚ ਸੀ ਅੰਨ੍ਹਾ ਹਾਕਮ ,
ਜ਼ੁਲਮ ਦੀ ਨ੍ਹੇਰੀ ਝੁੱਲ ਗਈ।
ਰਾਜ ਭਾਗ ਦੀ ਕੁੱਲ ਮਰਿਆਦਾ,
ਅਸਲੋਂ ਉਸ ਨੂੰ ਭੁੱਲ ਗਈ।
ਜ਼ਬਰ ਜ਼ੁਲਮ ਦੇ ਝੱਖੜ ਵਿਚ,
ਸਤਿਗੁਰੂ ਨੇ ਦੀਪ ਜਗਾ ਦਿੱਤਾ।

ਕੱਟੜਪੰਥੀ ਹਾਕਮ ਨੂੰ ਤਾਂ,
ਇੱਕੋ ਹੀ ਰੰਗ ਭਾਉਂਦਾ ਸੀ ।,
ਚਾਨਣ ਵਿਚਲੇ ਬਾਕੀ ਸਭ ਰੰਗ,
ਧੱਕੇ ਨਾਲ ਮਿਟਾਉਂਦਾ ਸੀ।
ਬਹੁਰੰਗੀ ਰਹੇਗੀ ਦੁਨੀਆਂ,
ਅੱਗੋਂ ਗੁਰਾਂ ਸੰਦੇਸ਼ ਘਲਾ ਦਿੱਤਾ ??

ਲਾਲ ਪੀਲਾ ਹੋ ਔਂਗੇ ਨੇ,
ਸੀ ਫ਼ਿਰ ਤਾਣ ਲਈ ਸ਼ਮਸ਼ੀਰ।
ਓਹਦੀ ਧਾਰ ਨੂੰ ਖੂੰਢੀ ਕਰਨ ਲਈ,
ਅੱਗੇ ਆਇਆ ਸੰਤ ਫ਼ਕੀਰ।

ਜ਼ਬਰ ਨਾਲ ਟਕਰਾਉਣ ਲਈ,
ਸਬਰ ਨੂੰ ਰਾਹ ਦਿਖਾ ਦਿੱਤਾ।

ਚੱਲੀ ਤੇਗ. ਤੇ ਬਿਜਲੀ ਕੜਕੀ,
ਜਾਬਰ ਜ਼ੋਰ ਦਿਖਾ ਚੱਲਿਆ।
ਫ਼ਿਰ ਅਣਖ ਨੇ ਲੈ ਅੰਗੜਾਈ,
ਸੀ ਹੱਕ ਸੱਚ ਦਾ ਰਾਹ ਮੱਲਿਆ।
ਜੈ ਜੈ ਕਾਰ ਧਰਮ ਦੀ ਹੋਈ,
ਆਖ਼ਰ ਕੂੜ ਹਰਾ ਦਿੱਤਾ

ਧੰਨ ਹੈ ਤੇਰਾ ਫ਼ਲਸਫ਼ਾ ਸਤਿਗੁਰੂ,
ਧੰਨ ਹੈ ਤੇਰੀ ਕੁਰਬਾਨੀ।
ਇਤਿਹਾਸ 'ਚ ਕਿਧਰੇ ਹੋਰ ਨਹੀਂ,
ਐਸਾ ਬਲੀਦਾਨ ਲਾਸਾਨੀ ।
'ਜੀਤ' ਜੱਗ ਲਈ ਮਾਰਗ ਦਰਸ਼ਕ,
ਗੁਰਾਂ ਇਤਿਹਾਸ ਰਚਾ ਦਿੱਤਾ।

**-ਅਮਰਜੀਤ ਸਿੰਘ ਜੀਤ**
91941728712 2

ਆਵਾਜ਼ਿ ਕੌਮ AWAZE QAUM International Newspaper & WEB TV

## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਹੋਕੇ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਹੀ ਅਸਲ ਵਾਰਸ : ਕਰਨੈਲ ਸਿੰਘ ਪੀਰ ਮੁਹੰਮਦ



**ਚੰਡੀਗੜ੍ਹ, 26 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਮੁੱਖ ਬੁਲਾਰੇ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਮੁੱਚੀ ਦੁਨੀਆਂ ਅੰਦਰ ਵਸਦੇ ਸਿੱਖਾਂ ਲਈ ਬਹੁਤ ਹੀ ਜਜ਼ਬੇ ਭਰਪੂਰ ਸੁਨੇਹਾ ਹੈ ਕਿਉਂਕਿ ਸਾਹਿਬਜ਼ਾਦਿਆਂ ਨੇ ਸੱਤ ਤੇ ਨੌ ਸਾਲ ਦੀ ਉਮਰ ਦੇ ਵਿੱਚ ਬਹੁਤ ਵੱਡੀ ਕੁਰਬਾਨੀ ਦਿੱਤੀ ਔਰ ਮਾਤਾ ਗੁਜਰ ਕੌਰ ਜੀ ਨੇ ਜੋ ਸਿੱਖਿਆਵਾਂ ਦਿੱਤੀਆਂ ਉਹਨਾਂ ਨੇ ਸੂਬੇ ਦੀ ਕਚਹਿਰੀ ਵਿੱਚ ਜਾ ਕੇ ਜਾਲਮ ਨੂੰ ਲਲਕਾਰਿਆ ਸੁੱਚਾ ਨੰਦ ਵਰਗੇ ਪਾਪੀ ਲੋਕਾਂ ਦੇ ਮੂੰਹ ਦੇ ਉੱਪਰ ਉਸ ਵੇਲੇ ਸਿਕਰੀ ਜੰਮ ਗਈ ਜਦੋਂ ਸਾਹਿਬਜ਼ਾਦਿਆਂ ਨੇ ਕਿਹਾ ਕਿ ਅਸੀਂ ਜਦੋਂ ਵੀ ਤੁਸੀਂ ਸਾਨੂੰ ਰਿਹਾ ਕਰੋਗੇ ਅਸੀਂ ਫਿਰ ਇਕੱਠੇ ਹੋਵਾਂਗੇ ਪੰਥ ਖਾਲਸੇ ਨੂੰ ਇੱਕ ਜਗ੍ਹਾ ਤੇ ਇਕੱਠੇ ਕਰਕੇ ਫਿਰ ਜ਼ੁਲਮ ਦੇ ਖਿਲਾਫ ਲੜਾਂਗੇ ਸੋ ਅਜਿਹੇ ਹਾਲਾਤਾਂ ਦੇ ਵਿੱਚ ਅੱਜ ਦੇ ਸਮੇਂ ਦੇ ਵਿੱਚ ਸਿੱਖ ਕੌਮ ਨੂੰ ਆਪਸੀ ਏਕਤਾ ਸੁਰਤਾ ਦੀ ਬੇਹੱਦ ਲੋੜ ਹੈ ਇੱਕ ਦੂਜੇਉੱਪਰ ਦੂਸ਼ਣਬਾਜ਼ੀ ਕਰਨ ਦੀ ਬਜਾਏ ਪੰਥ ਖਾਲਸੇ ਦੀ ਚੜ੍ਹਦੀ ਕਲਾ ਵਾਸਤੇ ਔਰ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਆਪਸੀ ਇੱਕ ਸੁਰਤਾ ਦੀ ਬੇਹੱਦ ਲੋੜ ਹੈ। ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਸਪਸ਼ਟ ਕੀਤਾ ਕਿ ਖਾਲਸਾ ਪੰਥ ਅੰਦਰ ਜਦ ਵੀ ਏਕਤਾ ਹੋਈ ਹੈ ਤਾਂ ਹਮੇਸ਼ਾ ਪੰਥ ਖਾਲਸੇ ਦੀ ਹਰ ਮੈਦਾਨ ਚੜ੍ਹਦੀ ਕਲਾ ਹੋਈ ਹੈ। ਜਦੋਂ ਜਦੋਂ ਵੀ ਆਪਸੀ ਇਕ ਸੁਰਤਾ ਦੀ ਘਾਟ ਰਹੀ ਹੈ ਉਸ ਵਕਤ ਦੁਸ਼ਮਣ ਜਿਹੜਾ ਹੈ ਉਸ ਨੇ ਸਿੱਖ ਕੌਮ ਦਾ ਬੇਹੱਦ ਨੁਕਸਾਨ ਕੀਤਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ ਉਹਨਾਂ ਦੇ ਬੱਚਿਆਂ ਦੀਆਂ ਸ਼ਹਾਦਤਾਂ ਔਰ ਗੁਰੂ ਪਿਆਰੇ ਖਾਲਸਾ ਨੂੰ ਬਹੁਤ ਵੱਡਾ ਸੰਦੇਸ਼ ਦਿੰਦੀਆਂ ਹਨ ਕਿ ਅਸੀਂ ਜ਼ੁਲਮ ਦੇ ਖਿਲਾਫ ਲੜਨਾ ਹੈ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਮੌਜੂਦਾ ਕੇਂਦਰ ਦੀ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਸਿੱਖ ਕੌਮ ਦੇ ਨਾਲ ਟਕਰਾਅ ਦਾ ਰਸਤਾ ਅਪਣਾਉਣ ਦੀ ਜਗ੍ਹਾ ਸਿੱਖ ਕੌਮ ਦੀਆਂ ਕੁਰਬਾਨੀਆਂ ਗੁਰੂ ਸਾਹਿਬਾਨ ਦੀਆਂ ਵੱਡੀਆਂ ਕੁਰਬਾਨੀਆਂ ਨੂੰ ਮੁੱਖ ਰੱਖ ਕੇ ਸਿੱਖ ਕੌਮ ਦੀਆਂ ਜੋ ਜਾਇਜ ਮੰਗਾਂ ਨੇ ਉਹਨਾਂ ਨੂੰ ਤੁਰੰਤ ਪ੍ਰਵਾਨ ਕੀਤਾ ਜਾਵੇ ਕਿਉਂਕਿ ਜਦੋਂ ਵੀ ਪ੍ਰਧਾਨ ਮੰਤਰੀ ਗ੍ਰਿਹ ਮੰਤਰੀ ਰੱਖਿਆ ਮੰਤਰੀ ਜਾਂ ਦੇਸ਼ ਦੇ ਜਿੰਨੇ ਵੀ ਹਾਕਮ ਨੇ ਉਹ ਕੋਈ ਵੀ ਗੱਲ ਕਰਦੇ ਹਨ ਤਾਂ ਉਹ ਹਮੇਸ਼ਾ ਸਿੱਖ ਇਤਿਹਾਸ ਦਾ ਵਰਣਨ ਕਰਕੇ ਕਹਿੰਦੇ ਨੇ ਕਿ ਜੇਕਰ ਸਿੱਖ ਗੁਰੂ ਸਾਹਿਬਾਨ ਕੁਰਬਾਨੀਆਂ ਨਾ ਦਿੰਦੇ ਤਾਂ ਅੱਜ ਹਿੰਦੁਸਤਾਨ ਦਾ ਸਵਰੂਪ ਬਿਲਕੁਲ ਅਲੱਗ ਹੋਣਾ ਸੀ ਬੀਤੇ ਦਿਨੀ ਭਾਰਤ ਦੇ ਗ੍ਰਿਹ ਮੰਤਰੀ ਸ੍ਰੀ ਅਮਿਤ ਸ਼ਾਹ ਜੀ ਨੇ ਵੀ ਇਹੋ ਗੱਲ ਕਹੀ ਹੈ ਜਦੋਂ ਤੁਹਾਨੂੰਸਿੱਖ ਕੌਮ ਬਾਰੇ ਇੰਨੀ ਜਾਣਕਾਰੀ ਹੈ ਤਾਂ ਫਿਰ ਇਸ ਕੌਮ ਦੇ ਉੱਪਰ ਕਿਸੇ ਵੀ ਤਰ੍ਹਾਂ ਦਾ ਅਨਿਆ ਜ਼ੁਲਮ ਕਰਨਾ ਬੇਹਦ ਘਾਤਕ ਸਿੱਧ ਹੋ ਸਕਦਾ ਹੈ। ਸੋ ਪੰਥ ਖਾਲਸਾ ਹਮੇਸ਼ਾ ਜ਼ੁਲਮ ਦੇ ਖਿਲਾਫ ਲੜਿਆ ਹੈ ਲੜਦਾ ਰਹੇਗਾ ਆਪਣੇ ਹੱਕਾਂ ਹਕੂਕਾਂ ਵਾਸਤੇ ਹਮੇਸ਼ਾ ਆਵਾਜ਼ ਬੁਲੰਦ ਕਰਦਾ ਰਹੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

### ਹਮ ਰਾਖਤ ਪਾਤਸ਼ਾਹੀ ਦਾਵਾ ਵਲੋਂ ਸਿੱਖ ਪੰਥ ਦੇ ਲਹੂ ਭਿੱਜੇ ਇਤਿਹਾਸ ਨੂੰ ਸੰਗਤਾਂ ਤਕ ਪਹੁੰਚਾਣ ਲਈ

# ਨਗਰ ਕੀਰਤਨ ਵਿਚ ਨੌਜੁਆਨਾਂ ਨੇ ਵੰਡੀਆਂ ਫ੍ਰੀ ਕਿਤਾਬਾਂ




ਨਵੀਂ ਦਿੱਲੀ 26 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਦਸਮ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਮੌਕੇ ਦਿੱਲੀ ਕਮੇਟੀ ਵਲੋਂ ਸਜਾਏ ਗਏ ਨਗਰ ਕੀਰਤਨ ਵਿਚ ਨੌਜੁਆਨਾਂ ਨੇ ਬਹੁਤ ਸੋਹਣਾ ਉਪਰਾਲਾ ਕਰਦਿਆਂ ਜੱਥੇਬੰਦੀ "ਹਮ ਰਾਖਤ ਪਾਤਸ਼ਾਹੀ ਦਾਵਾ ਪੰਥ ਅਵੱਲ" ਪ੍ਰਚਾਰ ਸੇਵਾ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਨਗਰ ਕੀਰਤਨ ਵਿਚ ਕਿਤਾਬਾਂ ਦੇ ਨਾਲ ਵੱਖ ਵੱਖ ਮੁਦਿਆਂ ਦੇ ਪੰਪਲੇਟ ਵੰਡ ਕੇ ਆਪਣਾ ਦਸਵੰਧ ਲੇਖੇ ਲਗਾਇਆ । ਉਨ੍ਹਾਂ ਵਲੋਂ ਨਗਰ ਕੀਰਤਨ ਵਿਚ ਲਗਾਏ ਗਏ ਟਰੱਕ ਉਪਰ ਲਗਾਈ ਗਈ ਸੰਤ ਭਿੰਡਰਾਂਵਾਲਿਆਂ ਅਤੇ ਭਾਈ ਸੁਖਦੇਵ ਸਿੰਘ ਬੱਬਰ ਦੀ ਵਡ ਆਕਾਰੀ ਫੋਟੋ ਅਤੇ ਚਲ ਰਹੀਆਂ ਜੋਸ਼ੀਲੀ ਢਾਡੀ ਦੀਆਂ ਵਾਰਾਂ ਸੰਗਤਾਂ ਦਾ ਧਿਆਨ ਆਪਣੇ ਵਲ ਖਿੱਚ ਰਹੀ ਸੀ । ਇਸ ਬਾਰੇ ਜਾਣਕਾਰੀ ਦੇਂਦਿਆ ਭਾਈ ਦੀਪ ਸਿੰਘ ਨੇ ਦਸਿਆ ਕਿ ਆਪਣੇ ਲਹੂ ਭਿੱਜੇ ਇਤਿਹਾਸ ਨਾਲ ਜੋੜਨਾ ਬਹੁਤ ਜਰੂਰੀ ਹੈ ਜਿਸ ਨਾਲ ਉਨ੍ਹਾਂ ਨੂੰ ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਮ ਪਾਤਸ਼ਾਹ ਜੀ ਦੇ ਗੁਰ ਇਤਿਹਾਸ ਦੇ ਨਾਲ ਸਿੰਘ, ਸਿੰਘਣੀਆਂ, ਭੁਜੰਗੀਆਂ ਵਲੋਂ ਦਿਤੀਆਂ ਗਈਆਂ ਸ਼ਹਾਦਤਾਂ, ਗੰਗੂ ਵਰਗਿਆਂ ਦਾ ਸਿੱਖਾਂ ਨਾਲ ਦਗਾ ਕਮਾਉਣਾ, ਮੁਗਲ ਹਕੂਮਤ ਉਪਰੰਤ ਹਿੰਦੁਸਤਾਨ ਦੀ ਆਜ਼ਾਦੀ ਲਈ ਸਿੱਖਾਂ ਦੀਆਂ ਕੁਰਬਾਣੀਆਂ ਉਪਰੰਤ ਸਰਕਾਰਾਂ ਵਲੋਂ ਸਿੱਖਾਂ ਨਾਲ ਕੀਤੇ ਗਏ ਵਿਸ਼ਾਘਾਤ ਨੂੰ ਸਿੱਖ ਪਨੀਰੀ ਨੂੰ ਦਸਣਾ ਬਹੁਤ ਜਰੂਰੀ ਹੈ ਇਸ ਲਈ ਅਸੀਂ ਕੇਸ, ਦਾਸਤਾਨ ਏ ਸ਼ਹਾਦਤ (ਗੁਰੂ ਤੇਗ ਬਹਾਦਰ ਸਾਹਿਬ ਜੀ), ਸਾਕਾ ਚਮਕੌਰ (ਵੱਡੇ ਸਾਹਿਬਜਾਦਿਆਂ ਦੀ ਸ਼ਹੀਦੀ), ਗੁਰਮੁੱਖੀ ਲਿਪੀ ਬੋਧ (ਬਾਲ ਉਪਦੇਸ਼), ਨਸ਼ੇ ਮਨੁੱਖਤਾ ਦੇ ਦੁਸ਼ਮਣ, ਸਾਕਾ ਸਰਹਿੰਦ (ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ), ਧਰਤ ਅਨੰਦਪੁਰ ਦੀ ਵਰਗੀਆਂ ਕਿਤਾਬਾਂ ਫ੍ਰੀ ਵੰਡੀਆਂ ਹਨ । ਉਨ੍ਹਾਂ ਦਸਿਆ ਅੱਜ ਮੌਜੂਦਾ ਦੌਰ ਵਿਚ ਅਸੀਂ ਕੀਮਤੀ ਗਹਿਣੇ, ਕੱਪੜੇ, ਫ਼ਰਨੀਚਰ ਖ਼ਰੀਦਣ ਲਈ ਲੱਖਾਂ ਰੁਪਏ ਖ਼ਰਚ ਕਰਦੇ ਹਾਂ, ਵਿਆਹ-ਸ਼ਾਦੀ, ਸਮਾਗਮਾਂ, ਪਾਰਟੀਆਂ 'ਤੇ ਖ਼ਰਚ ਵੀਂ ਲੱਖਾਂ ਰੁਪਏ ਖਰਚ ਕਰ ਦੇਂਦੇ ਹਾਂ ਫਿਰ ਵੀ ਸਾਡੀ ਨੌਜਵਾਨ ਪੀੜ੍ਹੀ ਸਿੱਖੀ ਤੋਂ ਦੂਰ ਹੋ ਕੇ ਨਸ਼ਿਆਂ ਅਤੇ ਪਤਿਤਪੁਣੇ ਦੀ ਦਲਦਲ ਵਿਚ ਫਸਦੀ ਜਾ ਰਹੀ ਹੈ, ਸਾਡੀਆਂ ਬੱਚੀਆਂ ਦਾ ਫੋਕੇ ਵਿਖਾਵੇ, ਫ਼ੈਸ਼ਨ ਪ੍ਰਸਤੀ ਅਤੇ ਗੈਰ-ਸਿੱਖ ਲੜਕਿਆਂ ਵੱਲ ਧਿਆਨ ਜਾ ਰਿਹਾ ਹੈ। ਕਿਉਕਿ ਅਸੀਂ ਆਪਣੇ ਬੱਚਿਆਂ ਨੂੰ ਗੁਰ-ਇਤਿਹਾਸ, ਸਿੱਖ-ਇਤਿਹਾਸ, ਗੁਰਮਤਿ ਸਿਧਾਂਤ, ਸਿੱਖ ਮਾਣ ਮਰਿਆਦਾ ਨਾਲ ਸੰਬੰਧਿਤ ਸਾਹਿਤ/ਪੁਸਤਕਾਂ ਖ਼ਰੀਦ ਕੇ ਦੇਣ ਅਤੇ ਪੜ੍ਹਾਉਣ ਵਿਚ ਦਿਲਚਸਪੀ ਨਹੀਂ ਦਿਖਾਂਦੇ ਹਾਂ ਜਾ ਫਿਰ ਇਸ ਕੰਮ ਲਈ ਸਿੱਖ ਸਮਾਜ ਕੋਲ ਪੈਸਾ, ਸਮਾਂ, ਊਰਜਾ ਅਤੇ ਇੱਛਾ ਸ਼ਕਤੀ ਨਹੀਂ ਹੈ । ਉਨ੍ਹਾਂ ਕਿਹਾ ਜ਼ੇਕਰ ਸਮਾਂ ਰਹਿੰਦੇ ਅਸੀਂ ਨਹੀਂ ਚੇਤੇ ਤਾਂ ਜ਼ਰਾ ਸੋਚੋ, ਸਾਡਾ ਭਵਿੱਖ ਕੀ ਹੋਵੇਗਾ..??

ਆਵਾਜ਼ਿ ਕੌਮ AWAZE QAUM International Newspaper & WEB TV

### ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਪਾਵਨ ਅਵਤਾਰ ਦਿਹਾੜੇ ਨੂੰ ਸਮਰਪਿਤ ਦਮਦਮੀ ਟਕਸਾਲ ਵੱਲੋਂ

# ਨਗਰ ਕੀਰਤਨ ਦਾ ਅੱਡਾ ਨਾਥ ਖੂੰਹੀ ਵਿੱਖੇ ਨਿੱਘਾ ਸਵਾਗਤ ਕੀਤਾ



ਚੌਕ ਮਹਿਤਾ, 26 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਮਦਮੀ ਟਕਸਾਲ ਮਹਿਤਾ ਵੱਲੋਂ ਸਜਾਏ ਗਏ ਮਹਾਨ ਨਗਰ ਕੀਰਤਨ ਦਾ ਅੱਡਾ ਨਾਥ ਦੀ ਖੂਹੀ ਵਿਖੇ ਪਹੁੰਚਣ 'ਤੇ ਪ੍ਰਿੰਸੀਪਲ ਸ਼ਿਵਚਰਨ ਸਿੰਘ ਰੰਧਾਵਾ ਪ੍ਰਧਾਨ, ਹੈਡ ਗ੍ਰੰਥੀ ਗਿਆਨੀ ਸਾਹਿਬ ਸਿੰਘ ਭੋਏਵਾਲ, ਸਰਪੰਚ ਲਖਵਿੰਦਰ ਸਿੰਘ, ਕੁਲਜੀਤ ਸਿੰਘ ਨਾਥ ਦੀ ਖੂਹੀ, ਵਸਨ ਸਿੰਘ, ਮੈਡਮ ਰਾਜਦੀਪ ਕੌਰ, ਹਰਪਾਲ ਸਿੰਘ ਫੌਜੀ, ਦਿਲਬਾਗ ਸਿੰਘ ਸਿੰਘ, ਕਵਲਜੀਤ ਸਿੰਘ, ਚੇਅਰਮੈਨ ਕੰਵਰਦੀਪ ਸਿੰਘ ਮਾਨ, ਇਕਬਾਲ ਸਿੰਘ ਮਾਨ, ਗੁਰਮੀਤ ਸਿੰਘ ਮਾਨ ਅਤੇ ਸਮੂਹ ਪਰਿਵਾਰ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਸਮੇਂ ਮਾਨ ਭਰਾਵਾਂ ਨੇ ਪੰਜ ਪਿਆਰ ਸਾਹਿਬਾਨ ਨੂੰ ਸਿਰੋਪਾਓ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਰੁਮਾਲਾ ਸਾਹਿਬ ਭੇਟ ਕੀਤਾ। ਇਸ ਮੌਕੇ ਗਿਆਨੀ ਸਾਹਿਬ ਸਿੰਘ, ਬਾਬਾ ਬੋਹੜ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਜੱਥੇ ਬਾਬਾ ਅਜੀਤ ਸਿੰਘ ਮੁਖੀ ਤਰਨਾਦਲ ਮਹਿਤਾ, ਸਾਬਕਾ ਸਰਪੰਚ ਕਸ਼ਮੀਰ ਸਿੰਘ ਕਾਲਾ, ਰਜਿੰਦਰ ਸਿੰਘ ਸ਼ਾਹ ਮਹਿਤਾ ਅਤੇ ਭਾਈ ਪ੍ਰਕਾਸ਼ ਸਿੰਘ ਦਾ ਵੀ ਸਨਮਾਨ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਤਖ਼ਤ ਪਟਨਾ ਸਾਹਿਬ ਵਿਖ਼ੇ ਦਸਮ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਇਆ ਗਿਆ ਮਹਾਨ ਨਗਰ ਕੀਰਤਨ









**ਨਵੀਂ ਦਿੱਲੀ, 26 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)-** ਤਖ਼ਤ ਪਟਨਾ ਸਾਹਿਬ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 25 ਤੋਂ 27 ਦਸੰਬਰ ਤੱਕ ਮਨਾਇਆ ਜਾ ਰਿਹਾ ਹੈ। ਗੁਰਦੁਆਰਾ ਗਾਇ ਘਾਟ ਵਿੱਚ ਪਰਸੋਂ ਤੋਂ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਗਏ ਸਨ, ਜਿਨ੍ਹਾਂ ਦੀ ਸਮਾਪਤੀ ਤੋਂ ਬਾਅਦ ਅੱਜ ਵਿਸ਼ੇਸ਼ ਦੀਵਾਨ ਸਜਾਏ ਗਏ ਅਤੇ ਉਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਮਹਾਨ ਨਗਰ ਕੀਰਤਨ ਕੱਢਿਆ ਗਿਆ, ਜਿਸ ਦੀ ਸਮਾਪਤੀ ਦੇਰ ਸ਼ਾਮ ਤਖ਼ਤ ਪਟਨਾ ਸਾਹਿਬ ਵਿੱਚ ਹੋਈ। ਤਖ਼ਤ ਪਟਨਾ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਜੀ, ਐਡੀਸ਼ਨਲ ਹੈਡ ਗ੍ਰੰਥੀ ਦਲੀਪ ਸਿੰਘ, ਗੁਰਦਿਆਲ ਸਿੰਘ, ਤਖ਼ਤ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਸਕੱਤਰ ਇੰਦਰਜੀਤ ਸਿੰਘ, ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ, ਉਪ ਪ੍ਰਧਾਨ ਗੁਰਵਿੰਦਰ ਸਿੰਘ, ਮੈਂਬਰ ਹਰਪਾਲ ਸਿੰਘ ਜੋਹਲ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ। ਨਗਰ ਕੀਰਤਨ ਦੀ ਸ਼ੁਰੂਆਤ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਆਸਮਾਨ ਵਿੱਚ ਗੁਬਾਰੇ ਛੱਡ ਕੇ ਕੀਤੀ ਗਈ। ਨਗਰ ਕੀਰਤਨ ਵਿੱਚ ਸ਼ਬਦੀ ਜੱਥੇ, ਸਕੂਲਾਂ ਦੇ ਬੱਚੇ, ਬੈਂਡ ਬਾਜੇ, ਗਤਕਾ ਪਾਰਟੀਆਂ ਆਦਿ ਸ਼ਾਮਲ ਹੋਏ। ਸ. ਜਗਜੋਤ ਸਿੰਘ ਸੋਹੀ ਅਤੇ ਸ. ਇੰਦਰਜੀਤ ਸਿੰਘ ਨੇ ਦੱਸਿਆ ਕਿ ਤਖ਼ਤ ਸਾਹਿਬ ਕਮੇਟੀ ਵੱਲੋਂ ਦੇਸ਼-ਵਿਦੇਸ਼ ਤੋਂ ਆਈ ਸੰਗਤ ਲਈ ਰਹਾਇਸ਼, ਲੰਗਰ, ਟਰਾਂਸਪੋਰਟ, ਸੁਰੱਖਿਆ ਆਦਿ ਦੀ ਪੂਰੀ ਵਿਵਸਥਾ ਕੀਤੀ ਗਈ ਹੈ, ਤਾਂ ਜੋ ਸੰਗਤ ਨੂੰ ਕਿਸੇ ਤਰ੍ਹਾਂ ਦੀ ਅਸੁਵਿਧਾ ਨਾ ਹੋਵੇ। ਕੱਲ੍ਹ ਸਵੇਰੇ ਅੰਮ੍ਰਿਤ ਵੇਲੇ ਤੋਂ ਦੇਰ ਰਾਤ ਗੁਰੂ ਮਹਾਰਾਜ ਦੇ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਾਏ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਦਮਦਮੀ ਟਕਸਾਲ ਤੋਂ ਜੈਕਾਰਿਆਂ ਦੀ ਗੂੰਜ 'ਚ ਅਤੇ

# ਫੁੱਲਾਂ ਦੀ ਵਰਖਾ ਨਾਲ ਸਜਿਆ ਮਹਾਨ ਨਗਰ ਕੀਰਤਨ




ਚੌਂਕ ਮਹਿਤਾ, 25 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)-ਦਮਦਮੀ ਟਕਸਾਲ ਦੇ ਬਾਨੀ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਪਾਵਨ ਅਵਤਾਰ ਗੁਰਪੁਰਬ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਅੱਜ ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ) ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਰਹਿਨੁਮਾਈ ਹੇਠ ਟਕਸਾਲ ਦੇ ਹੈਡਕੁਆਰਟਰ ਗੁਰੂਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪੂਰੇ ਖਾਲਸਾਈ ਜਾਹੋ ਜਲਾਲ ਜੈਕਾਰਿਆਂ ਦੀ ਗੂੰਜ ਅਤੇ ਫੁੱਲਾਂ ਦੀ ਵਰਖਾ ਨਾਲ ਸਜਾਇਆ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜੇ ਇਸ ਨਗਰ ਕੀਰਤਨ ਦਾ ਖਾਲਸਾ ਅਕੈਡਮੀ ਮਹਿਤਾ ਵਿਖੇ ਖਾਲਸਾ ਕਾਲਜ, ਖਾਲਸਾ ਹਸਪਤਾਲ ਤੇ ਖਾਲਸਾ ਨਰਸਿੰਗ ਕਾਲਜ ਦੇ ਸਟਾਫ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਜੈਕਾਰਿਆਂ ਦੀ ਗੂੰਜ਼ ਵਿਚ ਅਗਲੇ ਪੜਾਅ ਲਈ ਰਵਾਨਾ ਹੋਏ ਪਾਲਕੀ ਸਾਹਿਬ ਦੇ ਅੱਗੇ ਦਮਦਮੀ ਟਕਸਾਲ ਦੇ ਸਿੰਘ "ਗੱਤਕਾ" ਖੇਡਦੇ ਨਜਰ ਆਏ, ਪਿੱਛੇ ਸੈਕੜਿਆਂ ਦੀ ਗਿਣਤੀ ਵਿਚ ਸੰਗਤਾਂ ਸ਼ਰਧਾ ਨਾਲ "ਸਤਿਨਾਮ ਵਾਹਿਗੁਰੂ" ਦਾ ਜਾਪ ਕਰ ਰਹੀਆਂ ਸਨ। ਬੱਸਾਂ, ਟਰੱਕਾਂ, ਟਰੈਕਟਰਾਂ, ਕਾਰਾਂ ਅਤੇ ਮੋਟਰਸਾਇਕਲਾਂ ਉੱਤੇ ਪਹੁੰਚੀ ਸੰਗਤ ਦਾ ਕਈ ਕਿਲੋਮੀਟਰ ਲੰਬਾ ਕਾਫ਼ਲਾ ਪਾਲਕੀ ਸਾਹਿਬ ਦੇ ਮਗਰ ਚਲਦਾ ਰਿਹਾ। ਰਸਤੇ ਵਿਚ ਸੰਗਤ ਦੇ ਛਕਣ ਲਈ ਸੇਵਾਦਾਰਾਂ ਦੇ ਵੱਲੋਂ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਗਿਆਨੀ ਸਾਹਿਬ ਸਿੰਘ, ਜੱਥੇ ਅਜੀਤ ਸਿੰਘ ਮੁਖੀ ਤਰਨਾਦਲ ਮਹਿਤਾ, ਜੱਥੇ ਬਾਬਾ ਬੋਹੜ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਸੰਤ ਬਾਬਾ ਸ਼ਿਵੰਦਰ ਸਿੰਘ ਟਾਹਲੀ ਸਾਹਿਬ,ਹੈਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਪ੍ਰੋ ਗਿਆਨੀ ਜੋਬਨਜੀਤ ਸਿੰਘ, ਭਾਈ ਚਰਨਜੀਤ ਸਿੰਘ,ਪ੍ਰਿੰ. ਡਾਕਟਰ ਜਤਿੰਦਰ ਸ਼ਰਮਾ, ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾਂ, ਭਾਈ ਪ੍ਰਕਾਸ਼ ਸਿੰਘ, ਰਜਿੰਦਰ ਸਿੰਘ ਸ਼ਾਹ ਮਹਿਤਾ, ਸਾਬਕਾ ਸਰਪੰਚ ਕਸ਼ਮੀਰ ਸਿੰਘ ਕਾਲਾ, ਜੱਥੇ ਰਾਜਬੀਰ ਸਿੰਘ ਉਦੋਨੰਗਲ, ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਸਰਪੰਚ ਰਜਿੰਦਰ ਸਿੰਘ ਉਦੋਨੰਗਲ, ਗੁਰਮੁਖ ਸਿੰਘ ਸਾਹਿਬ, ਸਰਪੰਚ ਗੁਰਮੇਜ ਸਿੰਘ ਉਦੋਨੰਗਲ, ਚੇਅਰਮੈਨ ਕੰਵਰਦੀਪ ਸਿੰਘ ਮਾਨ, ਇਕਬਾਲ ਸਿੰਘ ਮਾਨ, ਮਾਸਟਰ ਗੁਰਪ੍ਰੀਤ ਸਿੰਘ ਜਲਾਲ, ਮਾਸਟਰ ਸੁਖਦੇਵ ਸਿੰਘ ਜਲਾਲ, ਗਿਆਨੀ ਸੁਰਜੀਤ ਸਿੰਘ, ਬਲਕਾਰ ਸਿੰਘ ਬਾਠ ਪੀ.ਬੀ.ਐੱਸ ਚੌਕ ਮਹਿਤਾ, ਠੇਕੇਦਾਰ ਲਖਵਿੰਦਰ ਸਿੰਘ ਸਰਪੰਚ ਉਸਮਾਂ ਪਰਮਜੀਤ ਸਿੰਘ ਬਾਠ ਪੀ ਬੀ ਐੱਸ ਮੌਲ ਚੌਕ ਮਹਿਤਾ, ਸਤਨਾਮ ਸਿੰਘ ਬਾਠ ਪੀ ਬੀ ਐੱਸ ਮੌਲ ਚੌਕ ਮਹਿਤਾ, ਬੂਟਾ ਸਿੰਘ ਜਲਾਲ ਮੀਡੀਆ ਇੰਚਾਰਜ ਜੰਡਿਆਲਾ ਗੁਰੂ, ਹਲਕਾ ਕੁਆਰਡੀਨੇਟਰ ਹਰਜਿੰਦਰ ਸਿੰਘ ਉਸਮਾਂ, ਗੁਲਜਿੰਡਰ ਸਿੰਘ ਲਾਡੀ ਡਾ, ਜੈਪਾਲ ਸਿੰਘ ਜਲਾਲ,ਤੇ ਜੱਥੇ ਨਸੀਬ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ। ਜਿਕਰਯੋਗ ਹੈ ਕਿ ਇਹ ਨਗਰ ਪਿੰਡ ਉੱਦੋਨੰਗਲ, ਸੂਰੋ ਪੱਡਾ, ਨਾਥ ਦੀ ਖੂਹੀ, ਜਲਾਲ ਉਸਮਾਂ, ਗੁਰਦੁਆਰਾ ਚੇਲੇਆਣਾ ਸਾਹਿਬ, ਰਜਧਾਨ, ਭਲਾਈਪੁਰ, ਅੱਡਾ ਦਾਊਦ, ਅੱਡਾ ਵਡਾਲਾ, ਮੋੜ ਸੁਧਾਰ, ਅੱਡਾ ਦਨਿਆਲ, ਮੋੜ ਕਲੇਰ ਘੁਮਾਣ, ਧਿਆਨਪੁਰ, ਬਾਬਾ ਬਕਾਲਾ ਸਾਹਿਬ, ਠੱਠੀਆਂ, ਬੇਦਾਦਪੁਰ, ਸਠਿਆਲਾ, ਗੱਗੜਭਾਣਾ, ਬੁੱਟਰ, ਟਕਾਪੁਰ, ਖੱਬੇ ਰਾਜਪੂਤਾਂ, ਅੱਡਾ ਸੈਦੂਕੇ, ਚੂੰਗ ਅਤੇ ਕਸਬਾ ਮਹਿਤਾ ਚੌਂਕ ਤੋਂ ਹੁੰਦਾ ਹੋਇਆ ਸ਼ਾਮ ਵੇਲੇ ਵਾਪਸ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚੇਗਾ।

### ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਭਾਈ ਪ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਐਸ ਐਸ ਪੀ ਮੋਗਾ ਦੇ ਦਫ਼ਤਰ ਦੇ ਬਾਹਰ ਰੋਸ ਪ੍ਰਦਰਸ਼ਨ

# ਐਸ ਐਸ ਪੀ ਮੋਗਾ ਨੇ ਇਨਕੁਆਰੀ ਕਰਕੇ ਪਰਚਾ ਰੱਦ ਕਰਨ ਦਾ ਦਿਵਾਇਆ ਭਰੋਸਾ

**ਮੋਗਾ, 26 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਮੋਗਾ ਜ਼ਿਲ੍ਹੇ ਦੇ ਪਿੰਡ ਚੂਹੜ ਚੱਕ ਦੇ ਨਿਵਾਸੀ ਭਾਈ ਪ੍ਰਿਤਪਾਲ ਸਿੰਘ ਦੀ ਕੀਤੀ ਗਈ ਗੈਰ-ਵਾਜਿਬ ਅਤੇ ਗੈਕਾਨੂੰਨੀ ਗ੍ਰਿਫ਼ਤਾਰੀ ਦੇ ਸਖ਼ਤ ਵਿਰੋਧ ਵਜੋਂ ਅੱਜ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਵਰਕਰਾਂ ਨੂੰ ਨਾਲ ਲੈ ਕੇ ਐਸ.ਐਸ.ਪੀ. ਮੋਗਾ ਦੇ ਦਫ਼ਤਰ ਅੱਗੇ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਵਕਤ ਭਾਈ ਪ੍ਰਿਤਪਾਲ ਸਿੰਘ ਜੀ ਦੀ ਧਰਮਤਨੀ ਬੀਬੀ ਕਿਰਨਜੀਤ ਕੌਰ ਅਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਿੱਚ ਮੁੱਖ ਤੌਰ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਦੇ ਚਾਚਾ ਸੁਖਚੈਨ ਸਿੰਘ ਜੀ, ਚਾਚਾ ਪ੍ਰਗਟ ਸਿੰਘ ਜੀ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਦਲੇਰ ਸਿੰਘ ਡੋਡ, ਭਾਈ ਪ੍ਰਿਥੀਪਾਲ ਸਿੰਘ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਭੁਪਿੰਦਰ ਸਿੰਘ ਗੱਦਲੀ, ਭਾਈ ਦਇਆ ਸਿੰਘ ਜੀ, ਭਾਈ ਸਰਬਜੀਤ ਸਿੰਘ ਖ਼ਾਨਪੁਰ, ਬਾਬਾ ਬਿਬੇਕ ਸਿੰਘ, ਭਾਈ ਸੁਖਬੀਰ ਸਿੰਘ ਵਲਟੋਹਾ, ਭਾਈ ਸਵਰਨ ਸਿੰਘ ਗੋਲਡਨ, ਭਾਈ ਦਲਜੀਤ ਸਿੰਘ ਜਵੰਦਾ, ਭਾਈ ਕਰਨਵੀਰ ਸਿੰਘ, ਭਾਈ ਚਰਨਜੀਤ ਸਿੰਘ ਗਾਲਿਬ, ਭਾਈ ਜਸਕਰਨ ਸਿੰਘ ਲੋਪੋਕੇ, ਭਾਈ ਨਿਰਵੈਰ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਦਲਜੀਤ ਸਿੰਘ ਮਿਆਦੀਆਂ, ਭਾਈ ਜਗਨੰਦਨ ਸਿੰਘ ਅਤੇ ਭਾਈ ਮਹਿੰਦਰਪਾਲ ਸਿੰਘ ਤੁੰਗ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਸਾਹਿਬਾਨ ਮੌਜੂਦ ਸਨ। ਇਸ ਰੋਸ ਪ੍ਰਦਰਸ਼ਨ ਮੌਕੇ ਪਾਰਟੀ ਆਗੂਆਂ ਨੇ ਕਿਹਾ ਕਿ ਜਿਸ ਰਾਈਫਲ ਨੂੰ ਅਧਾਰ ਬਣਾਕੇ ਭਾਈ ਪ੍ਰਿਤਪਾਲ ਸਿੰਘ ਖ਼ਿਲਾਫ਼ ਐਫ਼.ਆਈ.ਆਰ. ਦਰਜ ਕੀਤੀ ਗਈ, ਉਹ ਅਸਲੀ ਹਥਿਆਰ ਨਹੀਂ ਸਗੋਂ ਖਿਡੌਣਾ (ਏਅਰ ਗੰਨ) ਸੀ। ਇਹ ਤੱਥ ਮੀਡੀਆ ਰਿਪੋਰਟਾਂ ਅਤੇ ਪਰਿਵਾਰਕ ਬਿਆਨਾਂ ਰਾਹੀਂ ਸਾਹਮਣੇ ਆ ਚੁੱਕਾ ਹੈ। ਇਸ ਦੇ ਬਾਵਜੂਦ ਬਿਨਾਂ ਕਿਸੇ ਤਕਨੀਕੀ ਜਾਂ ਕਾਨੂੰਨੀ ਜਾਂਚ ਦੇ ਭਾਈ ਪ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਜੁਡੀਸ਼ੀਅਲ ਕਸਟੱਡੀ ਵਿੱਚ ਭੇਜਣਾਂ ਸਰਾਸਰ ਗੈਰ-ਕਾਨੂੰਨੀ ਅਤੇ ਮਨਮਰਜ਼ੀ ਭਰੀ ਕਾਰਵਾਈ ਹੈ। ਉਹਨਾਂ ਨੇ ਸਵਾਲ ਉਠਾਇਆ ਕਿ ਜਦੋਂ ਕਾਨੂੰਨ ਅਨੁਸਾਰ ਕਿਸੇ ਵੀ ਹਥਿਆਰ ਦੀ ਕਿਸਮ, ਅਸਲੀਅਤ ਅਤੇ ਕਾਨੂੰਨੀ ਸਥਿਤੀ ਦੀ ਪੂਰੀ ਜਾਂਚ ਲਾਜ਼ਮੀ ਹੈ, ਤਾਂ ਫਿਰ ਬਿਨਾਂ ਜਾਂਚ ਪੜਤਾਲ ਦੇ ਇਹ ਕਾਰਵਾਈ ਕਿਹੜੇ ਦਬਾਅ ਹੇਠ ਕੀਤੀ ਗਈ? ਕੀ ਪੰਜਾਬ ਸਰਕਾਰ ਜਾਣਬੁੱਝ ਕੇ ਪੁਲਿਸ ਨੂੰ ਨਿਰਦੋਸ਼ ਲੋਕਾਂ ਖ਼ਿਲਾਫ਼ ਵਰਤ ਕੇ ਡਰ ਦਾ ਮਾਹੌਲ ਬਣਾਉਣਾ ਚਾਹੁੰਦੀ ਹੈ? ਪਾਰਟੀ ਨੇ ਪੰਜਾਬ ਸਰਕਾਰ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਅਸਲ ਮੁੱਦਿਆਂ ਨਸ਼ੇ, ਬੇਰੁਜ਼ਗਾਰੀ, ਮਹਿੰਗਾਈ ਅਤੇ ਕਾਨੂੰਨ-ਵਿਵਸਥਾ ਦੀ ਨਾਕਾਮੀ ਤੋਂ ਧਿਆਨ ਭਟਕਾਉਣ ਲਈ ਝੂਠੇ ਕੇਸਾਂ ਦੀ ਨੀਤੀ ਅਪਣਾਂ ਰਹੀ ਹੈ। ਇੱਕ ਖਿਡੌਣੇ ਦੇ ਆਧਾਰ 'ਤੇ ਕਿਸੇ ਨੂੰ ਜੇਲ੍ਹ ਭੇਜਣਾਂ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਲੋਕਤੰਤਰਕ ਹੱਕਾਂ ਅਤੇ ਕਾਨੂੰਨੀ ਪ੍ਰਕਿਰਿਆ ਦੀ ਪਰਵਾਹ ਨਹੀਂ ਕਰ ਰਹੀ। ਇਸ ਮੌਕੇ ਪਾਰਟੀ ਵੱਲੋਂ ਐਸ.ਐਸ.ਪੀ. ਮੋਗਾ ਨੂੰ ਲਿਖਤੀ ਦਰਖ਼ਾਸਤ ਸੌਂਪੀ ਗਈ, ਜਿਸ ਵਿੱਚ ਮੰਗ ਕੀਤੀ ਗਈ ਕਿ ਮਾਮਲੇ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਕਰਵਾਈ ਜਾਵੇ ਅਤੇ ਭਾਈ ਪ੍ਰਿਤਪਾਲ ਸਿੰਘ ਖ਼ਿਲਾਫ਼ ਦਰਜ ਕੀਤਾ ਗਿਆ ਬੇਬੁਨਿਆਦ ਪਰਚਾ ਤੁਰੰਤ ਰੱਦ ਕੀਤਾ ਜਾਵੇ। ਜਿਸ ਤੇ ਐਸ ਐਸ ਪੀ ਮੋਗਾ ਨੇ ਇਹ ਵਿਸ਼ਵਾਸ ਦਵਾਇਆ ਕਿ ਜਲਦ ਤੋਂ ਜਲਦ ਇਸਦੀ ਇਨਕੁਆਰੀ ਕਰਕੇ ਪਰਚਾ ਰੱਦ ਕਰ ਦਿੱਤਾ ਜਾਵੇਗਾ। ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਸਪਸ਼ਟ ਕੀਤਾ ਕਿ ਜੇਕਰ ਭਾਈ ਪ੍ਰਿਤਪਾਲ ਸਿੰਘ ਨੂੰ ਇਨਸਾਫ਼ ਨਾ ਮਿਲਿਆ, ਤਾਂ ਪਾਰਟੀ ਇਸ ਬੇਇਨਸਾਫ਼ੀ ਖ਼ਿਲਾਫ਼ ਲੋਕਤੰਤਰਕ ਢੰਗ ਨਾਲ ਸੰਘਰਸ਼ ਨੂੰ ਹੋਰ ਵੱਡੇ ਪੱਧਰ 'ਤੇ ਲੈ ਕੇ ਜਾਵੇਗੀ ਅਤੇ ਹਰ ਨਿਰਦੋਸ਼ ਨਾਗਰਿਕ ਦੇ ਅਧਿਕਾਰਾਂ ਦੀ ਰੱਖਿਆ ਲਈ ਡੱਟ ਕੇ ਖੜੀ ਰਹੇਗੀ।





# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਅਕਾਦਮਿਕ, ਸਾਂਸਕ੍ਰਿਤਿਕ, ਖੇਡਾਂ ਅਤੇ ਸਮਾਜਿਕ ਸੇਵਾਵਾਂ ਨੂੰ ਦਰਸਾਉਂਦਾ ਪਲੇਠਾ ਨਿਊਜ਼ਲੈਟਰ ਜਾਰੀ




**ਤਲਵੰਡੀ ਸਾਬੋ, 26 ਦਸੰਬਰ (ਗੁਰਜੰਟ ਸਿੰਘ ਨਥੇਹਾ)**- ਗੁਰੂ ਕਾਸ਼ੀ ਯੂਨੀਵਰਸਿਟੀ ਦੀਆਂ ਅਕਾਦਮਿਕ, ਸਾਂਸਕ੍ਰਿਤਿਕ, ਖੇਡਾਂ ਅਤੇ ਸਮਾਜਿਕ ਸੇਵਾਵਾਂ ਨਾਲ ਸੰਬੰਧਿਤ ਪਲੇਠਾ ਤ੍ਰਿਮਾਸਿਕ ਨਿਊਜ਼ਲੈਟਰ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਵਾਈਸ ਚਾਂਸਲਰ ਡਾ. ਰਾਮੇਸ਼ਵਰ ਸਿੰਘ ਵੱਲੋਂ ਰੀਲੀਜ਼ ਕੀਤਾ ਗਿਆ। ਇਸ ਮੌਕੇ ਨਿਊਜ਼ਲੈਟਰ ਦੇ ਅਡੀਟਰ ਇਨ ਚੀਫ਼ ਪਰੋ. ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ, ਡੀਨ ਅਕਾਦਮਿਕ ਡਾ. ਜਾਵੇਦ ਅਹਿਮਦ ਖਾਨ, ਡਾਇਰੈਕਟਰ ਆਈ.ਟੀ. ਡਾ. ਸੰਨੀ ਅਰੋੜਾ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਚਾਂਸਲਰ ਗੁਰਲਾਭ ਸਿੰਘ ਸਿੱਧੂ ਤੇ ਵਾਈਸ ਚਾਂਸਲਰ ਡਾ. ਸਿੰਘ ਨੇ ਡਾ. ਧੀਮਾਨ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਡਾ. ਧੀਮਾਨ ਨੇ ਪੂਰੀ ਨਿਸ਼ਠਾ ਅਤੇ ਦੂਰਦਰਸ਼ੀਤਾ ਨਾਲ ਪਹਿਲਾ ਅੰਕ ਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ ਨਿਊਜ਼ਲੈਟਰ ਕੈਂਪਸ ਦੀ ਜੀਵੰਤਤਾ ਅਤੇ ਵਿਕਾਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦਾ ਹੈ। ਇਸ ਲਈ ਇਸਦਾ ਹੱਥਲਾ ਅੰਕ ਪਾਠਕਾਂ ਲਈ ਮਹਤੱਵਪੂਰਨ ਜਾਣਕਾਰੀ ਸਰੋਤ ਸਾਬਿਤ ਹੋਵੇਗਾ। ਡਾ. ਧੀਮਾਨ ਨੇ ਦੱਸਿਆ ਕਿ ਨਿਊਜ਼ਲੈਟਰ ਦਾ ਸੁੰਦਰ ਅਤੇ ਆਕਰਸ਼ਕ ਡਿਜ਼ਾਇਨ ਬਲਜੀਤ ਸਿੰਘ ਮਲੱਣ ਵੱਲੋਂ ਤਿਆਰ ਕੀਤਾ ਗਿਆ ਹੈ। ਉਨ੍ਹਾਂ ਡਾਇਰੈਕਟਰ ਆਈ.ਟੀ. ਡਾ. ਅਰੋੜਾ ਅਤੇ ਡਿਪਟੀ ਡਾਇਰੈਕਟਰ ਲੋਕ ਸੰਪਰਕ ਲਵਲੀਨ ਸੱਚਦੇਵਾ ਵੱਲੋਂ ਪ੍ਰਦਾਨ ਕੀਤੇ ਗ੍ਰਾਫਿਕ ਇਨਪੁਟਸ ਤੇ ਸਮਾਗਮੀ ਇਨਪੁਟਸ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਨਿਊਜ਼ਲੈਟਰ ਦੀ ਦਿੱਖ ਨੂੰ ਨਿਖਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ 36 ਸਫਿਆਂ ਵਾਲੇ ਨਿਊਜ਼ਲੈਟਰ ਨੂੰ ਵੱਖ-ਵੱਖ ਤਸਵੀਰਾਂ ਨਾਲ ਸੰਵਾਰਿਆਂ ਗਿਆ ਹੈ ਜਿਸ ਵਿੱਚ ਯੂਨੀਵਰਸਿਟੀ ਦੀਆਂ ਵੱਖ-ਵੱਖ ਗਤੀਵਿਧੀਆਂ ਤੇ ਆਧਾਰਿਤ ਸਮੱਗਰੀ ਸ਼ਾਮਿਲ ਹੈ। ਇਨ੍ਹਾਂ ਵਿੱਚ ਸ੍ਰੀਲੰਕਾ, ਫਲੋਰੀਡਾ ਅਤੇ ਇੰਡੋਨੇਸ਼ੀਆ ਦੀਆਂ ਯੂਨੀਵਰਸਿਟੀਆਂ ਨਾਲ ਸਹੀਬੱਧ ਕੀਤੇ ਗਏ ਸਮਝੌਤੇ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ, ਭਾਈ ਮਰਦਾਨਾ ਜੀ ਦੀ ਰਬਾਬ ਦੀ ਰਚਨਾਤਮਕ ਪੁਨਰ-ਸਿਰਜਣਾ, ਸਾਂਸਕ੍ਰਿਤਿਕ ਕਾਰਜਕ੍ਰਮ, ਅੰਤਰਰਾਸ਼ਟਰੀ ਯੁਵਾ ਮੇਲਾ, ਰਾਸ਼ਟਰੀ ਤੀਰਅੰਦਾਜ਼ੀ ਟੂਰਨਾਮੈਂਟ, ਯੂਨੀਵਰਸਿਟੀ ਕੈਂਪਸ ਦੇ ਪ੍ਰਮੁੱਖ ਨਿਸ਼ਾਨ, ਹੈਪੀਨੈੱਸ ਅਤੇ ਵੈਲ-ਬੀਂਗ ਸੈਂਟਰ, ਕਮਿਊਨਿਟੀ ਰੇਡੀਓ ਸਟੇਸ਼ਨ, ਰਾਸ਼ਟਰੀ ਦਿਵਸਾਂ ਦੇ ਆਯੋਜਨ ਅਤੇ ਇੱਕ ਤਰੱਕੀਸ਼ੀਲ ਕਿਸਾਨ ਦੀ ਸਫ਼ਲਤਾ ਦੀ ਕਹਾਣੀ ਸ਼ਾਮਲ ਹੈ। ਇਸ ਤੋਂ ਇਲਾਵਾ, ਨਿਊਜ਼ਲੈਟਰ ਵਿੱਚ ਖੇਤਰੀ ਕਿਸਾਨਾਂ ਲਈ ਮਾਹਿਰ ਖੇਤੀ ਸੇਵਾਵਾਂ, ਬੀਜ ਉਤਪਾਦਨ ਪਹਿਲਕਦਮੀਆਂ ਅਤੇ ਯੂਨੀਵਰਸਿਟੀ ਦੇ ਖਿਡਾਰੀਆਂ, ਐਨ.ਐੱਸ.ਐੱਸ. ਯੂਨਿਟਾਂ ਅਤੇ ਐਨ.ਸੀ.ਸੀ. ਦੀਆਂ ਮਹੱਤਵਪੂਰਨ ਉਪਲਬਧੀਆਂ ਵੀ ਦਰਜ ਕੀਤੀਆਂ ਗਈਆਂ ਹਨ। ਪਾਠਕਾਂ ਨੇ ਨਿਊਜ਼ਲੈਟਰ ਨੂੰ ਵਰਸਿਟੀ ਦੀ ਅਕਾਦਮਿਕ ਸ਼੍ਰੇਸ਼ਠਤਾ, ਖੋਜ ਕਾਰਜਾਂ ਦੀ ਨਵੀਨਤਾ ਨੂੰ ਦਰਜ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਦੱਸਿਆ। ਸੰਪਾਦਕ ਮੰਡਲ ਵੱਲੋਂ ਪਾਠਕਾਂ ਨੂੰ ਨਵੇਂ ਵਰ੍ਹੇ ਅਤੇ ਗੁਰਪੂਰਬ ਦੀਆਂ ਸ਼ੁੱਭ ਕਾਮਨਾਵਾਂ ਭੇਂਟ ਕੀਤੀਆਂ ਗਈਆਂ।

# ਅੱਡਾ ਨਾਥ ਦੀ ਖੂਹੀ ਤੇ ਮਾਨ ਪਰਿਵਾਰ ਵੱਲੋਂ ਨਗਰ ਕੀਰਤਨ ਦਾ ਨਿੱਘਾ ਸਵਾਗਤ



ਚੌਂਕ ਮਹਿਤਾ, (ਬਾਬਾ ਸੁਖਵੰਤ ਸਿੰਘ ਚੰਨਣਕੇ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਮਦਮੀ ਟਕਸਾਲ ਮਹਿਤਾ ਵੱਲੋਂ ਸਜਾਏ ਗਏ ਮਹਾਨ ਨਗਰ ਕੀਰਤਨ ਦਾ ਅੱਡਾ ਨਾਥ ਦੀ ਖੂਹੀ ਵਿਖੇ ਪਹੁੰਚਣ 'ਤੇ ਚੇਅਰਮੈਨ ਕੰਵਰਦੀਪ ਸਿੰਘ ਮਾਨ, ਇਕਬਾਲ ਸਿੰਘ ਮਾਨ, ਗੁਰਮੀਤ ਸਿੰਘ ਮਾਨ ਅਤੇ ਸਮੂਹ ਪਰਿਵਾਰ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਸਮੇਂ ਮਾਨ ਭਰਾਵਾਂ ਨੇ ਪੰਜ ਪਿਆਰ ਸਾਹਿਬਾਨ ਨੂੰ ਸਿਰੋਪਾਓ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਰੁਮਾਲਾ ਸਾਹਿਬ ਭੇਂਟ ਕੀਤਾ। ਇਸ ਮੌਕੇ ਗਿਆਨੀ ਸਾਹਿਬ ਸਿੰਘ, ਬਾਬਾ ਬੋਹੜ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਜੱਥੇ ਬਾਬਾ ਅਜੀਤ ਸਿੰਘ ਮੁਖੀ ਤਰਨਾਦਲ ਮਹਿਤਾ, ਸਾਬਕਾ ਸਰਪੰਚ ਕਸ਼ਮੀਰ ਸਿੰਘ ਕਾਲਾ, ਰਜਿੰਦਰ ਸਿੰਘ ਸ਼ਾਹ ਮਹਿਤਾ ਅਤੇ ਭਾਈ ਪ੍ਰਕਾਸ਼ ਸਿੰਘ ਦਾ ਵੀ ਸਨਮਾਨ ਕੀਤਾ ਗਿਆ।

# ਪਿੰਡ ਵਾਸੀਆਂ ਨੇ ਕੀਤੀ ਰਣਯੋਧ ਸਿੰਘ ਕਾਂਝਲਾ ਨੂੰ ਬਲਾਕ ਸੰਮਤੀ ਦਾ ਚੇਅਰਮੈਨ ਬਣਾਉਣ ਦੀ ਮੰਗ

ਧੂਰੀ ( ਰਣਜੀਤ ਸਿੰਘ ਪੇਧਨੀ )-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਕਾਂਝਲਾ ਹਸਨਪੁਰ ਜੋਨ ਤੋਂ ਆਪ ਦੇ ਉਮੀਦਵਾਰ ਰਣਯੋਧ ਸਿੰਘ ਕਾਂਝਲਾ ਜਿਲ੍ਹਾ ਸੰਗਰੂਰ ਚੋ ਸਭ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਜਿੱਤੇ ਹਨ। ਜਿਸ ਤਰ੍ਹਾਂ ਪਿੰਡ ਕਾਂਝਲਾ ਹਸਨਪੁਰ ਵਾਸੀਆਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਵੋਟਾਂ ਪਾ ਕੇ ਵੱਡੀ ਲੀਡ ਲੈ ਕੇ ਦਿੱਤੀ ਹੈ ਤਾ ਪਾਰਟੀ ਨੂੰ ਵੀ ਵੱਡਾ ਦਿਲ ਦਿਖਾਉਦੇ ਹੋਏ ਰਣਯੋਧ ਸਿੰਘ ਕਾਂਝਲਾ ਨੂੰ ਬਲਾਕ ਸੰਮਤੀ ਧੂਰੀ ਦਾ ਚੇਅਰਮੈਨ ਬਣਾਉਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਆਗੂ ਕਰਮਜੀਤ ਸਿੰਘ ਕਾਂਝਲਾ ਅਤੇ ਨਪਿੰਦਰ ਸਿੰਘ ਕਾਂਝਲਾ ਨੇ ਕੀਤਾ। ਇਸ ਮੌਕੇ ਪਰਮਜੀਤ ਸਿੰਘ ਕਾਂਝਲਾ, ਸੁਖਜੀਤ ਸਿੰਘ, ਜਸਪਾਲ ਸਿੰਘ, ਨੰਬਰਦਾਰ ਪ੍ਰਗਟ ਸਿੰਘ ,ਜਗਤਾਰ ਸਿੰਘ, ਬਿੰਦਰ ਸਿੰਘ ਨੰਬਰਦਾਰ ,ਬਸੰਤ ,ਜਗਸੀਰ ਸਿੰਘ, ਸੁਖਵਿੰਦਰ ਸਿੰਘ ਮਾਂਗੂ, ਬਲਵਿੰਦਰ ਸਿੰਘ ਰੂਸੀ,ਪਾਲੀ ਗਰੇਵਾਲ, ਜਗਦੀਪ ਸਿੰਘ ਪੰਚ, ਸੰਦੀਪ ਸਿੰਘ ਪੰਚ, ਬਲਜੀਤ ਸਿੰਘ ਫੌਜੀ, ਅਵਤਾਰ ਸਿੰਘ ਪ੍ਰਧਾਨ,ਗੁਰਦੀਪ ਸਿੰਘ, ਰਾਣਾ ਸਿੰਘ, ਬਿਕਰ ਸਿੰਘ ,ਗੁਰਚਰਨ ਸਿੰਘ, ਨੰਬਰਦਾਰ ਕੇਵਲ ਸਿੰਘ ,ਜਗਪਾਲ ਸਿੰਘ,ਸੋਹਣ ਸਿੰਘ ਸਾਬਕਾ ਸਰਪੰਚ ਹਸਨਪੁਰ, ਦਰਸ਼ਨ ਸਿੰਘ, ਰਿੰਪਾ ਸਿੰਘ, ਕਰਮਜੀਤ ਸਿੰਘ ਕਰਮੀ ਹਾਜਰ ਸਨ।



# ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ ਅਤੇ ਨਗਰ ਕੀਰਤਨ 31 ਦਸੰਬਰ ਨੂੰ ਅਤੇ ਸਮਾਗਮ 3 ਜਨਵਰੀ ਨੂੰ—ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲੇ

ਫ਼ਿਰੋਜ਼ਪੁਰ, 26 ਦਸੰਬਰ (ਮਨੋਹਰ ਲਾਲ) :— ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ ਅਤੇ ਨਗਰ ਕੀਰਤਨ 31 ਦਸੰਬਰ (17 ਪੋਹ) ਨੂੰ ਅਤੇ ਸਲਾਨਾ ਸਮਾਗਮ 3 ਜਨਵਰੀ (20 ਪੋਹ) ਦਿਨ ਸ਼ਨੀਵਾਰ ਨੂੰ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼ਹੀਦੀ ਸਮਾਗਮ ਅਤੇ ਨਗਰ ਕੀਰਤਨ ਕਰਵਾਏ ਜਾ ਰਹੇ ਹਨ, ਜ਼ੋ ਕਿ ਨਗਰ ਕੀਰਤਨ 31 ਦਸੰਬਰ (17 ਪੋਹ) 2025 ਦਿਨ ਬੁੱਧਵਾਰ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਮਹਾਨ ਨਗਰ ਕੀਰਤਨ ਸਵੇਰੇ 8 ਵਜੇ ਗੁਰਦੁਆਰਾ ਛੱਪੜੀ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ 5 ਨਿਸ਼ਾਨ ਅਤੇ ਕੀਰਤਨ ਜਥਿਆਂ ਵੱਲੋਂ ਰਵਾਨਾ ਹੋਵੇਗਾ, ਜ਼ੋ ਕਿ ਦਾਸ ਦੀ ਦੇਖ—ਰੇਖ ਹੇਠ ਚੱਲੇਗਾ। ਇਹ ਵਿਸ਼ਾਲ ਮਹਾਨ ਨਗਰ ਕੀਰਤਨ ਪਿੰਡ ਤੂਤਾਂ ਤੋਂ ਸਾਧਾਂ ਵਾਲਾ, ਘੋਨੀ ਵਾਲਾ, ਡੱਲੇਵਾਲਾ, ਨੱਥਲ ਵਾਲਾ, ਗੋਲੇਵਾਲਾ, ਬੇਗੂ ਵਾਲਾ, ਘੁਗਿਆਣਾ, ਝੋਟੀ ਵਾਲਾ, ਢਿਲਵਾਂ ਖੁਰਦ, ਡੋਡ, ਚੁੱਘੇ ਵਾਲਾ ਤੋਂ ਹੁੰਦਾ ਹੋਇਆ ਗੁਰਦੁਆਰਾ ਛੱਪੜੀ ਸਾਹਿਬ ਨੂੰ ਸਮਾਪਤੀ ਦੀ ਅਰਦਾਸ ਹੋਵੇਗੀ। ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲੇ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਸਲਾਨਾ ਸ਼ਹੀਦੀ ਸਮਾਗਮ 3 ਜਨਵਰੀ (20 ਪੋਹ) 2026 ਦਿਨ ਸ਼ਨੀਵਾਰ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸਿੱਖ ਕੌਮ ਦੇ ਮਹਾਨ ਰਾਗੀ, ਕਥਾਵਾਚਕ, ਕਵੀਸ਼ਰੀ ਅਤੇ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਸ਼ ਹਾਜ਼ਰੀ ਭਰਨਗੇ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ ਸਪਰਦਾਇ ਦਲ ਬਾਬਾ ਬਿੱਧੀ ਚੰਦ, ਸੰਤ ਬਾਬਾ ਮਨਵੀਰ ਸਿੰਘ ਨਾਨਕਸਰ ਵਾਲੇ, ਸੰਤ ਬਾਬਾ ਹਰਵਿੰਦਰ ਸਿੰਘ ਰੌਲੀ ਵਾਲੇ, ਬਾਬਾ ਸੁਖਜੀਤ ਸਿੰਘ ਖਾਲਸਾ ਰਾਗੀ ਜਥਾ ਫ਼ਿਰੋਜ਼ਪੁਰ ਵਾਲੇ ਪਹੁੰਚ ਕੇ ਹਾਜ਼ਰੀ ਭਰਨਗੇ। ਇਸ ਮੌਕੇ ਤੇ 2 ਜਨਵਰੀ ਨੂੰ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਸੰਤ ਮਹਾਂਪੁਰਖ ਜਿਨ੍ਹਾਂ ਵਿਚ ਸੰਤ ਬਾਬਾ ਭਗਤ ਮਿਲਖਾ ਸਿੰਘ ਅਰਮਾਨਪੁਰਾ ਵਾਲੇ, ਬਾਬਾ ਦਿਲਬਾਗ ਸਿੰਘ ਆਰਿਫਕੇ, ਬਾਬਾ ਸਤਨਾਮ ਸਿੰਘ ਵਲੀਆ, ਬਾਬਾ ਸੱਜਣ ਸਿੰਘ ਵਾੜਾ ਸ਼ੇਰ ਸਿੰਘ ਵਾਲਾ, ਬਾਬਾ ਜ਼ੋਗਾ ਸਿੰਘ ਤਲਵੰਡੀ ਭਾਈ, ਬਾਬਾ ਦਰਸ਼ਨ ਸਿੰਘ ਬੋਰੀ ਵਾਲੇ, ਸੰਤ ਬਾਬਾ ਸੁੱਚਾ ਸਿੰਘ ਨਾਨਕਸਰ ਛਾਂਗਾ, ਬਾਬਾ ਮਨਜੀਤ ਸਿੰਘ ਗੁਰੂ ਕਾ ਖੂਹ ਮੁਕਤਸਰ, ਬਾਬਾ ਕਰਨੈਲ ਸਿੰਘ ਹਜ਼ੂਰ ਸਾਹਿਬ ਵਾਲੇ, ਮਹੰਤ ਹਰਪ੍ਰੀਤ ਸਿੰਘ ਗੋਲੇਵਾਲਾ, ਭਾਈ ਰਛਪਾਲ ਸਿੰਘ ਝੋਕ ਮੋਹੜੇ ਦਮਦਮੀ ਟਕਸਾਲ, ਬਾਬਾ ਹਰਭਜਨ ਸਿੰਘ ਜੰਡ ਸਾਹਿਬ, ਭਾਈ ਅਮਨਦੀਪ ਸਿੰਘ, ਭਾਈ ਦਲਜੀਤ ਸਿੰਘ ਚੰਨੀਆਂ (ਦਲ ਬਾਬਾ ਬਿੱਧੀ ਚੰਦ), ਸਮੂਹ ਪ੍ਰਬੰਧਕ ਕਮੇਟੀ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਬਾਬਾ ਵਿਰਸਾ ਸਿੰਘ ਗੁਰਦੁਆਰਾ ਛਾਉਣੀ ਸ਼ਹਿਰ ਗਿਆਨੀ ਸੁਖਦੇਵ ਸਿੰਘ ਦਮਦਮੀ ਟਕਸਾਲ ਪਤਰਾਣਾ, ਬਾਬਾ ਪੂਰਨ ਸਿੰਘ ਝੋਕ ਹਰੀਹਰ ਵਾਲੇ, ਬਾਬਾ ਅਜੀਤਪਾਲ ਸਿੰਘ ਪਾਲੀ ਨਾਨਕਸਰ ਗੋਬਿੰਦ ਨਗਰ, ਬਾਬਾ ਕਰਨੈਲ ਸਿੰਘ ਸਾਦਿਕ ਵਾਲੇ, ਭਾਈ ਪ੍ਰਭਜੀਤ ਸਿੰਘ ਡੱਬਵਾਲੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੰਤ ਮਹਾਂਪੁਰਖ ਪਹੁੰਚ ਕੇ ਹਾਜ਼ਰੀ ਭਰਨਗੇ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਵਿਸ਼ਾਲ ਨਗਰ ਕੀਰਤਨ ਵਿਚ ਵਾਹਿਗੁਰੂ ਜੀ ਵੱਲੋਂ ਦਿੱਤੇ ਆਪਣੇ—ਆਪਣੇ ਵਹੀਕਲ ਲੈ ਕੇ ਭਾਰੀ ਗਿਣਤੀ ਵਿਚ ਪਹੁੰਚੋ ਅਤੇ 2 ਜਨਵਰੀ ਨੂੰ ਭਾਰੀ ਗਿਣਤੀ ਵਿਚ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ ਅਤੇ ਤਿੰਨ ਜਨਵਰੀ ਨੂੰ ਸਲਾਨਾ ਸ਼ਹੀਦੀ ਸਮਾਗਮ ਵਿਚ ਪਹੁੰਚ ਕੇ ਸੰਤਾਂ ਮਹਾਂਪੁਰਖਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਓ। ਸਟੇਜ਼ ਦੀ ਸੇਵਾ ਭਾਈ ਹਰਜੀਤ ਸਿੰਘ ਤੂਤ ਨਿਭਾਉਣਗੇ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਜਾਣਗੇ।





ਆਵਾਜ਼ਿ ਕੌਮ AWAZE QAUM International Newspaper & WEB TV

# ਟੀ.ਬੀ.ਐਸ ਸਕੂਲ ਨੇ ਮਨਾਇਆ ਕਿਸਾਨ ਦਿਵਸ

ਫ਼ਿਰੋਜ਼ਪੁਰ, 26 ਦਸੰਬਰ (ਮਨੋਹਰ ਲਾਲ) :— ਮੋਗਾ ਰੋਡ ’ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵੱਲੋਂ ਭਾਰਤ ਦੇ ਪੰਜਵੇਂ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦੀ ਜੈਅੰਤੀ ਦੇ ਮੌਕੇ ’ਤੇ ਕਿਸਾਨ ਦਿਵਸ ਮਨਾਇਆ ਗਿਆ। ਸਕੂਲ ਦੇ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਇਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਨੇ ਫਿਰੋਜ਼ਸ਼ਾਹ ਪਿੰਡ ਵਿੱਚ ਪਹੁੰਚ ਕੇ ਕਿਸਾਨਾਂ ਦੇ ਜੀਵਨ ਅਤੇ ਖੇਤੀਬਾੜੀ ਦੇ ਮਹੱਤਵ ’ਤੇ ਆਧਾਰਿਤ ਨੁੱਕੜ ਨਾਟਕ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕੀਤੀ। ਇਸ ਮੌਕੇ ਪਿੰਡ ਦੇ ਸਰਪੰਚ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਪ੍ਰਮੁੱਖ ਮਹਿਮਾਨ ਹਾਜ਼ਰ ਰਹੇ। ਨਾਟਕ ਰਾਹੀਂ ਵਿਦਿਆਰਥੀਆਂ ਨੇ ਦੇਸ਼ ਅਤੇ ਸਮਾਜ ਲਈ ਕਿਸਾਨਾਂ ਦੇ ਅਮੂਲ ਯੋਗਦਾਨ ਨੂੰ ਦਰਸਾਇਆ ਅਤੇ ਕਿਸਾਨਾਂ ਦੇ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੇ ਚੁਣੌਤੀਆਂ ਤੋਂ ਵੀ ਜਾਗਰੂਕ ਕੀਤਾ। ਵਿਦਿਆਰਥੀਆਂ ਦੀ ਪੇਸ਼ਕਾਰੀ ਨੇ ਮੌਕੇ ’ਤੇ ਮੌਜੂਦ ਲੋਕਾਂ ਨੂੰ ਭਾਵੁਕ ਕਰ ਦਿੱਤਾ ਅਤੇ ਸਭ ਦਾ ਦਿਲ ਜਿੱਤ ਲਿਆ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਕਿਹਾ ਕਿ ਕਿਸਾਨ ਸਿਰਫ਼ ਸਾਡੇ ਲਈ ਅਨਾਜ ਹੀ ਪੈਦਾ ਨਹੀਂ ਕਰਦੇ, ਸਗੋਂ ਸਮਾਜ ਵਿੱਚ ਕਈ ਤਰ੍ਹਾਂ ਦੇ ਰੋਜ਼ਗਾਰ ਵੀ ਉਪਲਬਧ ਕਰਵਾਉਂਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਅਤੇ ਸਾਨੂੰ ਹਮੇਸ਼ਾਂ ਉਨ੍ਹਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਖੇਤੀਬਾੜੀ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।



ਆਵਾਜ਼ਿ ਕੌਮ AWAZE QAUM International Newspaper & WEB TV

# ਵੀਰ ਬਾਲ ਦਿਵਸ ਮੌਕੇ ਰੋਟਰੀ ਕਲੱਬ ਫਿਰੋਜਪੁਰ ਨੇ ਲੋੜਵੰਦ ਵਿਦਿਆਰਥੀਆਂ ਨੂੰ ਸਵੈਟਰ ਵੰਡੇ



ਫ਼ਿਰੋਜ਼ਪੁਰ, 26 ਦਸੰਬਰ (ਮਨੋਹਰ ਲਾਲ) :— ਸਮੇਂ—ਸਮੇਂ ਤੇ ਸਮਾਜਿਕ ਗਤੀਵਿਧੀਆਂ ਕਰਦਿਆਂ ਅੱਜ ਰੋਟਰੀ ਕਲੱਬ ਫਿਰੋਜਪੁਰ ਵਲੋਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਵੀਰ ਬਾਲ ਦਿਵਸ ਮੌਕੇ ਪ੍ਰਧਾਨ ਕਿਰਪਾਲ ਸਿੰਘ ਮੱਕੜ ਦੀ ਅਗਵਾਈ ਹੇਠ ਮਾਲਵਾ ਖ਼ਾਲਸਾ ਸੀਨੀਅਰ ਸੈਕੰਡਰੀ ਫਿਰੋਜਪੁਰ ਵਿਖੇ ਲੋੜਵੰਦ ਵਿਦਿਆਰਥੀਆਂ ਨੂੰ ਵਧ ਰਹੀ ਸਰਦੀ ਤੋਂ ਬਚਾਅ ਵਾਸਤੇ ਸਵੈਟਰ ਵੰਡੇ। ਪ੍ਰੋਗਰਾਮ ਦੀ ਸ਼ੁਰੂਆਤ ਰੋਟੇਰੀਅਨ ਸੁਰਿੰਦਰ ਸਿੰਘ ਕਪੂਰ ਨੇ ਧਰਮ ਦੀ ਖਾਤਰ ਕੁਰਬਾਨੀਆਂ ਦੇਣ ਵਾਲੇ ਚਾਰ ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਨੂੰ ਸਚ ਤੇ ਹਕ ਤੇ ਚੱਲਣ ਲਈ ਪ੍ਰੇਰਿਤ ਕੀਤਾ। ਪ੍ਰੋਜੇਕਟ ਚੇਅਰਮੈਨ ਰੋਟੇਰੀਅਨ ਨਰੇਸ਼ ਮੁੰਜਾਲ ਨੇ ਕਿਹਾ ਕਿ ਇਹ ਸਵੈਟਰ ਵੰਡ ਪਰੋਗਰਾਮ ਸੰਦੇਸ਼ ਦਿੰਦਾ ਹੈ ਕਿ ਸਮਾਜ ਦੇ ਕਮਜ਼ੋਰ ਵਰਗਾਂ ਤਕ ਰੋਟਰੀ ਕਲੱਬ ਫਿਰੋਜਪੁਰ ਹਮੇਸ਼ਾ ਅੱਗੇ ਰਹਿੰਦਾ ਹੈ। ਰੋਟਰੀ ਟੀਮ ਵਿੱਚ ਸਕਤਰ ਸੰਦੀਪ ਸਿੰਗਲਾਂ, ਦਿਨੇਸ਼ ਕਟਾਰੀਆ, ਅਜੈ ਬਜਾਜ, ਪ੍ਰਦੀਪ ਬਿੰਦਰਾ, ਰਕੇਸ਼ ਚਾਵਲਾ, ਮਨੋਜ ਧਵਨ, ਹਰਦੀਪ ਸਿੰਘ, ਮਨਦੀਪ ਸਿੰਘ, ਸੁਖਵਿੰਦਰ ਖੰਨਾ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਚਵਿੰਡਾ ਦੇਵੀ ਵਿਖੇ ਢੱਡੇ ਪ੍ਰਵਾਰ ਵੱਲੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਦੁੱਧ ਦਾ ਲੰਗਰ ਲਗਾਇਆ



**ਚੌਕ ਮਹਿਤਾ 26 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਰਬੰਸਦਾਨੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਲਖਤੇ ਜਿਗਰ, ਬਾਬਾ ਅਜੀਤ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਅਤੇ ਹੋਰ ਸਿੰਘ, ਸਿੰਘਣੀਆਂ ਜਿਨਾਂ ਨੇ ਜੰਗ ਦੇ ਮੈਦਾਨ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਉਹਨਾਂ ਸਭਨਾਂ ਦੀ ਯਾਦ ਵਿੱਚ ਵੱਡੇ ਪੱਧਰ ਤੇ ਸਰਹੰਦ ਫਤਿਹਗੜ੍ਹ ਸਾਹਿਬ ਚਮਕੌਰ ਸਾਹਿਬ ਵਿਖੇ ਸ਼ਹੀਦੀ ਜੋੜ ਮੇਲੇ ਮਨਾਏ ਜਾ ਰਹੇ ਹਨ ਅਤੇ ਇੰਨਾਂ ਜੋੜ ਮੇਲਿਆਂ ਵਿੱਚ ਸੰਗਤ ਦੇ ਆਉਣ ਜਾਣ ਵਾਸਤੇ ਰਸਤਿਆਂ ਵਿੱਚ ਵੱਖ ਵੱਖ ਤਰ੍ਹਾਂ ਦੇ ਲੰਗਰ ਆਪਣੀ ਨੇਕ ਕਮਾਈ ਵਿੱਚੋਂ ਲੋਕ ਸੰਗਤਾ ਵਾਸਤੇ ਲਗਾ ਕੇ ਆਪਣਾ ਜੀਵਨ ਸਫਲਾ ਕਰ ਰਹੇ ਹਨ। ਇਸੇ ਹੀ ਤਰ੍ਹਾਂ ਚਵਿੰਡਾ ਦੇਵੀ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਰਸੇਮ ਸਿੰਘ ਹਲਵਾਈ, ਸਵਰਨ ਸਿੰਘ ਐਸ ਐਸ ਚਵਿੰਡਾ ਦੇਵੀ, ਸਾਬਕਾ ਸਰਪੰਚ ਬਲਦੇਵ ਸਿੰਘ ਦੇਬਾ ਚਵਿੰਡਾ ਦੇਵੀ ਆਪਣੇ ਸਾਥੀਆਂ ਵੱਲੋਂ ਦੁੱਧ ਦਾ ਲੰਗਰ ਲਗਾਇਆ। ਇਸ ਮੌਕੇ ਤਰਸੇਮ ਸਿੰਘ ਹਲਵਾਈ, ਸਵਰਨ ਸਿੰਘ ਐਸ ਐਸ, ਬਲਦੇਵ ਸਿੰਘ ਦੇਬਾ, ਸਰਪੰਚ ਧੰਨਾ ਸਿੰਘ ਢੱਡੇ, ਗੁਰਿੰਦਰ ਸਿੰਘ ਗਿੰਦਾ ਪ੍ਰਧਾਨ, ਉਪਕਾਰ ਸਿੰਘ ਕਾਰੀ ਚਵਿੰਡਾ ਦੇਵੀ, ਮਨਜੀਤ ਸਿੰਘ ਬਾਊ ਢੱਡੇ, ਹਰਪਾਲ ਸਿੰਘ ਲਾਡੀ, ਗੁਰਮੁੱਖ ਸਿੰਘ ਢੱਡੇ, ਬਲਦੇਵ ਸਿੰਘ ਫੋਜ਼ੀ, ਮਾਣਾ ਮੋਟਰਸਾਈਕਲ ਰਿਪੇਅਰ ਵਾਲਾ, ਸਵਿੰਦਰ ਸਿੰਘ ਜਿੰਦੀ ਢੱਡੇ, ਸੁਰਜਨ ਸਿੰਘ, ਹੀਰਾ ਹਲਵਾਈ, ਸੁਖਦੇਵ ਸਿੰਘ ਬਾਊ, ਬਿੱਟੂ ਹਲਵਾਈ, ਵਿੱਕੀ ਭੰਡਾਰੀ, ਗੋਰਵ ਬਟਾਲਾ ਅਤੇ ਹੋਰ ਇਲਾਕੇ ਦੀਆਂ ਸੰਗਤਾਂ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਇਕ ਪੋਹ ਤੋਂ ਸ਼ਹੀਦੀ ਸਮਾਗਮ ਚੱਲ ਰਹੇ ਹਨ ਅਤੇ ਅੱਜ ਰਾਤ ਦੇ ਕੀਰਤਨ ਦਰਬਾਰ ਸਜਾਏ

ਫ਼ਿਰੋਜ਼ਪੁਰ, 26 ਦਸੰਬਰ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਇਕ ਪੋਹ ਤੋਂ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਅਤੇ ਪੋਹ ਮਹੀਨੇ ਦੇ ਅਨੇਕਾਂ ਸ਼ਹੀਦਾਂ ਦੀ ਯਾਦ ਵਿਚ ਲਗਾਤਾਰ ਰਾਤ ਦੇ ਕੀਰਤਨ ਦਰਬਾਰ ਸਜਾਏ ਜਾ ਰਹੇ ਹਨ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸੁਖਮਣੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਚਾਰ ਸਾਹਿਬਜ਼ਾਦਿਆਂ ਅਤੇ ਚਮਕੌਰ ਦੇ ਸ਼ਹੀਦਾਂ ਅਤੇ ਵਜੀਰ ਖਾਂ ਦੇ ਜ਼ੁਲਮਾਂ ਦੀ ਦਾਸਤਾਨ ਸੁਣਾ ਕੇ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਗੁਰਬਖਸ਼ ਸਿੰਘ ਚੰਨ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ, ਭਾਈ ਬਲਜੀਤ ਸਿੰਘ, ਭਾਈ ਬੱਬੂ ਸਿੰਘ ਨੇ ਕਥਾ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਮੌਕੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਮਹਾਂ ਪੁਰਖ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਕਥਾ ਕਰਦਿਆਂ ਆਖਿਆ ਕਿ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਜਿਨ੍ਹਾਂ ਨੂੰ ਵਜੀਰ ਖਾਂ ਨੇ ਠੰਡੇ ਬੁਰਜ ਵਿਚ ਕੈਦ ਕਰ ਲਿਆ ਸੀ ਅਤੇ ਅਗਲੇ ਦਿਨ 10 ਪੋਹ ਨੂੰ ਛੋਟੇ ਸਾਹਿਬਜ਼ਾਦਿਆਂ ਨੂੰ ਵਜੀਰ ਖਾਂ ਦੇ ਹੁਕਮ ਨਾਲ ਉਸ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ, ਪਰ ਸਾਹਿਬਜ਼ਾਦਿਆਂ ਨੇ ਸਭ ਕੁਝ ਠੁਕਰਾ ਦਿੱਤਾ, ਇਸੇ ਤਰ੍ਹਾਂ 11 ਪੋਹ ਨੂੰ ਸਾਹਿਬਜ਼ਾਦਿਆਂ ਨੂੰ ਦੁਬਾਰਾ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ ਅਤੇ ਲੈਣ ਲਈ ਸਿਪਾਹੀ ਗਏ ਤਾਂ ਮਾਤਾ ਗੁਜਰ ਕੌਰ ਨੇ ਸਾਹਿਬਜਾਦਿਆਂ ਨੂੰ ਸਿੱਖਿਆ ਦਿੱਤੀ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਤੇ ਗੁਰੂ ਅਡੋਲ ਰਹਿਣਾ, ਜਾਲਮ ਸਾਹਮਣੇ ਝੁਕਣਾ ਨਹੀਂ ਗੱਜ ਕੇ ਫਤਿਹ ਬੁਲਾਉਣੀ ਅਤੇ ਸਿਪਾਹੀਆਂ ਨੇ ਬਥੇਰਾ ਸਮਝਾਇਆ ਅਤੇ ਛੋਟੀ ਬਾਰੀ ਰਾਹੀਂ ਉਨ੍ਹਾਂ ਨੂੰ ਲੰਘਾਇਆ, ਪਰ ਸਾਹਿਬਜ਼ਾਦੇ ਉਨ੍ਹਾਂ ਪਹਿਲਾਂ ਪੈਰ ਲਗਾਏ, ਇਸੇ ਤਰ੍ਹਾਂ ਛੋਟੇ ਸਾਹਿਬਜ਼ਾਦੇ ਨੇ ਕੀਤਾ, ਅਖੀਰ ਵਜੀਰ ਖਾਂ ਗੁੱਸੇ ਨਾਲ ਕੜਕ ਕੇ ਬੋਲਿਆ, ਇਨ੍ਹਾਂ ਨੂੰ ਸਖਤ ਤਸੀਹੇ ਦਿੱਤੇ ਜਾਣਗੇ। ਇਸੇ ਤਰ੍ਹਾਂ ਵਜੀਰ ਖਾਂ ਦਾ ਮੁਨਸ਼ੀ ਸੁੱਚਾ ਨੰਦ ਸੀ, ਉਸ ਨੇ ਵੀ ਛੋਟੇ ਸਾਹਿਬਜ਼ਾਦਿਆਂ ਨੂੰ ਬਹੁਤ ਸਮਝਾਇਆ ਅਤੇ ਲਾਲਚ ਦਿੱਤੇ, ਪਰ ਸਾਹਿਬਜਾਦੇ ਟਸ ਤੋਂ ਮਸ ਨਹੀਂ ਹੋਏ। ਇਸੇ ਤਰ੍ਹਾਂ ਵਜੀਰ ਖਾਂਨੇ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਨੂੰ ਕਿਹਾ ਕਿ ਚਮਕੌਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਤੁਹਾਡੇ ਭਰਾ ਨਾਹਰ ਖਾਂ ਨੂੰ ਕਤਲ ਕੀਤਾ ਸੀ, ਤੁਸੀਂ ਇਨ੍ਹਾਂ ਦੋਵਾਂ ਨੂੰ ਕਤਲ ਕਰਕੇ ਭਰਾ ਦਾ ਬਦਲਾ ਲੈ ਲਵੋ, ਪਰ ਸ਼ੇਰ ਮੁਹੰਮਦ ਨੇ ਕਿਹਾ ਕਿ ਨਵਾਬ ਸਾਹਿਬ ਮੇਰੇ ਭਰਾ—ਭਤੀਜੇ ਮੈਦਾਨ ਵਿਚ ਲੜਦੇ ਹੋਏ ਮਾਰੇ ਗਏ, ਅੱਜ ਵੀ ਗੁਰੂ ਗੋਬਿੰਦ ਸਿੰਘ ਮੇਰੇ ਸਾਹਮਣੇ ਹੋਵੇ ਤਾਂ ਮੈਂ ਮਰਦਾਂ ਵਾਂਗ ਮੈਦਾਨ ਵਿਚ ਉਸ ਦਾ ਬਦਲਾ ਲਵਾਂਗਾ, ਪਰ ਇਨ੍ਹਾਂ ਮਾਸੂਮ ਬੱਚਿਆਂ ਨੂੰ ਇਨ੍ਹਾਂ ਦੇ ਪਿਤਾ ਦੀ ਦਿੱਤੀ ਸਜਾ ਨਹੀਂ ਦਿੱਤੀ ਜਾ ਸਕਦੀ, ਇਨ੍ਹਾਂ ਮਾਸੂਮ ਬੱਚਿਆਂ ਨੂੰ ਮਾਰਨਾ ਪਾਪ ਹੈ, ਮੇਰੀ ਸਲਾਹ ਹੈ ਕਿ ਇਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਸ਼ੇਰ ਮੁਹੰਮਦ ਖਾਂ ਕਚਹਿਰੀ ਤੋਂ ਉਠ ਕੇ ਚਲਾ ਗਿਆ। ਆਖਿਰ 12 ਪੋਹ ਇਕ ਦਿਨ ਵਜੀਰ ਖਾਂ ਨੇ ਸੋਚਣ ਲਈ ਸਮੂਹ ਦਿੱਤਾ, ਪਰ ਛੋਟੇ ਸਾਹਿਜ਼ਾਦਿਆਂ ਦੇ ਹੌਂਸਲੇ ਨਹੀਂ ਡੁਲਾ ਸਕੇ, ਇਸੇ ਤਰ੍ਹਾਂ 13 ਪੋਹ ਦਾ ਦਿਨ ਵੀ ਆ ਗਿਆ, ਮਾਤਾ ਜੀ ਨੇ ਉਨ੍ਹਾਂ ਛੋਟੇ ਸਾਹਿਬਜਾਦਿਆਂ ਨੂੰ ਆਪ ਖੁਦ ਤਿਆਰ ਕੀਤਾ, ਉਨ੍ਹਾਂ ਨੂੰ ਪੌਸ਼ਾਕਾਂ ਪਹਿਨਾਈਆਂ ਅਤੇ ਉਨ੍ਹਾਂ ਦੋਨਾਂ ਸਾਹਿਬਜਾਦਿਆਂ ਨੂੰ ਕਾਜੀਆਂ ਨੇ ਨੀਹਾਂ ਵਿਚ ਚਿਣਵਾਉਣ ਦਾ ਹੁਕਮ ਦਿੱਤਾ ਅਤੇ ਇਸੇ ਤਰ੍ਹਾਂ ਵਜੀਬਰ ਖਾਂ ਨੇ ਉਨ੍ਹਾਂ ਛੋਟੀਆਂ ਜਿੰਦਾਂ ਨੂੰ ਸ਼ਹੀਦ ਕਰ ਦਿੱਤਾ ਅਤੇ ਮਾਤਾ ਗੁਜਰ ਕੌਰ ਵੀ ਉਸੇ ਦਿਨ ਪ੍ਰਾਣ ਤਿਆਗ ਦਿੱਤੇ। ਇਸੇ ਤਰ੍ਹਾਂ ਦੀਵਾਨ ਟੋਡਰ ਮੱਲ ਨੇ ਵਜੀਬ ਖਾਂ ਤੋਂ ਸੰਸਕਾਰ ਕਰਨ ਦੀ ਇਜਾਜਤ ਮੰਗੀ, ਵਜੀਬ ਖਾਂ ਨੇ ਟੋਡਰ ਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿਨੀ ਜਗ੍ਹਾ ਤੇ ਸੰਸਕਾਰ ਕਰਨਾ ਚਾਹੁੰਦੇ ਹਨ, ਉਨ੍ਹੀ ਜਗ੍ਹਾ ਤੇ ਸੋਨੇ ਦੀਆਂ ਮੋਹਰਾਂ ਵਿਛਾ ਦਿਉ ਅਤੇ ਟੋਡਰ ਮੱਲ ਨੇ 78 ਹਜ਼ਾਰ ਮੋਹਰਾਂ ਵਿਛਾ ਕੇ ਜਮੀਨ ਮੁਲ ਲਈ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਗਏ।




ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

☛ ਸ਼ਹੀਦੀ ਜੋੜ ਮੇਲਾ ਫ਼ਤਹਿਗੜ੍ਹ ਸਾਹਿਬ ਜੀ ਅਤੇ ਚਮਕੌਰ ਸਾਹਿਬ ਜੀ ☛ ਅਵਤਾਰ ਪੁਰਬ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ। ☛ ਸਲਾਨਾ ਬਰਸੀ ਦਮਦਮੀ ਟਕਸਾਲ ਦੇ ਪੰਦਰਵੇਂ ਮੁੱਖੀ ਸ੍ਰੀ ਮਾਨ ਸੰਤ ਬਾਬਾ ਠਾਕੁਰ ਸਿੰਘ ਸਾਹਿਬ ਜੀ ਭਿੰਡਰਾਂਵਾਲੇ। ☛ ਮਾਤਾ ਗੂਜ਼ਰ ਕੋਰ ਜੀ ਚਾਰ ਸਾਹਿਬਜ਼ਾਦਿਆਂ ਅਤੇ ਨਾਲ ਸਮੂਹ ਸਿੰਘਾਂ ਸ਼ਹੀਦੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ ।

**ਸ਼ਹੀਦੀਆਂ ਨੂੰ ਸਮਰਪਿਤ 2 ਅਖੰਡ ਪਾਠਾਂ ਦੀ ਸੇਵਾ 2 ਨਗਰ ਪਿੰਡ ਕਾਜ਼ਲਬੋਤਾਨੋ ਪਿੰਡ ਸੋਰੇਜੀਨਾ ਵੱਲੋਂ ਲਈ ਗਈ ਹੈ।**

ਸ਼੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਸ਼ਨਿੱਚਰਵਾਰ 27 ਦਸੰਬਰ 10 ਵਜੇ ਭੈਣਗੇ ਉਪਰੰਤ ਸਾਢੇ 12 ਵਜੇ ਤੱਕ ਦੀਵਾਨ ਸੱਜਣਗੇ • ਸ਼ਨਿੱਚਰਵਾਰ 27 ਦਸੰਬਰ ਸ਼ਾਮ 5 ਤੋਂ 8 :30 ਵਜੇ ਤੱਕ ਦੀਵਾਨ ਸੱਜਣਗੇ

ਦੂਸਰੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਐਤਵਾਰ 28 ਦਸੰਬਰ 11 ਵਜੇ ਭੋਗ ਪਾਏ ਜਾਣਗੇ। • ਐਤਵਾਰ 28 ਦਸੰਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12 :40 ਮਿੰਟ ਤੱਕ ਦੀਵਾਨ ਸੱਜਣਗੇ।

☛ ਕਥਾ ਵਾਚਕ ਗਿਆਨੀ ਰੂਪ ਸਿੰਘ ਜੀ ਦਮਦਮੀ ਟਕਸਾਲ ਵਾਲੇ। ☛ ਕਵੀਸ਼ਰੀ ਜਥਾ ਭਾਈ ਸੈਫ਼ ਸਿੰਘ ਜੀ ਬੈਰਗਾਮੋ ☛ ਕੀਰਤਨੀ ਜਥਾ ਭਾਈ ਹਰਜ਼ਸਨ ਸਿੰਘ ਜੀ ਕਰਮੋਨਾ ਵਾਲੇ । ☛ ਰਾਗੀ ਬੀਬੀ ਮਨਕਰਨ ਕੋਰ ਇਟਲੀ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

**ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।**

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778